12ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -12 ISSUE - 36
December 13, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਕੋਟਿ-ਕੋਟਿ ਪ੍ਰਣਾਮ।
(ਵਿਸਥਾਰ ਸਹਿਤ ਲੇਖ ਅੰਦਰ ਦੇਖੋ)

ਲਾਹੌਰ 'ਚ ਤਿੰਨ ਦਿਨਾ ਕੌਮਾਂਤਰੀ ਪੰਜਾਬੀ ਕਾਨਫਰੰਸ 20 ਦਸੰਬਰ ਤੋਂ




(ਹੋਰ ਜਾਣਕਾਰੀ ਲਈ ਅੰਦਰ ਦੇਖੋ)



ਸ੍ਰੀ ਗੁਰੂ ਰਵਿਦਾਸ ਗੁਰੂਘਰ ਫਰਿਜਨੋ (ਕੈਲੇਫੋਰਨੀਆਂ) ਵਿੱਖੇ ਡਾ. ਅੰਬੇਦਕਰ ਜੀ ਦੇ 67ਵੇਂ ਪਰਿਨਿਰਵਾਣ ਦਿਵਸ ਤੇ ਮੈਡੀਕਲ ਕੈਂਪ ਲਗਾਇਆ ਗਿਆ।
**(ਰਿਪੋਰਟ ਅਤੇ ਤਸਵੀਰਾਂ ਦੇਖੋ ਪੰਨਾ 3 'ਤੇ)**



ਭਾਰਤੀ ਸੰਵਿਧਾਨ ਦੀ ਸੁਰੱਖਿਆ ਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ
**(ਹੋਰ ਜਾਣਕਾਰੀ ਲਈ ਦੇਖੋ ਪੰਨਾ 27)**



**IVACC** ਦਾ ਸਲਾਨਾ ਸਮਾਰੋਹ ਸ਼ੁੱਕਰਵਾਰ ਦਸੰਬਰ 8, 2023 ਨੂੰ ਆਯੋਜਿਤ ਕੀਤਾ ਗਿਆ। **(ਹੋਰ ਜਾਣਕਾਰੀ ਲਈ ਦੇਖੋ ਸਫਾ 28)**

## ਭਾਜਪਾ ਨੇ ਤਿਆਗੇ ਚਰਚਿਤ ਚਿਹਰੇ

# ਗਰੀਬ ਵਰਗ ਅਤੇ ਹਿੰਦੂਤਵੀ ਵਿਚਾਰਧਾਰਾ ਨਾਲ ਜੁੜੇ ਰਹੇ ਭਾਜਪਾ ਦੇ ਨਵੇਂ ਮੁੱਖ ਮੰਤਰੀ



**ਨਵੀਂ ਦਿੱਲੀ (ਬਿਊਰੋ)** ਹਾਲ ਹੀ ਵਿੱਚ ਹੋਈਆਂ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਤਿੰਨ ਸੂਬਿਆਂ ਵਿੱਚ ਜਿੱਤ ਹਾਸਲ ਕੀਤੀ ਹੈ। ਇਹ ਤਿੰਨ ਸੂਬੇ ਹਨ - ਛੱਤੀਸਗੜ੍ਹ, ਰਾਜਸਥਾਨ ਅਤੇ ਮੱਧ ਪ੍ਰਦੇਸ਼। ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਪੁਰਾਣੇ ਚਰਚਿਤ ਚਿਹਰਿਆਂ ਦੀ ਥਾਂ ਭਾਜਪਾ ਨੇ ਨਵੇਂ ਨਾਵਾਂ ਦਾ ਮੁੱਖ ਮੰਤਰੀ ਦੇ ਅਹੁਦੇ ਲਈ ਐਲਾਨ ਕੀਤਾ ਹੈ। ਰਾਜਸਥਾਨ ਦੇ ਸਾਂਗਾਨੇਰ ਤੋਂ ਵਿਧਾਇਕ ਭਜਨ ਲਾਲ ਸ਼ਰਮਾ ਨੂੰ ਸੂਬੇ ਦਾ ਮੁੱਖ ਮੰਤਰੀ ਐਲਾਨਿਆ ਗਿਆ ਹੈ।

ਇਸ ਉੱਤੇ ਹੈਰਾਨੀ ਜ਼ਾਹਰ ਕੀਤੀ ਜਾ ਰਹੀ ਹੈ। ਮੱਧ ਪ੍ਰਦੇਸ਼ ਦੇ ਭਾਜਪਾ ਵੱਲੋਂ ਮੁੱਖ ਮੰਤਰੀ ਰਹੇ ਸ਼ਿਵਰਾਜ ਸਿੰਘ ਚੌਹਾਨ ਨੂੰ ਹੀ ਨਵੇਂ ਮੁੱਖ ਮੰਤਰੀ ਦੀ ਦੌੜ ਵਿੱਚ ਸਭ ਤੋਂ ਮਜ਼ਬੂਤ ਮੰਨਿਆ ਜਾ ਰਿਹਾ ਸੀ। ਪਰ ਸੋਮਵਾਰ ਨੂੰ ਭਾਜਪਾ ਨੇ ਮੋਹਨ ਯਾਦਵ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਉਣ ਦਾ ਐਲਾਨ ਕੀਤਾ ਹੈ। ਉੱਧਰ ਛੱਤੀਸਗੜ੍ਹ ਵਿੱਚ ਭਾਜਪਾ ਨੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਨੂੰ ਮੁੱਖ ਮੰਤਰੀ ਨਾ ਬਣਾ ਕੇ ਇੱਕ ਅਦਿਵਾਸੀ ਆਗੂ ਵਿਸ਼ਣੂਦੇਵ ਸਾਏ ਨੂੰ ਮੁੱਖ ਮੰਤਰੀ ਬਣਾਉਣ ਦਾ ਐਲਾਨ ਕੀਤਾ ਹੈ।

**ਤੇਲੰਗਾਨਾ ਵਿੱਚ ਕਾਂਗਰਸ ਨੇ ਜਿੱਤ ਹਾਸਲ ਕਰਕੇ ਰੇਵੰਥ ਰੈੱਡੀ ਨੂੰ ਮੁੱਖ ਮੰਤਰੀ ਬਣਾਇਆ ਹੈ। ਮਿਜ਼ੋਰਮ ਵਿੱਚ ਜ਼ੋਰਮ ਪੀਪਲਸ ਮੂਵਮੈਂਟ ਦੇ ਲਾਲਡੂਹੋਮਾ ਮੁੱਖ ਮੰਤਰੀ ਬਣੇ ਹਨ।**

*ਰਾਜਸਥਾਨ ਦੇ ਸੀਐੱਮ ਭਜਨ ਲਾਲ ਸ਼ਰਮਾ*

ਰਾਜਸਥਾਨ ਦੇ ਮੁੱਖ ਮੰਤਰੀ ਵਜੋਂ ਭਜਨ ਲਾਲ ਸ਼ਰਮਾ ਦਾ ਐਲਾਨ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਬਤੌਰ ਮੁੱਖ ਮੰਤਰੀ ਨਾ ਦਾ ਮਤਾ ਵਸੁੰਧਰਾ ਰਾਜੇ ਨੇ ਰੱਖਿਆ। ਉਹ ਸੂਬੇ ਦੀ ਸਾਂਗਾਨੇਰ ਵਿਧਾਨ ਸਭਾ ਸੀਟ ਤੋਂ ਪਹਿਲੀ ਵਾਰ ਵਿਧਾਇਕ ਬਣੇ ਹਨ। ਮੁੱਖ ਮੰਤਰੀ ਤੋਂ ਇਲਾਵਾ ਰਾਜਸਥਾਨ ਵਿੱਚ ਦੋ ਡਿਪਟੀ ਸੀਐੱਮ ਵੀ ਹੋਣਗੇ। ਡਿਪਟੀ ਸੀਐੱਮ ਦੇ ਅਹੁਦੇ ਉੱਤੇ ਪ੍ਰੇਮ ਚੰਦ ਬੈਰਵਾ ਅਤੇ ਦੀਆ ਸਿੰਘ ਹੋਣਗੇ। ਵਾਸੁਦੇਵ ਦੇਵਨਾਨੀ ਰਾਜਸਥਾਨ ਵਿਧਾਨ ਸਭਾ ਦੇ ਸਪੀਕਰ ਹੋਣਗੇ। ਮੁੱਖ ਮੰਤਰੀ ਬਣਨ ਵਾਲੇ ਭਜਨ ਲਾਲ ਸ਼ਰਮਾ ਭਰਤਪੁਰ ਦੇ ਰਹਿਣ ਵਾਲੇ ਹਨ ਅਤੇ ਸੂਬੇ ਵਿੱਚ ਭਾਜਪਾ ਦੇ

**(ਬਾਕੀ ਸਫਾ 4 'ਤੇ)**

# ਭਾਰਤੀ-ਅਮਰੀਕੀ ਵਿਦਿਆਰਥਣ 'ਮਿਸ ਇੰਡੀਆ ਯੂਐੱਸਏ 2023' ਬਣੀ

**ਵਾਸ਼ਿੰਗਟਨ-** ਅਮਰੀਕਾ ਦੇ ਮਿਸ਼ੀਗਨ 'ਚ ਮੈਡੀਕਲ ਦੀ ਪੜ੍ਹਾਈ ਕਰ ਰਹੀ ਵਿਦਿਆਰਥਣ ਰਿਜੁਲ ਮੈਨੀ ਨੂੰ ਨਿਊ ਜਰਸੀ 'ਚ ਕਰਵਾਏ ਗਏ ਸਾਲਾਨਾ ਮੁਕਾਬਲੇ 'ਚ 'ਮਿਸ ਇੰਡੀਆ ਯੂਐੱਸਏ 2023' ਦਾ ਤਾਜ ਪਹਿਨਾਇਆ ਗਿਆ। ਮੁਕਾਬਲੇ ਦੌਰਾਨ ਮੈਸਾਚੁਐਸਟਸ ਦੀ ਸਨੇਹਾ ਨਾਂਬਿਆਰ ਨੇ 'ਮਿਸੇਜ ਇੰਡੀਆ ਯੂਐੱਸਏ' ਅਤੇ ਪੈਨਸਿਲਵੇਨੀਆ ਦੀ ਸਲੋਨੀ ਰਾਮਮੋਹਨ ਨੇ 'ਮਿਸ ਟੀਨ ਇੰਡੀਆ ਯੂਐੱਸਏ' ਦਾ ਖ਼ਿਤਾਬ ਜਿੱਤਿਆ। ਭਾਰਤ ਦੇ ਬਾਹਰ ਲੰਮੇ ਸਮੇਂ ਤੋਂ



ਚੱਲ ਰਿਹਾ ਇਹ ਮੁਕਾਬਲਾ ਇਸ ਸਾਲ ਆਪਣੀ 41ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਇਸ ਦੀ ਸ਼ੁਰੂਆਤ ਨਿਊਯਾਰਕ ਸਥਿਤ ਭਾਰਤੀ-ਅਮਰੀਕੀ ਧਰਮਾਤਮਾ ਸਰਨ ਤੇ ਨੀਲਮ ਸਰਨ ਨੇ 'ਵਰਲਡਵਾਈਡ ਪੇਜੈਂਟਸ' ਦੇ ਬੈਨਰ ਹੇਠ ਕੀਤੀ ਸੀ। ਮੈਨੀ (24 ਸਾਲ) ਇੱਕ ਮੈਡੀਕਲ ਵਿਦਿਆਰਥਣ ਤੇ ਮਾਡਲ ਹੈ। ਇੱਕ ਪ੍ਰੈੱਸ ਬਿਆਨ 'ਚ ਕਿਹਾ ਗਿਆ ਹੈ ਕਿ ਉਹ ਸਰਜਨ ਬਣਨਾ ਚਾਹੁੰਦੀ ਹੈ ਅਤੇ ਹਰ ਥਾਂ ਮਹਿਲਾਵਾਂ ਲਈ ਇੱਕ ਰੋਲ ਮਾਡਲ ਵਜੋਂ ਕੰਮ ਕਰਨ ਦੀ ਇੱਛਾ ਰੱਖਦੀ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਦਸੰਬਰ ਮਹੀਨੇ ਦੇ ਪ੍ਰੋਗਰਾਮ

**December 31, 2023**

**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**

**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

For STALLS or any SEWA, please contact :
President Vinod Kumar at (408) 718-2506 or Chairman Ramesh Suman at (925) 366-3618

**Sangat Sewadars** www.sriguruavidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |




# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਡਾ. ਅੰਬੇਡਕਰ ਦੇ 67ਵੇਂ ਪਰਿਨਿਰਵਾਣ ਦਿਵਸ ਤੇ ਮੈਡੀਕਲ ਕੈਂਪ ਲਗਾਇਆ ਗਿਆ
















**ਫਰਿਜਨੋ-** ਸ਼੍ਰੀ ਗੁਰੂ ਰਵਿਦਾਸ ਗੁਰੂਘਰ ਫਰਿਜਨੋ ਕੈਲੇਫੋਰਨੀਆਂ ਵਿੱਚ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਜੀ ਦੇ 67ਵੇਂ ਪਰਿਨਿਰਵਾਣ ਦਿਵਸ ਤੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਉਹਨਾਂ ਦੀ ਯਾਦ ਨੂੰ ਸਮਰਪਿਤ ਮੈਡੀਕਲ ਕੈਂਪ ਲਗਾਇਆ ਗਿਆ।

ਮੈਡੀਕਲ ਕੈਂਪ ਵਿੱਚ ਬਹੁਜਨ ਸਮਾਜ ਨੂੰ ਸਮਰਪਤ ਡਾ ਨਿਰਮਲ ਸਿੰਘ ਭੱਟੀ (MD) ਅਤੇ ਡਾ ਸੁਰਦੀਪ ਸਿੰਘ (DDS) ਨੇਂ ਸੇਵਾਵਾਂ ਦਿੱਤੀਆਂ। ਡਾ ਸੁਰਦੀਪ ਸਿੰਘ ਜੀ ਨੇ ਸਲਾਇਡਾਂ ਨਾਲ ਸੰਗਤ ਨੂੰ ਆਪਣੇ ਦੰਦਾਂ ਦੀ ਸਾਂਭ ਸੰਭਾਲ ਕਿਵੇਂ ਕਰਨੀ ਹੈ ਵਾਰੇ ਵਿਸਥਾਰ ਨਾਲ ਸਮਝਾਇਆ। ਆਪਣੇ ਵਿਚਾਰ ਦਿੰਦਿਆਂ ਮੁੱਖ ਸੇਵਾਦਾਰ ਅਮਰ ਦੜੋਚ ਸਕੱਤਰ ਕੁਲਦੀਪ ਸਿੰਘ ਬੰਗੜ ਸਾਬਕਾ ਚੇਅਰਮੈਨ ਰਾਜਿੰਦਰ ਮੋਮੀ ਜੀ ਨੇ ਬਾਬਾ ਸਾਹਿਬ ਵਾਰੇ ਜਾਣਕਾਰੀ ਦਿੰਦਿਆ ਉਹਨਾ ਦੀਆਂ ਸਿੱਖਿਆਵਾਂ ਨੂੰ ਆਪਣੀ ਜਿੰਦਗੀ ਦਾ ਹਿੱਸਾ ਬਣਾਉਣ ਲਈ ਕਿਹਾ। ਅੰਤ ਵਿੱਚ ਪ੍ਰਬੰਧਕ ਕਮੇਟੀ ਵਲੋਂ ਡਾ ਸਾਹਿਬਾਨਾਂ ਦਾ ਸੇਵਾਵਾਂ ਲਈ ਧੰਨਵਾਦ ਕਰਦਿਆਂ ਪਰੋਗਰਾਮ ਦੀ ਸਮਾਪਤੀ ਕੀਤੀ ਗਈ।



# ਗਰੀਬ ਪਰਿਵਾਰ ਅਤੇ ਹਿੰਦੂਤਵੀ ਵਿਚਾਰਧਾਰਾ ਨਾਲ ਜੁੜੇ ਰਹੇ ਭਾਜਪਾ ਦੇ ਨਵੇਂ ਮੁੱਖ ਮੰਤਰੀ

(ਸਫਾ 1 ਦੀ ਬਾਕੀ)

ਜਨਰਲ ਸਕੱਤਰ ਹਨ। ਇਸ ਵਾਰ ਵਿਧਾਨ ਸਭਾ ਚੋਣਾਂ ਵਿੱਚ ਉਹ 48 ਹਜ਼ਾਰ ਵੋਟਾਂ ਨਾਲ ਜਿੱਤੇ ਹਨ। ਭਜਨ ਨਾਲ ਦਾ ਪਿਛੋਕੜ ਆਰਐੈਸਐੈਸ ਦਾ ਹੈ।

**ਮੋਹਨ ਯਾਦਵ ਕੌਣ ਹਨ**

ਸੋਮਵਾਰ ਨੂੰ ਮੋਹਨ ਯਾਦਵ ਨੂੰ ਪਾਰਟੀ ਵਿਧਾਇਕ ਦਲ ਦਾ ਆਗੂ ਚੁਣਿਆ ਗਿਆ, ਇਸ ਮਗਰੋਂ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ। ਸੂਬੇ ਵਿੱਚ ਦੋ ਡਿਪਟੀ ਮੁੱਖ ਮੰਤਰੀ ਹੋਣਗੇ, ਜਗਦੀਸ਼ ਦੇਵੜਾ ਅਤੇ ਰਾਜਿੰਦਰ ਸ਼ੁਕਲਾ ਜਦਕਿ ਵਿਧਾਨ ਸਭਾ ਦਾ ਸਪੀਕਰ ਨਰਿੰਦਰ ਸਿੰਘ ਤੋਮਰ ਨੂੰ ਬਣਾਇਆ ਗਿਆ ਹੈ। ਮੋਹਨ ਯਾਦਵ ਤੀਜੀ ਵਾਰੀ ਵਿਧਾਇਕ ਬਣੇ ਹਨ, ਉਹ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਵਿੱਚ ਉੱਚ ਸਿੱਖਿਆ ਦੇ ਮੰਤਰੀ ਸਨ। ਭਾਜਪਾ ਨੇ ਮੱਧ ਪ੍ਰਦੇਸ ਵਿੱਚ 230 ਵਿਧਾਨ ਸਭਾ ਸੀਟਾਂ ਵਿੱਚੋਂ 163 ਉੱਤੇ ਜਿੱਤ ਹਾਸਲ ਕੀਤੀ ਹੈ। ਭਾਜਪਾ ਨੇ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦੇ ਤੌਰ 'ਤੇ ਕਿਸੇ ਆਗੂ ਦਾ ਨਾਂਅ ਸਾਹਮਣੇ ਨਹੀਂ ਰੱਖਿਆ ਸੀ। ਮੋਹਨ ਯਾਦਵ ਨੂੰ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਨਜ਼ਦੀਕੀ ਦੱਸਿਆ ਜਾ ਰਿਹਾ ਹੈ।

ਉਹ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਨਾਲ ਵੀ ਜੁੜੇ ਰਹੇ ਹਨ। ਉਹ ਮੱਧ ਪ੍ਰਦੇਸ਼ ਕੁਸ਼ਤੀ ਐਸੋਸੀਏਸ਼ਨ ਦੇ ਪ੍ਰਧਾਨ ਹਨ। ਭਾਜਪਾ ਦੀ ਜਿੱਤ ਤੋਂ ਬਾਅਦ ਕਿਸੇ ਨੂੰ ਵੀ ਇਹ ਅੰਦਾਜ਼ਾ ਨਹੀਂ ਸੀ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਐਲਾਨਿਆ ਜਾਵੇਗਾ। ਮੋਹਨ ਯਾਦਵ 2013 ਵਿੱਚ ਪਹਿਲੀ ਵਾਰੀ ਵਿਧਾਇਕ ਬਣਨ ਤੋਂ ਪਹਿਲਾਂ ਕੈਬਨਿਟ ਰੈਂਕ ਦੇ ਵੱਖ-ਵੱਖ ਰਾਜਨੀਤਕ ਅਹੁਦਿਆਂ 'ਤੇ ਰਹੇ ਸਨ। ਉਹ ਦੋਵੇਂ ਵਾਰੀ ਦੱਖਣੀ ਉੱਜੈਨ ਹਲਕੇ ਤੋਂ ਵਿਧਾਇਕ ਬਣੇ ਸਨ, 2020 ਵਿੱਚ ਉਨ੍ਹਾਂ ਨੂੰ ਉੱਚ ਸਿੱਖਿਆ ਮੰਤਰੀ ਬਣਾਇਆ ਗਿਆ ਸੀ। ਮੀਡੀਆ ਰਿਪੋਰਟਾਂ ਦੇ ਮੁਤਾਬਕ ਵਿਧਾਇਕਾਂ ਦੀ ਬੈਠਕ ਵਿੱਚ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮੋਹਨ ਯਾਦਵ ਦੇ ਨਾਂਅ ਦਾ ਮਤਾ ਪੇਸ਼ ਕੀਤਾ ਸੀ। ਰਾਜਨੀਤਕ ਮਾਹਰਾਂ ਦਾ ਕਹਿਣਾ ਹੈ ਕਿ ਮੋਹਨ ਯਾਦਵ ਦੀ ਮੁੱਖ ਮੰਤਰੀ ਵਜੋਂ ਚੋਣ ਕਈ ਅਹਿਮ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਹੈ। ਬਿਹਾਰ ਵਿੱਚ ਜਾਤ ਸਰਵੇ ਦੇ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਵਿਰੋਧੀ ਦਲਾਂ ਦਾ ਗਠਜੋੜ 'ਇੰਡੀਆ' ਅਤੇ ਕਾਂਗਰਸ ਪਾਰਟੀ ਹੋਰ ਪਿਛੜੇ ਵਰਗਾਂ(ਓਬੀਸੀ) ਦਾ ਮੁੱਦਾ ਚੁੱਕ ਰਹੀ ਹੈ।

ਸ਼ਿਵਰਾਜ ਸਿੰਘ ਚੌਹਾਨ ਓਬੀਸੀ ਹਨ ਅਤੇ ਉਨ੍ਹਾਂ ਦੀ ਥਾਂ ਲੈਣ ਵਾਲੇ ਮੋਹਨ ਯਾਦਵ ਵੀ ਓਬੀਸੀ ਹਨ। ਜਾਣਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਉਂਦਿਆਂ ਭਾਜਪਾ ਦੀ ਨਜ਼ਰ ਬਿਹਾਰ ਅਤੇ ਉੱਤਰ ਪ੍ਰਦੇਸ਼ 'ਤੇ ਵੀ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਸ਼ਿਵਰਾਜ ਸਿੰਘ ਚੌਹਾਨ ਦੇ ਲਗਾਤਾਰ ਮੁੱਖ ਮੰਤਰੀ ਰਹਿਣ ਨਾਲ ਸਰਕਾਰ ਦੇ ਖ਼ਿਲਾਫ਼ ਜਿਹੜੀ ਐਂਟੀ ਇਨਕੰਬੈਂਸੀ ਬਣੀ ਸੀ ਨਵਾਂ ਚਿਹਰਾ ਲਿਆ ਕਿ ਭਾਜਪਾ ਇਸ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।

**ਪੰਚ ਤੋਂ ਮੁੱਖ ਮੰਤਰੀ ਬਣੇ ਆਦਿਵਾਸੀ ਆਗੂ ਵਿਸ਼ਣੂਦੇਵ ਸਾਏ**

ਛੱਤੀਸਗੜ੍ਹ ਵਿੱਚ ਭਾਜਪਾ ਨੇ ਆਦਿਵਾਸੀ ਆਗੂ ਵਿਸ਼ਣੂਦੇਵ ਸਾਏ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਚੁਣਿਆ ਹੈ। ਐਤਵਾਰ ਨੂੰ ਵਿਧਾਇਕ ਦਲ ਦੇ ਆਗੂ ਚੁਣੇ ਜਾਣ ਤੋਂ ਬਾਅਦ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨ ਦੇ ਲਈ ਵਿਸ਼ਣੂਦੇਵ ਸਾਏ ਸ਼ਾਮ ਨੂੰ ਹੀ ਰਾਜਭਵਨ ਪਹੁੰਚ ਗਏ ਸਨ। ਵਿਸ਼ਣੂਦੇਵ ਸਾਏ ਚਾਰ ਵਾਰੀ ਸੰਸਦ ਮੈਂਬਰ, ਤਿੰਨ ਵਾਰੀ ਵਿਧਾਇਕ, ਛੱਤੀਸਗੜ੍ਹ ਭਾਜਪਾ ਦੇ ਪ੍ਰਧਾਨ ਹੋਣ ਦੇ ਨਾਲ-ਨਾਲ ਕੇਂਦਰ ਸਰਕਾਰ ਵਿੱਚ ਰਾਜ ਮੰਤਰੀ ਰਹਿ ਚੁੱਕੇ ਹਨ। 26 ਸਾਲ ਦੀ ਉਮਰ ਵਿੱਚ ਵੀ ਪਹਿਲੀ ਵਾਰੀ ਵਿਧਾਇਕ ਬਣਨ ਵਿਸ਼ਣੂਦੇਵ ਸਾਏ ਦੇ ਦਾਦਾ ਅਤੇ ਦੋ ਤਾਏ ਵੀ ਵਿਧਾਇਕ ਸੰਸਦ ਰਹਿ ਚੁੱਕੇ ਹਨ।

ਵਿਸ਼ਣੂਦੇਵ ਸਾਏ ਨੇ ਤਾਜ਼ਾ ਚੋਣਾਂ ਕੁਨਕੁਰੀ ਵਿਧਾਨਸਭਾ ਸੀਟ ਤੋਂ ਲੜੀਆਂ ਸੀ, ਇੱਥੇ ਉਨ੍ਹਾਂ ਨੇ 25 ਹਜ਼ਾਰ ਵੋਟਾਂ 'ਤੇ ਜਿੱਤ ਦਰਜ ਕੀਤੀ ਹੈ। ਉਨ੍ਹਾਂ ਨੂੰ ਛੱਤੀਸੜ੍ਹ ਦੇ ਮੁੱਖ ਮੰਤਰੀ ਰਹਿ ਚੁੱਕੇ ਰਮਨ ਸਿੰਘ ਦਾ ਕਰੀਬੀ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਇੱਕ ਸ਼ਾਂਤ ਅਤੇ ਘੱਟ ਬੋਲਣ ਵਾਲੇ ਆਗੂ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਚੋਣ ਪ੍ਰਚਾਰ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਨਤਕ ਤੌਰ 'ਤੇ ਇਹ ਐਲਾਨ ਕੀਤਾ ਸੀ ਕਿ "ਤੁਸੀਂ ਇਨ੍ਹਾਂ ਨੂੰ ਵਿਧਾਇਕ ਬਣਾਓ ਤੇ ਮੈਂ ਇਨ੍ਹਾਂ ਨੂੰ ਵੱਡਾ ਆਦਮੀ ਬਣਾਵਾਂਗਾ।" 32 ਫ਼ੀਸਦ ਆਦਿਵਾਸੀ ਆਬਾਦੀ ਵਾਲੇ ਛੱਤੀਸਗੜ੍ਹ ਦੀ ਵਿਧਾਨਸਭਾ ਵਿੱਚ ਅਦਿਵਾਸੀ ਵਰਗ ਦੇ ਲਈ ਰਾਖਵੀਆਂ 29 ਸੀਟਾਂ ਵਿੱਚੋਂ 17 'ਤੇ ਭਾਜਪਾ ਦੇ ਕਬਜ਼ੇ ਤੋਂ ਬਾਅਦ ਮੰਨਿਆ ਜਾ ਰਿਹਾ ਸੀ ਕਿ ਕਿਸੇ ਆਦਿਵਾਸੀ ਵਿਧਾਇਕ ਨੂੰ ਭਾਜਪਾ ਮੁੱਖ ਮੰਤਰੀ ਜਾਂ ਉੱਪ ਮੁੱਖ ਮੰਤਰੀ ਬਣਾ ਸਕਦੀ ਹੈ।

ਜਿਸ ਸਰਗੁਜਾ ਡਿਵੀਜ਼ਨ ਵਿੱਚੋਂ ਜਿੱਤ ਕੇ ਵਿਸ਼ਣੂਦੇਵ ਸਾਏ ਵਿਧਾਨ ਸਭਾ ਪਹੁੰਚੇ ਹਨ, ਉੱਥੇ ਦੀਆਂ 14 ਸੀਟਾਂ ਉੱਤੇ ਭਾਜਪਾ ਦੇ ਉ-ਮੀਦਵਾਰ ਜਿੱਤ ਕੇ ਆਏ ਹਨ। ਉਸ ਤੋਂ ਬਾਅਦ ਹੀ ਵਿਸ਼ਣੂਦੇਵ ਸਾਏ ਨੂੰ ਮੁੱਖ ਮੰਤਰੀ ਬਣਾਏ ਜਾਣ ਦੀ ਚਰਚਾ ਸ਼ੁਰੂ ਹੋ ਗਈ ਸੀ। ਰਾਜਨੀਤਕ ਆਗੂਆਂ ਦਾ ਮੰਨਣਾ ਹੈ ਕਿ ਵਿਸ਼ਣੂਦੇਵ ਸਾਏ ਨੂੰ ਮੁੱਖ ਮੰਤਰੀ ਬਣਾਏ ਜਾਣ ਦਾ ਲਾਹਾ ਗੁਆਂਢੀ ਸੂਬੇ ਝਾਰਖੰਡ ਅਤੇ ਓਡੀਸ਼ਾ ਵਿੱਚ ਭਾਜਪਾ ਨੂੰ ਮਿਲ ਸਕਦਾ ਹੈ। ਰਾਜਨੀਤਕ ਮਾਹੌਲ ਵਿੱਚ ਵੱਡੇ ਹੋਏ ਵਿਸ਼ਣੂਦੇਵ ਸਾਏ ਨੇ ਆਪਣੀ 10ਵੀਂ ਜਮਾਤ ਤੱਕ ਦੀ ਪੜ੍ਹਾਈ ਕੁਨਕੁਰੀ ਨੇ ਲੋਇਲਾ ਦੇ ਸੈਕੰਡਰੀ ਸਕੂਲ ਤੋਂ ਕੀਤੀ ਹੈ।

ਉਹ ਪਹਿਲੀ ਵਾਰੀ 1989 ਵਿੱਚ ਜਸ਼ਪੁਰ ਜ਼ਿਲ੍ਹੇ ਦੇ ਬਗਿਆ ਪਿੰਡ ਤੋਂ ਪਹਿਲੀ ਵਾਰੀ ਪੰਚ ਚੁਣੇ ਗਏ ਅਤੇ ਅਗਲੇ ਸਾਲ ਉਨ੍ਹਾਂ ਨੂੰ ਸਰਪੰਚ ਚੁਣਿਆ ਗਿਆ ਸੀ। ਉਹ ਅਣਵੰਡੇ ਮੱਧਪ੍ਰਦੇਸ਼ ਤੋਂ 1990 ਵਿੱਚ ਪਹਿਲੀ ਵਾਰੀ ਵਿਧਾਨਸਭਾ ਪਹੁੰਚੇ ਸਨ। ਉਨ੍ਹਾਂ ਨੇ 1999 ਵਿੱਚ ਪਹਿਲੀ ਵਾਰੀ ਵਿਧਾਨ ਸਭਾ ਲਈ ਚੋਣ ਲਈ ਅਤੇ ਸੰਸਦ ਮੈਂਬਰ ਬਣੇ। 1999 ਤੋਂ 2014 ਤੱਕ ਉਹ ਲਗਾਤਾਰ ਸੰਸਦ ਮੈਂਬਰ ਬਣਦੇ ਰਹੇ। 2014 ਵਿੱਚ ਉਨ੍ਹਾਂ ਨੂੰ ਮੋਦੀ ਸਰਕਾਰ ਵਿੱਚ ਪਹਿਲੀ ਵਾਰੀ ਕੇਂਦਰੀ ਸਟੀਨ, ਖਾਨ, ਮਜ਼ਦੂਰ ਅਤੇ ਰੋਜ਼ਗਾਰ ਰਾਜ ਮੰਤਰੀ ਬਣਾਇਆ ਗਿਆ।

# ਬਰਤਾਨੀਆ ਆਮ ਚੋਣਾਂ: ਕੰਜ਼ਰਵੇਟਿਵ ਪਾਰਟੀ ਨੇ ਭਾਰਤੀ ਮੂਲ ਦੇ ਡਾਕਟਰ ਨੂੰ ਉਮੀਦਵਾਰ ਚੁਣਿਆ

**ਲੰਡਨ-** ਬਰਤਾਨਵੀ-ਭਾਰਤੀ ਡਾਕਟਰ ਵਿਨੈ ਰਾਨੀਗਾ, ਜਿਨ੍ਹਾਂ ਦੰਦਾਂ ਦੇ ਡਾਕਟਰਾਂ ਨੂੰ ਸਿਖਲਾਈ ਦੇਣ ਲਈ ਇੱਕ ਵਿੱਦਿਅਕ ਚੈਰਿਟੀ ਸੰਸਥਾ ਦੀ ਸਥਾਪਨਾ ਕੀਤੀ ਸੀ, ਨੂੰ 2024 'ਚ ਹੋਣ ਵਾਲੀਆਂ ਬਰਤਾਨੀਆ ਦੀਆਂ ਆਮ ਚੋਣਾਂ ਵਿੱਚ ਆਕਸਫੋਰਡ ਤੋਂ ਚੋਣ ਲੜਨ ਲਈ ਕੰਜ਼ਰਵੇ-ਟਿਵ ਪਾਰਟੀ ਵੱਲੋਂ ਸੰਸਦੀ ਉਮੀਦਵਾਰ ਵਜੋਂ ਚੁਣਿਆ ਗਿਆ ਹੈ। 30 ਸਾਲਾ ਡੈਂਟਲ ਸਰਜਨ ਨੇ ਸੋਸ਼ਲ ਮੀਡੀਆ 'ਤੇ ਆਕਸਫੋਰਡ ਵੈਸਟ ਅਤੇ ਐਬਿੰਗਡਨ ਚੋਣ ਹਲਕੇ ਤੋਂ ਆਪਣੀ ਚੋਣ ਹੋਣ ਦੀ ਜਾਣਕ-ਾਰੀ ਸਾਂਝੀ ਕੀਤੀ ਹੈ ਅਤੇ ਉਹ ਇਸੇ ਇਲਾਕੇ 'ਚ ਰਹਿੰਦੇ ਵੀ ਹਨ। ਕੌਮੀ ਸਿਹਤ ਸੇਵਾਵਾਂ (ਐਨਐੈਚਐੈਸ) ਨਾਲ ਜੁੜੇ ਹੋਏ ਡਾ। ਰਾਨੀਗਾ ਨੇ ਉਮੀਦ ਜ਼ਾਹਿਰ ਕੀਤੀ ਕਿ ਉਹ ਸਰਕਾਰੀ ਸਿਹਤ ਸੇਵਾਵਾਂ ਲਈ ਕੰਮ ਕਰਨਾ ਜਾਰੀ ਰੱਖਣਗੇ ਅਤੇ ਉਨ੍ਹਾਂ ਆਪਣੀ ਚੋਣ ਮੁਹਿੰਮ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਪਿਛਲੇ ਹਫ਼ਤੇ ਐਕਸ 'ਤੇ ਪੋਸਟ ਕੀਤਾ, 'ਜਨਤਾ ਦੀ ਸੇਵਾ ਇੱਕ ਮਾਣ ਵਾਲੀ ਗੱਲ ਤੇ ਗੰਭੀਰ ਜ਼ਿੰਮੇਵਾਰੀ ਹੈ। ਮੈਂ ਕੌਮੀ ਸਿਹਤ ਸੇਵਾਵਾਂ ਤਹਿਤ ਆਪਣੇ ਮਰੀਜ਼ਾਂ ਨੂੰ ਸੇਵਾਵਾਂ ਦਿੱਤੀਆਂ ਤੇ ਹੁਣ ਸਮਾਂ ਆਕਸਫੋਰਡ ਵੈਸਟ ਤੇ ਐਬਿੰਗਡਨ ਤੋਂ ਸੇਵਾਵਾਂ ਦੇਣ ਦਾ ਹੈ।' ਉਨ੍ਹਾਂ ਕਿਹਾ, 'ਜਿਸ ਜਗ੍ਹਾ ਮੈਂ ਰਹਿ-ਂਦਾ ਹਾਂ, ਕੰਮ ਕਰਦਾ ਹਾਂ ਅਤੇ ਪੜ੍ਹਾਈ ਕਰਦਾ ਹਾਂ, ਉੱਥੋਂ ਚੋਣ ਲੜਨ ਲਈ ਸਥਾਨਕ ਲੋਕਾਂ ਵੱਲੋਂ ਮੇਰੇ 'ਤੇ ਭਰੋਸਾ ਕੀਤਾ ਜਾਣਾ ਮੇਰੇ ਲਈ ਸਨਮਾਨ ਦੀ ਗੱਲ ਹੈ। ਮੈਂ ਤੁਹਾਡੇ 'ਚੋਂ ਕਈ ਲੋਕਾਂ ਨੂੰ ਮਿਲਣ, ਸੁਣਨ ਅਤੇ ਤੁਹਾਡੀ ਸੇਵਾ ਕਰਨ ਲਈ ਉਤਸ਼ਾਹਿਤ ਹਾਂ।'



# ਲੋਕ ਸਭਾ ਦੀ ਦਰਸ਼ਕ ਗੈਲਰੀ 'ਚੋਂ 2 ਨੌਜਵਾਨਾਂ ਨੇ ਸਦਨ 'ਚ ਛਾਲ ਮਾਰੀ

**ਨਵੀਂ ਦਿੱਲੀ-** ਸੰਸਦੀ ਸੁਰੱਖਿਆ ਵਿੱਚ ਅੱਜ ਉਸ ਵੇਲੇ ਵੱਡੀ ਖਾਮੀ ਸਾਹਮਣੇ ਆਈ ਜਦੋਂ ਲੋਕ ਸਭਾ ਦੀ ਕਾਰਵਾਈ ਦੌਰਾਨ ਨੌਜਵਾਨਾਂ ਨੇ ਦਰਸ਼ਕ ਗੈਲਰੀ 'ਚੋਂ ਸਦਨ ਵਿੱਚ ਛਾਲ ਮਾਰ ਦਿੱਤੀ। ਇਕ ਨੌਜਵਾਨ ਸੰਸਦ ਮੈਂਬਰਾਂ ਦੇ ਬੈਂਚਾਂ ਤੋਂ ਛਾਲਾਂ ਮਾਰਦਾ ਰਿਹਾ। ਬਾਊਂਸਰਾਂ ਤੇ ਸੁਰੱਖਿਆ ਅਮਲੇ ਨੇ ਉਨ੍ਹਾਂ ਨੂੰ ਫੜ ਲਿਆ। ਇਸ ਤੋਂ ਬਾਅਦ ਸਦਨ ਦੀ ਕਾਰਵਾਈ ਬਾਅਦ ਦੁਪਹਿਰ ਦੋ ਵਜੇ ਤੱਕ ਮੁਲਤਵੀ ਕਰ ਦਿੱਤੀ। ਕੁਝ ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਸਦਨ ਵਿੱਚ ਛਾਲ ਮਾਰਨ ਵਾਲਿਆਂ ਨੇ ਕੋਈ ਪਦਾਰਥ ਛਿੜਕਿਆ, ਜਿਸ ਕਾਰਨ ਗੈਸ ਫੈਲ ਗਈ। ਇਸ ਦੌਰਾਨ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਦੋਵਾਂ ਨੌਜਵਾਨਾਂ ਨੂੰ ਕਾਬੂ ਕਰ ਲਿਆ ਹੈ ਤੇ ਜਾਂਚ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵੱਲੋਂ ਸਦਨ ਅੰਦਰ ਛੱਡਿਆ ਧੂੰਆਂ ਸਧਾਰਨ ਸੀ ਤੇ ਇਸ ਤੋ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ।




SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION


PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

## ਸੱਚਖੰਡ ਵਾਸੀ 108 ਸ੍ਰੀਮਾਨ ਸੰਤ ਬਾਬਾ ਗੋਬਿੰਦ ਦਾਸ ਜੀ ਦਾ ਆਗਮਨ ਦਿਵਸ 31 ਦਸੰਬਰ ਨੂੰ ਮਨਾਇਆ ਜਾਵੇਗਾ



**ਪਿਟਸਬਰਗ (ਕੈਲੇਫੋਰਨੀਆ)–** ਮਹਾਨ ਪਰਉਪਕਾਰੀ, ਨਾਮ ਦੇ ਰਸੀਏ, ਬ੍ਰਹਮ ਗਿਆਨੀ ਸੱਚਖੰਡ ਵਾਸੀ 108 ਸ੍ਰੀਮਾਨ ਸੰਤ ਬਾਬਾ ਗੋਬਿੰਦ ਦਾਸ ਜੀ ਮਹਾਰਾਜ ਦਾ 130ਵਾਂ ਆਗਮਨ ਦਿਵਸ ਅਮਰੀਕਾ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ 2150 Crestview Dr, Pittsburg, CA ਵਿਖੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਸਾਹਿਬ 29 ਦਸੰਬਰ 2023 ਦਿਨ ਸ਼ੁੱਕਰਵਾਰ ਨੂੰ ਆਰੰਭ ਹੋਣਗੇ, ਜਿਹਨਾਂ ਦੇ ਭੋਗ 31 ਦਸੰਬਰ 2023 ਦਿਨ ਐਤਵਾਰ ਨੂੰ 11 ਵਜੇ ਪਾਏ ਜਾਣਗੇ, ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਜੀ ਗੁਰਬਾਣੀ ਕਥਾ-ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਤਿੰਨੇ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

ਵਧੇਰੇ ਜਾਣਕਾਰੀ ਲਈ ਅਵਤਾਰ ਸਿੰਘ ਬੈਂਸ ਨਾਲ 925-759-5032 ਜਾਂ 925-759-5086 ਤੇ ਸੰਪਰਕ ਕਰ ਸਕਦੇ ਹੋ।

## Matrimonial

Looking for professional compatible educated girl for Ramdasia ( weaver) Sikh doctor working in California 38 years old, never married, 5′ 8″ tall, father's gotra Sandhi mother's gotra Bains,
caste no bar. For more information:
WhatsApp +91 8360876705,
Email: sukhdevnorthridge@gmail.com



ਸੁਖਦੇਵ ਸਿੰਘ ਗਿੱਲ, ਜਿਹਨਾਂ ਨੇ 13 ਮੀਲ ਦੀ ਮੈਰਾਥਨ ਰੇਸ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ।

## ਬਿਹਤਰ ਤਨਖ਼ਾਹ ਤੇ ਤਰੱਕੀ ਲਈ 42 ਫ਼ੀਸਦ ਮੁਲਾਜ਼ਮ ਅਗਲੇ ਵਰ੍ਹੇ ਬਦਲ ਸਕਦੇ ਹਨ ਨੌਕਰੀ

**ਨਵੀਂ ਦਿੱਲੀ–** ਭਾਰਤ ਵਿਚ 42 ਫ਼ੀਸਦ ਮੁਲਾਜ਼ਮ ਬਿਹਤਰ ਤਨਖ਼ਾਹ ਤੇ ਤਰੱਕੀ ਲਈ ਅਗਲੇ ਵਰ੍ਹੇ ਨੌਕਰੀ ਬਦਲਣ ਲਈ ਵਿਚਾਰ ਕਰ ਰਹੇ ਹਨ ਜਦਕਿ ਆਲਮੀ ਪੱਧਰ ’ਤੇ ਇਹ ਅੰਕੜਾ 26 ਫ਼ੀਸਦ ਹੈ। ਆਲਮੀ ਸਲਾਹ-ਮਸ਼ਵਰਾ ਕੰਪਨੀ ਪੀਡਬਲਿਊਸੀ ਵੱਲੋਂ ਸੋਮਵਾਰ ਨੂੰ ਰਿਪੋਰਟ ਜਾਰੀ ਕੀਤੀ ਗਈ ਹੈ। ਰਿਪੋਰਟ ਅਨੁਸਾਰ 74 ਫ਼ੀਸਦ ਮੁਲਾਜ਼ਮ ਆਪਣੀ ਤਨਖ਼ਾਹ ਵਿਚ ਵਾਧੇ ਤੇ ਤਰੱਕੀ ਦੀ ਇਛੁੱਕ ਹਨ।

ਰਿਪੋਰਟ ਮੁਤਾਬਕ ਅਗਲੇ ਵਰ੍ਹੇ 73 ਫ਼ੀਸਦ ਸੀਨੀਅਰ ਅਧਿਕਾਰੀ, 70 ਫ਼ੀਸਦ ਪ੍ਰਬੰਧਕ ਤੇ 63 ਫ਼ੀਸਦ ਗ਼ੈਰ-ਪ੍ਰਬੰਧਕਾਂ ਵੱਲੋਂ ਤਨਖ਼ਾਹ ਵਿਚ ਵਾਧੇ ਦੀ ਮੰਗ ਕੀਤੀ ਜਾਣੀ ਹੈ। ਪੀਡਬਲਿਊਸੀ ਇੰਡੀਆ ਦੇ ਭਾਈਵਾਲ ਕਾਰਤਕ ਰਿਸ਼ੀ ਮੁਤਾਬਕ ਬਹੁਤੇ ਭਾਰਤੀ ਵਪਾਰੀ ਆਪਣੇ ਭਵਿੱਖ ਵਿਚ ਸਫਲ ਹੋਣ ਲਈ ਸਟਾਫ ਬਦਲਣ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਨ। ਇਵੇਂ ਹੀ ਜਿਉਂ-ਜਿਉਂ ਕੰਮ ਤੇ ਦਫ਼ਤਰਾਂ ਵਿਚ ਤਬਦੀਲੀ ਆਉਂਦੀ ਹੈ ਤਾਂ ਮੁਲਾਜ਼ਮ ਆਪਣਾ ਹੁਨਰ ਨਿਖਾਰਣ ਬਾਰੇ ਜ਼ਰੂਰ ਸੋਚਦੇ ਹਨ। ਉਨ੍ਹਾਂ ਦੇ ਕਰੀਅਰ ਸਬੰਧੀ ਫ਼ੈਸਲੇ ਵਿਚ ਇਹੋ ਜਿਹੇ ਕਦਮ ਅਹਿਮ ਹੁੰਦੇ ਹਨ। ਰਿਪੋਰਟ ਤੋਂ ਪਤਾ ਚੱਲਦਾ ਹੈ ਕਿ 51 ਫ਼ੀਸਦ ਭਾਰਤੀ ਮੁਲਾਜ਼ਮ ਮੰਨਦੇ ਹਨ ਕਿ ਏਆਈ (ਮਸਨੂਈ ਬੋਧਿਕਤਾ) ਉਨ੍ਹਾਂ ਦੀ ਉਤਪਾਦਕਤਾ ਨੂੰ ਵਧਾਏਗੀ ਜਦਕਿ ਆਲਮੀ ਪੱਧਰ ’ਤੇ ਇਹ ਅੰਕੜਾ 31 ਫ਼ੀਸਦ ਹੈ। ਕਰੀਬ 62 ਫ਼ੀਸਦ ਮੁਲਾਜ਼ਮ ਮੰਨਦੇ ਹਨ ਕਿ ਅਗਲੇ ਪੰਜ ਵਰ੍ਹਿਆਂ ਦੌਰਾਨ ਕੰਮ ਕਰਨ ਲਈ ਲੋੜੀਂਦੇ ਹੁਨਰ ਵਿਚ ਅਹਿਮ ਤਬਦੀਲੀ ਆਵੇਗੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 24 ਫ਼ੀਸਦ ਭਾਰਤੀ ਮੁਲਾਜ਼ਮ ਮੰਨਦੇ ਹਨ ਕਿ ਏਆਈ ਉਨ੍ਹਾਂ ਦੇ ਕੰਮ ਦੀ ਫ਼ਿਤਰਤ ਨੂੰ ਨਾਂਹ-ਪੱਖੀ ਤਰੀਕੇ ਨਾਲ ਪ੍ਰਭਾਵਤ ਕਰੇਗੀ। ਇਹ ਆਲਮੀ ਔਸਤ ਨਾਲੋਂ 10 ਫ਼ੀਸਦ ਵੱਧ ਹੈ। ਉਥੇ, ਇੰਡੀਡ ਦੀ ਰਿਪੋਰਟ ਅਨੁਸਾਰ 2023 ਵਿਚ ਮੁਲਕ ਵਿਚ ਬਲੂ-ਕਾਲਰ ਨਾਲ ਜੁੜੀਆਂ ਨੌਕਰੀਆਂ ਸਬੰਧੀ ਮੁਲਾਜ਼ਮ ਰੱਖਣ ਵਿਚ 7।4 ਫ਼ੀਸਦ ਦਾ ਵਾਧਾ ਹੋ ਰਿਹਾ ਹੈ। ਇਸ ਦੌਰਾਨ ਲਾਜਿਸਟਿਕਸ, ਉਸਾਰੀ ਤੇ ਮਕਾਨ ਖ਼ਰੀਦ-ਵੇਚ, ਸੈਰ-ਸਪਾਟਾ ਤੇ ਮਹਿਮਾਨਨਵਾਜ਼ੀ ਦੇ ਖੇਤਰਾਂ ਵਿਚ ਰੁਜ਼ਗਾਰ ਦੇ ਬਹੁਤ ਸਾਰੇ ਮੌਕੇ ਮਿਲਣ ਵਾਲੇ ਹਨ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop


# ਤਿੰਨ ਨਵੇਂ ਮੁੱਖ ਮੰਤਰੀ

ਭਾਰਤ ਦੇ ਪੰਜ ਸੂਬਿਆਂ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਵਿਚੋਂ ਤਿੰਨ ਸੂਬਿਆਂ ਵਿਚ ਜਿੱਤੀ ਭਾਜਪਾ ਨੇ ਮੁੱਖ ਮੰਤਰੀ ਦੀ ਚੋਣ ਕਰਨ ਵਿਚ ਇਕ ਅਜੀਬ ਜਿਹੀ ਕਲਾਕਾਰੀ ਦਿਖਾਈ ਹੈ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਉਹ ਵਿਧਾਇਕ ਮੁੱਖ ਮੰਤਰੀ ਬਣੇ ਹਨ, ਜਿਹਨਾਂ ਬਾਰੇ ਕੋਈ ਅੰਦਾਜ਼ਾ ਵੀ ਨਹੀਂ ਲਗਾ ਸਕਦਾ ਸੀ। ਛੱਤੀਸਗੜ੍ਹ ਵਿਚ ਵਿਸ਼ਨੂ ਦੇਵ ਸਹਾਏ, ਮੱਧ ਪ੍ਰਦੇਸ਼ ਵਿਚ ਮੋਹਨ ਯਾਦਵ ਅਤੇ ਰਾਜਸਥਾਨ ਵਿਚ ਭਜਨ ਲਾਲ ਸ਼ਰਮਾ ਨੂੰ ਮੁੱਖ ਮੰਤਰੀ ਬਣਾਇਆ ਗਿਆ ਹੈ। ਇਹ ਤਿੰਨੇ ਨਾਂ ਮੀਡੀਆ, ਜਨਤਕ ਚਰਚਾ ਅਤੇ ਸਿਆਸਤਦਾਨਾਂ ਦੀ ਬੋਲੀ ਵਿਚ ਕਿਤੇ ਨਜ਼ਰ ਹੀ ਨਹੀਂ ਆਉਂਦੇ ਸਨ। ਭਜਨ ਲਾਲ ਸ਼ਰਮਾ ਤਾਂ ਪਹਿਲੀ ਵਾਰ ਹੀ ਵਿਧਾਇਕ ਬਣੇ ਹਨ ਅਤੇ ਸਿੱਧੇ ਮੁੱਖ ਮੰਤਰੀ ਬਣਾ ਦਿੱਤੇ। ਆਖਿਰ ਭਾਜਪਾ ਸੰਦੇਸ਼ ਕੀ ਦੇਣਾ ਚਾਹੁੰਦੀ ਹੈ, ਇਸ ਦੀ ਪੜਚੋਲ ਕਰਦਿਆਂ ਅਜਿਹਾ ਲੱਗਦਾ ਹੈ ਕਿ ਭਾਜਪਾ ਹੁਣ ਲੀਡਰਾਂ ਤੇ ਨਿਰਭਰ ਹੋਣ ਦੀ ਬਜਾਏ ਵਰਕਰਾਂ ਨੂੰ ਤਵੱਜੋਂ ਦੇਣ ਲੱਗ ਪਈ ਹੈ। ਰਾਜਸਥਾਨ ਵਿਚ ਵਸੁੰਧਰਾ ਰਾਜੇ ਨੇ, ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਸਿੰਘ ਚੌਹਾਨ ਅਤੇ ਛੱਤੀਸਗੜ੍ਹ ਵਿਚ ਰਮਨ ਸਿੰਘ ਨੇ ਬੜੀ ਕੋਸ਼ਿਸ਼ ਕੀਤੀ ਕਿ ਉਹ ਮੁੱਖ ਮੰਤਰੀ ਬਣਨ ਪਰ ਭਾਜਪਾ ਇਹਨਾਂ ਲੀਡਰਾਂ ਦੇ ਅੱਗੇ ਵੀ ਨਹੀਂ ਝੁਕੀ। ਦਰਅਸਲ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੱਖ-ਵੱਖ ਸੂਬਿਆਂ ਵਿਚ ਜਿਵੇਂ ਖੇਤਰੀ ਲੀਡਰ ਕਾਂਗਰਸ ਨੂੰ ਅੱਖਾਂ ਦਿਖਾਉਂਦੇ ਹਨ, ਉਸ ਪ੍ਰਵਿਰਤੀ ਤੋਂ ਨਿਕਲਣ ਲਈ ਇਹ ਰਸਤਾ ਅਪਣਾਇਆ ਹੈ, ਦੂਜਾ ਕਾਂਗਰਸ ਦੇ ਜਾਤੀਗਤ ਰਾਜਨੀਤੀ ਦੇ ਪੈਂਤੜੇ ਨੂੰ ਜਵਾਬ ਦੇਣ ਲਈ ਅਜਿਹਾ ਕੀਤਾ ਹੈ ਕਿਉਂਕਿ ਬਿਹਾਰ ਅਤੇ ਉਤਰ ਪ੍ਰਦੇਸ਼ ਵਿਚ ਯਾਦਵਾਂ ਦੀ ਸਰਦਾਰੀ ਦਾ ਅਸਰ ਘਟਾਉਣ ਲਈ ਮੱਧ ਪ੍ਰਦੇਸ਼ ਵਿਚ ਇਕ ਯਾਦਵ ਨੂੰ ਮੁੱਖ ਮੰਤਰੀ ਬਣਾ ਦਿੱਤਾ। ਛੱਤੀਸਗੜ੍ਹ ਵਿਚ ਆਦਿਵਾਸੀ ਖੇਤਰਾਂ ਵਿਚ ਭਾਜਪਾ ਲਈ ਸਰਗਰਮੀ ਨਾਲ ਕੰਮ ਕਰਦੇ ਇਕ ਸਧਾਰਨ ਵਰਕਰ ਨੂੰ ਮੁੱਖ ਮੰਤਰੀ ਬਣਾ ਕੇ ਸੰਦੇਸ਼ ਦਿੱਤਾ ਕਿ ਭਾਜਪਾ ਅਜਿਹਾ ਨਹੀਂ ਕਰਨ ਦੇਵੇਗੀ। ਰਾਜਸਥਾਨ ਵਿਚ ਵਸੁੰਧਰਾ ਰਾਜੇ ਦੀ ਬਾਗੀ ਹਰਕਤ ਦੀ ਉਹਨਾਂ ਨੂੰ ਸਜ਼ਾ ਦੇ ਨਾਲ ਵਰਕਰਾਂ ਨੂੰ ਸੰਦੇਸ਼ ਵੀ ਦਿੱਤਾ ਕਿ ਭਾਜਪਾ ਲਈ ਇਕ ਵੱਡੇ ਲੀਡਰ ਨਾਲੋਂ ਸਧਾਰਨ ਵਰਕਰ ਦੀ ਅਹਿਮੀਅਤ ਜ਼ਿਆਦਾ ਹੈ ਅਤੇ ਉਹ ਆਪਣਾ ਹਿੰਦੂਤਵੀ ਏਜੰਡਾ ਤਿਆਗ ਨਹੀਂ ਸਕਦੀ। ਦੂਜਾ ਭਾਜਪਾ ਆਰ. ਐਸ. ਐਸ. ਦਾ ਸਿਰਫ ਇਕ ਸਿਆਸੀ ਵਿੰਗ ਹੈ। ਆਰ. ਐਸ. ਐਸ. ਕੋਲ ਗੈਰ-ਸਿਆਸੀ ਘੱਟੋ-ਘੱਟ 6 ਸੰਗਠਨ ਹੋਰ ਵੀ ਹਨ, ਜੋ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੇ ਹਨ। ਸਿਆਸੀ ਵਿੰਗ ਵਿਚ ਆਰ. ਐਸ. ਐਸ. ਸਿਰਫ ਉਸ ਲੀਡਰ ਨੂੰ ਹੀ ਸਿਖਰ ਤੇ ਲਿਆਉਂਦੀ ਹੈ, ਜਿਹੜਾ ਉਸ ਦੀ ਵਿਚਾਰਧਾਰਾ ਵਿਚ ਰੰਗਿਆ ਵੀ ਹੋਵੇ ਅਤੇ ਇਕ ਆਮ ਸਧਾਰਨ ਅਤੇ ਆਗਿਆਕਾਰੀ ਵਾਂਗ ਕੰਮ ਕਰਦਾ ਰਿਹਾ ਹੋਵੇ।

ਨਵੇਂ ਚੁਣੇ ਮੁੱਖ ਮੰਤਰੀਆਂ ਵਿਚ ਵੀ ਇਕੋ ਸਾਂਝ ਹੈ ਕਿ ਇਹ ਤਿੰਨੇ ਆਰ. ਐਸ. ਐਸ. ਦੇ ਮੈਂਬਰ ਹਨ ਅਤੇ ਲੰਮੇ ਸਮੇਂ ਤੋਂ ਗੈਰ-ਰਾਜਨੀਤਿਕ ਕੰਮਾਂ ਵਿਚ ਲੱਗੇ ਰਹੇ ਹਨ। ਉੱਤਰ ਪ੍ਰਦੇਸ਼, ਗੁਜਰਾਤ ਤੇ ਹਰਿਆਣਾ ਦੇ ਮੁੱਖ ਮੰਤਰੀ ਵੀ ਇਸੇ ਪਿਛੋਕੜ ਤੋਂ ਹਨ ਅਤੇ ਇਹ ਪ੍ਰਤੀਤ ਹੁੰਦਾ ਹੈ ਕਿ ਅਸਾਮ ਤੇ ਉੱਤਰ ਪੂਰਬ ਦੇ ਸੂਬਿਆਂ ਨੂੰ ਛੱਡ ਕੇ ਭਾਜਪਾ ਆਗੂ ਚੁਣਨ ਵਿਚ ਉਨ੍ਹਾਂ ਵਿਅਕਤੀਆਂ ਨੂੰ ਤਰਜੀਹ ਦੇ ਰਹੀ ਹੈ ਜਿਹੜੇ ਆਰਐੱਸਐੱਸ ਨੂੰ ਪਸੰਦ ਹੋਣ। ਇਹ ਚੋਣ ਭਾਜਪਾ ਦੀ ਮਜ਼ਬੂਤੀ ਨੂੰ ਵੀ ਪੇਸ਼ ਕਰਦੀ ਹੈ ਕਿ ਉਹ ਵੱਡੇ ਆਗੂਆਂ ਨੂੰ ਤਰਜੀਹ ਦੇਣ ਦੀ ਥਾਂ ਜਥੇਬੰਦੀ ਅਤੇ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਤਰਜੀਹ ਦੇ ਰਹੀ ਹੈ। ਇਸ ਵਿਚ ਜਾਤੀ ਪਛਾਣਾਂ ਦਾ ਖ਼ਿਆਲ ਵੀ ਰੱਖਿਆ ਗਿਆ ਹੈ; ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰਦੇਵ ਸਾਏ ਕਬਾਇਲੀ ਹਨ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਪੱਛੜੀ ਜਾਤੀ ਨਾਲ ਸਬੰਧਿਤ ਹਨ। ਮੱਧ ਪ੍ਰਦੇਸ਼ ਵਿਚ ਬ੍ਰਾਹਮਣ ਆਗੂ ਰਾਜਿੰਦਰ ਸ਼ੁਕਲਾ ਅਤੇ ਦਲਿਤ ਆਗੂ ਜਗਦੀਸ਼ ਦੇਵੜਾ ਨੂੰ ਉੱਪ ਮੁੱਖ ਮੰਤਰੀ ਬਣਾਇਆ ਹੈ। ਇਸੇ ਤਰ੍ਹਾਂ ਰਾਜਸਥਾਨ ਵਿਚ ਰਾਜਪੂਤ ਆਗੂ ਦੀਆ ਕੁਮਾਰੀ ਅਤੇ ਦਲਿਤ ਆਗੂ ਪ੍ਰੇਮ ਚੰਦ ਬੈਰਵਾ ਨੂੰ ਉੱਪ ਮੁੱਖ ਮੰਤਰੀ ਬਣਾਇਆ ਹੈ। ਭਾਜਪਾ ਦਾ ਕਹਿਣਾ ਹੈ ਕਿ ਉਸ ਨੇ ਮੁੱਖ ਮੰਤਰੀਆਂ ਦੀ ਚੋਣ ਕਰਦਿਆਂ ਅਗਵਾਈ ਅਗਲੀ ਪੀੜ੍ਹੀ ਨੂੰ ਸੌਂਪੀ ਹੈ। ਭਾਜਪਾ ਦੀ ਜਥੇਬੰਦਕ ਤਾਕਤ ਏਨੀ ਮਜ਼ਬੂਤ ਹੈ ਕਿ ਕਿਸੇ ਵੀ ਆਗੂ ਨੇ ਨਵੇਂ ਮੁੱਖ ਮੰਤਰੀਆਂ ਦੀ ਚੋਣ 'ਤੇ ਇਤਰਾਜ ਨਹੀਂ ਕੀਤਾ।

# ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਦਿਆਂ





ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਗਏ ਸਿੱਖ ਪੰਥ ਦੇ ਨੌਵੇਂ ਗੱਦੀ ਨਸ਼ੀਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ ਗੁਰੂ ਕੇ ਮਹਿਲ, ਸ਼੍ਰੀ ਅੰਮ੍ਰਿਤਸਰ ਵਿਖੇ ਪਿਤਾ ਸ਼੍ਰੀ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਿਹ ਵਿਖੇ ਪਹਿਲੀ ਅਪ੍ਰੈਲ, 1621 ਨੂੰ ਹੋਇਆ। ਕੁਝ ਇਤਿਹਾਸਕਾਰ ਇਹ ਮਿਤੀ 18 ਅਪ੍ਰੈਲ, ਕੁਝ 21 ਅਪ੍ਰੈਲ ਅਤੇ ਕੁਝ 25 ਅਪ੍ਰੈਲ ਮੰਨਦੇ ਹਨ। ਉਸ ਵੇਲੇ ਦਾ ਜਨਮ ਤੇ ਮੌਤ ਇੰਦਰਾਜ ਦਾ ਕੋਈ ਭਰੋਸੇ ਯੋਗ ਰਿਕਾਰਡ ਉਪਲਭਧ ਨਾ ਹੋਣ ਕਰਕੇ ਕਿਸੇ ਵੀ ਮਿਤੀ ਨੂੰ ਦਾਅਵੇ ਨਾਲ ਸਹੀ ਨਹੀਂ ਕਿਹਾ ਜਾ ਸਕਦਾ। ਆਪ ਜੀ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ। ਆਪ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਆਪ ਜੀ ਦੇ ਵੱਡੇ ਭਰਾਵਾਂ ਦੇ ਨਾਂ ਸਨ -ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਮਨੀ ਰਾਇ ਜੀ ਅਤੇ ਬਾਬਾ ਅਟਲ ਰਾਇ ਜੀ। ਆਪ ਜੀ ਦੀ ਇੱਕ ਭੈਣ ਸੀ ਜਿਸਦਾ ਨਾਂ ਬੀਬੀ ਵੀਰੋ ਜੀ ਸੀ।

ਗੁਰੂ ਤੇਗ ਬਹਾਦਰ ਜੀ ਦਾ ਪਾਲਣ ਪੋਸ਼ਣ ਸਿੱਖ ਰਵਾਇਤਾਂ ਅਨੁਸਾਰ ਹੋਇਆ। ਬਾਬਾ ਬੁਢਾ ਜੀ ਨੇ ਆਪ ਜੀ ਨੂੰ ਤੀਰੰਦਾਜ਼ੀ ਅਤੇ ਘੋੜ ਸਵਾਰੀ ਦੀ ਸਿੱਖਿਆ ਦਿੱਤੀ। ਪਿਤਾ ਹਰਿਗੋਬਿੰਦ ਜੀ ਨੇ ਆਪ ਨੂੰ ਤਲਵਾਰਬਾਜ਼ੀ ਦੀ ਸਿੱਖਿਆ ਦਿੱਤੀ। ਇਸ ਤੋਂ ਇਲਾਵਾ ਆਪ ਜੀ ਨੂੰ ਪੁਰਾਤਨ ਧਾਰਮਿਕ ਸਿੱਖਿਆ ਦੇ ਨਾਲ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਦੀ ਵੀ ਸਿੱਖਿਆ ਦਿੱਤੀ ਗਈ। ਆਪ ਨੇ ਗੁਰਮੁਖੀ, ਹਿੰਦੀ ਅਤੇ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕੀਤੀ।ਆਪ ਇੱਕ ਕਵੀ, ਇੱਕ ਚਿੰਤਕ ਅਤੇ ਇੱਕ ਸੂਰਬੀਰ ਯੋਧਾ ਸਨ। ਆਪ ਨੇ ਗੁਰੂ ਨਾਨਕ ਅਤੇ ਆਪ ਤੋਂ ਪਹਿਲੇ ਹੋਰ ਗੁਰੂ ਸਾਹਿਬਾਨਾਂ ਦੀ ਪਾਵਨਤਾ ਅਤੇ ਧਰਮ ਗਿਆਨ ਦੇ ਚਾਨਣ ਨੂੰ ਅਗੇ ਵਧਾਇਆ। ਆਪ ਜੀ ਦੀਆਂ ਅਧਿਆਤਮਿਕ ਰਚਨਾਵਾਂ ਦੇ ਵਿਸ਼ੇ ਸਨ - ਪ੍ਰਭੂ ਦੀ ਮਹਿਮਾ, ਮਨੁਖਤਾ, ਤਨ, ਮਨ, ਕਸ਼ਟ ਗੌਰਵ, ਸੇਵਾ ਅਤੇ ਮੁਕਤੀ, ਜੋਕਿ ਉਨ੍ਹਾਂ ਦੀਆਂ 116 ਰਚਨਾਵਾਂ ਵਿੱਚੋਂ ਝਲਕਦੇ ਹਨ। ਇਹ 116 ਕਾਵਿਕ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 219 ਤੋਂ 1426-29 ਉਤੇ 15 ਰਾਗਾਂ ਵਿੱਚ ਦਰਜ ਹਨ। ਉਨ੍ਹਾਂ ਦੀਆਂ ਇਹ ਰਚਨਾਵਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਦਮਦਮਾ ਸਾਹਿਬ ਵਿਖੇ ਮੌਜੂਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਸੀ ਉਦੋਂ ਦਰਜ ਕੀਤੀਆਂ ਸਨ। ਸੰਨ 1632 ਵਿੱਚ ਆਪ ਜੀ ਦਾ ਵਿਆਹ ਕਰਤਾਰ ਪੁਰ ਵਿਖੇ ਸ਼੍ਰੀ ਲਾਲ ਚੰਦ ਤੇ ਸ਼੍ਰੀਮਤੀ ਬਿਸ਼ਨ ਕੌਰ ਦੀ ਪੁੱਤਰੀ ਗੁਜਰ ਕੌਰ ਜੀ (ਜਿਸਨੂੰ ਮਾਤਾ ਗੁਜਰ ਕੌਰ ਜਾਂ ਮਾਤਾ ਗੁਜਰੀ ਜੀ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ) ਨਾਲ ਹੋਇਆ।



ਸੰਤੋਖ ਸਿੰਘ ਸੰਧੂ
(+64 22 071 0935)

**ਤਿਆਗ ਮੱਲ ਤੋਂ ਤੇਗ ਬਹਾਦਰ**

ਸੰਨ 1634 ਵਿੱਚ ਬਾਦਸ਼ਾਹ ਸ਼ਾਹ ਜਹਾਨ ਜੰਗਲ ਵਿੱਚ ਸ਼ਿਕਾਰ ਖੇਡ ਰਿਹਾ ਸੀ। ਉਸ ਜੰਗਲ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਸਿੱਖ ਵੀ ਮੌਜੂਦ ਸਨ। ਸਿੱਖਾਂ ਨੇ ਬਾਦਸ਼ਾਹ ਸ਼ਾਹ ਜਹਾਨ ਦਾ ਬਾਜ਼ ਫੜ ਲਿਆ ਸੀ। ਗੁੱਸੇ ਵਿੱਚ ਸ਼ਾਹ ਜਹਾਨ ਦੇ ਜਰਨੈਲ ਪੈਂਦੇ ਖਾਨ ਨੇ ਮੁਗਲ ਸੈਨਿਕਾਂ ਨਾਲ ਗੁਰੂ ਜੀ ਦੇ ਪਿੰਡ ਉਤੇ ਹਮਲਾ ਕਰ ਦਿੱਤਾ। ਉਸ ਸਮੇਂ ਤਿਆਗ ਮੱਲ ਦੀ ਉਮਰ 13 ਸਾਲ ਦੀ ਸੀ। ਮੁਗਲਾਂ ਤੇ ਗੁਰੂ ਹਰਿਗੋਬਿੰਦ ਸਮੇਤ ਸਿੱਖਾਂ ਵਿੱਚ ਖੂੰਨੀ ਜੰਗ ਹੋਈ। ਇਸਨੂੰ ਗੁਰੂ ਜੀ ਦੀ ਕਰਤਾਰ ਪੁਰ ਦੀ ਜੰਗ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਸ ਜੰਗ ਵਿੱਚ ਤਿਆਗ ਮੱਲ ਨੇ ਤਲਵਾਰ ਦੇ ਅਜਿਹੇ ਜੌਹਰ ਵਿਖਾਏ ਕਿ ਪਿਤਾ ਹਰਿਗੋਬਿੰਦ ਜੀ ਨੇ ਤਿਆਗ ਮੱਲ ਨੂੰ ਤੇਗ ਬਹਾਦਰ ਦੇ ਖਿਤਾਬ ਨਾਲ ਨਿਵਾਜਿਆ ਸੀ। ਬਾਅਦ ਵਿੱਚ ਤਿਆਗ ਮੱਲ ਦਾ ਨਾਂ ਤੇਗ ਬਹਾਦਰ ਪੈ ਗਿਆ। ਇਸਤੋਂ ਬਾਅਦ ਤੇਗ ਬਹਾਦਰ ਜੀ ਸਨਿਆਸੀ ਅਤੇ ਭਗਤੀ ਜੀਵਨ ਵਿੱਚ ਮਗਨ ਹੋ ਗਏ।

**ਬਾਬਾ ਬਕਾਲਾ ਵਿੱਚ ਨਿਵਾਸ**

ਗੁਰੂ ਹਰਿਗੋਬਿੰਦ ਜੀ ਸੰਨ 1640 ਵਿੱਚ ਆਪਣੀ ਪਤਨੀ ਨਾਨਕੀ ਜੀ, ਤਿਆਗ ਮੱਲ ਅਤੇ ਗੁਜਰ ਕੌਰ ਜੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਕਸਬਾ ਬਕਾਲਾ ਵਿੱਚ ਚਲੇ ਗਏ। ਉਨ੍ਹਾਂ ਦਿਨਾਂ ਵਿੱਚ ਕਸਬਾ ਬਕਾਲਾ ਬਹੁਤ ਸਾਰੇ ਸੁੰਦਰ ਤਲਾਬਾਂ ਅਤੇ ਖੂਹਾਂ ਨਾਲ ਬੜਾ ਖੁਸ਼ਹਾਲ ਕਸਬਾ ਸੀ। ਗੁਰੁ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਤਿਆਗ ਮੱਲ ਜੀ ਆਪਣੀ ਪਤਨੀ ਅਤੇ ਮਾਤਾ ਨਾਲ ਬਕਾਲੇ ਵਿੱਚ ਹੀ ਠਹਿਰੇ ਰਹੇ। ਉਥੇ ਭੋਰੇ ਵਿੱਚ ਬੈਠ ਕੇ ਕਈ ਸਾਲ ਭਗਤੀ ਕੀਤੀ ਅਤੇ ਇਥੇ 26 ਸਾਲ ਰਹੇ।

**ਨਾਨਕ ਗੁਰਗੱਦੀ ਦੀ ਪ੍ਰਾਪਤੀ**

ਗੁਰੂ ਹਰਿਗੋਬਿੰਦ ਜੀ ਨੇ ਆਪਣੇ ਤੋਂ ਬਾਅਦ ਗੁਰਗੱਦੀ ਦਾ ਵਾਰਿਸ ਬਣਾਉਣ ਲਈ ਆਪਣੇ ਪੋਤਰੇ ਹਰਿ ਰਾਇ ਜੀ ਨੂੰ ਯੋਗ ਸਮਝਿਆ ਅਤੇ ਸੰਨ 1644 ਵਿੱਚ ਗੁਰਗੱਦੀ ਉਤੇ ਬਿਠਾਇਆ। ਫਿਰ ਗੁਰੂ ਹਰਿ ਰਾਇ ਜੀ ਨੇ ਆਪਣੇ ਪੁੱਤਰ ਹਰਕ੍ਰਿਸ਼ਨ ਜੀ ਨੂੰ 1661 ਵਿੱਚ ਗੁਰਗੱਦੀ ਉਤੇ ਬਿਠਾਇਆ। ਗੁਰੁ ਹਰਕ੍ਰਿਸ਼ਨ ਜੀ ਦੀ ਉਸ ਵੇਲੇ ਉਮਰ ਪੰਜ ਸਾਲ ਦੀ ਸੀ। ਦਿੱਲੀ ਵਿੱਚ ਚੇਚਕ ਦੀ ਮਹਾਮਾਰੀ ਫੈਲ ਗਈ ਸੀ ਅਤੇ ਉਸ ਸਮੇਂ ਗੁਰੂ ਹਰਕ੍ਰਿਸ਼ਨ ਜੀ ਦਿੱਲੀ ਗਏ ਹੋਏ ਸਨ। ਉਥੇ ਉਨ੍ਹਾਂ ਨੇ ਚੇਚਕ ਤੋਂ ਪੀੜਤ ਲੋਕਾਂ ਦੀ ਤਨ ਦੇਹੀ ਨਾਲ ਸੇਵਾ ਕਰਨੀ ਸ਼ੁਰੂ ਕੀਤੀ ਅਤੇ ਅੰਤ ਆਪ ਵੀ ਚੇਚਕ ਦੀ ਬੀਮਾਰੀ ਦੇ ਸ਼ਿਕਾਰ ਹੋ ਗਏ ਅਤੇ ਸੰਨ 1664 ਵਿੱਚ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਅੰਤ ਸਮਾਂ ਨੇੜੇ ਆਇਆ ਵੇਖ ਕੇ ਉਥੇ ਇਕੱਠੇ ਹੋਏ ਸਿੱਖਾਂ ਨੇ ਗੁਰੂ ਹਰਕ੍ਰਿਸ਼ਨ ਜੀ ਤੋਂ ਪੁਛਿਆ ਕਿ ਉਨ੍ਹਾਂ ਤੋਂ ਬਾਅਦ ਸਿੱਖਾਂ ਦਾ ਅਗਲਾ ਗੁਰੂ ਕੌਣ ਹੋਵੇਗਾ। ਗੁਰੂ ਹਰਕ੍ਰਿਸ਼ਨ ਜੀ ਬੀਮਾਰੀ ਕਾਰਨ ਇੰਨੇ ਕਮਜੋਰ ਹੋ ਗਏ ਸਨ ਕਿ ਉਨ੍ਹਾਂ ਦੀ ਸਪਸ਼ਟ ਆਵਾਜ਼ ਵੀ ਨਹੀਂ ਨਿਕਲ ਰਹੀ ਸੀ।ਇਸ ਹਾਲਤ ਵਿੱਚ ਉਨ੍ਹਾਂ ਦੇ ਮੁੱਖ ਤੋਂ ਸਿਰਫ 'ਬਕਾਲੇ' ਦਾ ਸ਼ਬਦ ਹੀ ਨਿਕਲਿਆ। ਫਿਰ ਉਹ ਜੋਤੀ ਜੋਤ ਸਮਾ ਗਏ।ਉਨ੍ਹਾਂ ਦੇ ਸਸਕਾਰ ਤੋਂ ਬਾਅਦ ਦੀਵਾਨ ਦਰਗਾ ਮੱਲ ਦੀ ਅਗਵਾਈ ਹੇਠ ਸਿੱਖਾਂ ਦਾ ਇੱਕ ਜਥਾ ਬਕਾਲਾ ਵਿਖੇ ਪਹੁੰਚ ਗਿਆ। ਉਨ੍ਹਾਂ ਨੇ ਵੇਖਿਆ ਕਿ ਬਕਾਲਾ ਵਿਖੇ ਸੋਢੀ ਵੰਸ਼ ਦੇ ਆਪੂੰ ਬਣੇ 22 ਗੁਰੂ ਵੱਖ ਵੱਖ ਅੱਡੇ ਲਾਈ ਬੈਠੇ ਸਨ। ਜਥੇ ਵੱਲੋਂ ਅਜਿਹੀ ਹਾਲਤ ਵਿੱਚ ਅਸਲ ਸਿੱਖ ਗੁਰੂ ਦੀ ਪਹਿਚਾਣ ਕਰਨੀ ਬੜੀ ਮੁਸ਼ਕਿਲ ਸੀ। ਇਸ ਦੌਰਾਨ ਇੱਕ ਘਟਨਾ ਵਾਪਰਦੀ ਹੈ। ਇੱਕ ਸਿੱਖ ਵਪਾਰੀ 'ਮੱਖਣ ਸ਼ਾਹ ਲੁਬਾਣਾ' ਦਾ ਜਹਾਜ਼, ਜੋਕਿ ਭਾਰੀ ਸਾਜ਼ੋ ਸਾਮਾਨ ਨਾਲ ਲੱਦਿਆ ਹੋਇਆ ਸੀ, ਸਮੁੰਦਰ ਵਿੱਚ ਆਏ ਤੂਫਾਨ ਦੀ ਲਪੇਟ ਵਿੱਚ ਆ ਗਿਆ। ਆਪਣੀ ਜ਼ਾਨ, ਮਾਲ ਅਤੇ ਜਹਾਜ਼ ਨੂੰ ਖ਼ਤਰੇ ਵਿੱਚ ਪਿਆ ਵੇਖ ਕੇ ਮੱਖਣ ਸ਼ਾਹ ਨੇ ਗੁਰੂ ਮਹਾਰਾਜ ਅਗੇ ਅਰਦਾਸ ਕੀਤੀ ਅਤੇ 500 ਸੋਨੇ ਦੀਆਂ ਮੁਹਰਾਂ ਭੇਟਾ ਦੇਣ ਦਾ ਵਚਨ ਕੀਤਾ। ਜਹਾਜ਼ ਸਹੀ ਸਲਾਮਤ ਸਮੁੰਦਰ ਕਿਨਾਰੇ ਬੰਦਰਗਾਹ ਉਤੇ ਆਣ ਲੱਗਿਆ। ਮੱਖਣ ਸ਼ਾਹ ਕੀਤੇ ਵਚਨ ਅਨੁਸਾਰ ਗੁਰੂ ਦਾ ਸ਼ੁਕਰਾਨਾ ਕਰਨ ਲਈ ਦਿੱਲੀ ਵੱਲ ਚੱਲ ਪਿਆ। ਦਿੱਲੀ ਪਹੁੰਚ ਕੇ ਉਸਨੂੰ ਪਤਾ ਲੱਗਾ ਕਿ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ ਹਨ ਅਗਲੇ ਸਿੱਖ ਗੁਰੂ ਦੇ ਬਕਾਲਾ ਵਿਖੇ ਹੋਣ ਦਾ ਇਸ਼ਾਰਾ ਕਰ ਗਏ ਹਨ। ਫਿਰ ਉਥੋਂ ਮੱਖਣ ਸ਼ਾਹ ਬਕਾਲੇ ਨੂੰ ਰਵਾਨਾ ਹੋ ਗਿਆ। ਬਕਾਲਾ ਪਹੁੰਚ ਕੇ ਉਸਨੂੰ ਵੀ 22 ਅਖੌਤੀ ਗੁਰੂਆਂ ਦਾ ਸਾਹਮਣਾ ਕਰਨਾ ਪਿਆ। ਉਸ ਨੇ ਅਸਲੀ ਗੁਰੂ ਦੀ ਪਰਖ ਕਰਨ ਲਈ ਸਾਰਿਆਂ ਮੂਹਰੇ ਦੋ ਦੋ ਮੁਹਰਾਂ ਰੱਖ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਸਭਨਾਂ ਨੇ ਮੁਹਰਾਂ ਪ੍ਰਾਪਤ ਕਰਕੇ ਰਸਮ ਅਨੁਸਾਰ ਅਸ਼ੀਰਵਾਦ ਦੇਣ ਤੋਂ ਬਿਨਾ ਹੋਰ ਕੁਝ ਨਹੀਂ ਕਿਹਾ। ਅੰਤ ਵਿੱਚ ਉਸਨੇ ਓਥੇ ਖੇਡਦੇ ਬੱਚਿਆਂ ਤੋਂ ਪੁਛਿਆ ਕਿ ਇਨ੍ਹਾਂ 22 ਸਾਧੂਆਂ ਤੋਂ ਇਲਾਵਾ ਕੀ ਕੋਈ ਹੋਰ ਵੀ ਇਥੇ ਸਾਧੂ ਸੰਤ ਹੈ, ਤਾਂ ਬੱਚਿਆਂ ਨੇ ਦੱਸਿਆ ਕਿ ਹਾਂ ਇੱਕ ਉਸ ਭੋਰੇ ਵਿੱਚ ਰਹਿੰਦਾ ਹੈ। ਮੱਖਣ ਸ਼ਾਹ ਉਸ ਭੋਰੇ ਵੱਲ ਗਿਆ ਤਾਂ ਓਥੇ ਉਸਦਾ ਸਾਹਮਣਾ ਮਾਤਾ ਗੁਜ਼ਰ ਕੌਰ ਨਾਲ ਹੋਇਆ। ਤੇਗ ਬਹਾਦਰ ਜੀ ਉਸ ਵੇਲੇ ਵੀ ਭਗਤੀ ਵਿੱਚ ਲੀਨ ਸਨ। ਮਾਤਾ ਗੁਜ਼ਰ ਕੌਰ ਨੇ ਦੱਸਿਆ ਕਿ ਜਦੋਂ ਉਹ ਸਿਮਰਨ ਉਤੇ ਬੈਠੇ ਹੁੰਦੇ ਹਨ ਤਾਂ ਕਿਸੇ ਨੂੰ ਵੀ ਮਿਲਣ ਦੀ ਆਗਿਆ ਨਹੀਂ ਹੁੰਦੀ। ਇਥੋਂ ਤੱਕ ਕਿ ਮੈਂ ਵੀ ਨਹੀਂ ਜਾ ਸਕਦੀ। ਇੰਨਾ ਸੁਣ ਕੇ ਮੱਖਣ ਸ਼ਾਹ ਉਥੇ ਹੀ ਬੈਠ ਗਿਆ ਅਤੇ ਉਡੀਕ ਕਰਨ ਲੱਗਾ ਕਿ ਕਦੋਂ ਉਸ ਸੰਤ ਦੀ ਅੱਖ ਖੁੱਲੇ ਅਤੇ ਉਹ ਜਾ ਕੇ ਮੱਥਾ ਟੇਕੇ। ਕੁਝ ਦੇਰ ਬਾਅਦ ਤੇਗ ਬਹਾਦਰ ਜੀ ਨੇ ਅੱਖਾਂ ਖੋਲੀਆਂ ਤਾਂ ਗੁਜਰ ਕੌਰ ਨੇ ਜਾ ਕੇ ਦੱਸਿਆ ਤਾਂ ਤੇਗ ਬਹਾਦਰ ਜੀ ਨੇ ਅੰਦਰ ਆਉਣ ਦੀ ਆਗਿਆ ਦੇ ਦਿੱਤੀ। ਮੱਖਣ ਸ਼ਾਹ ਨੇ ਹੋਰਨਾਂ ਵਾਂਗ ਹੀ ਤੇਗ ਬਹਾਦਰ ਜੀ ਅੱਗੇ ਵੀ ਦੋ ਮੁਹਰਾਂ ਰੱਖ ਕੇ ਮੱਥਾ ਟੇਕਿਆ। ਜਦ ਮੁੜਨ ਲੱਗਾ ਤਾਂ ਤੇਗ ਬਹਾਦਰ ਜੀ ਨੇ ਕਿਹਾ, ਉਭਾਈ ਵਚਨ 500 ਮੁਹਰਾਂ ਦਾ ਕਰਕੇ ਦੇ ਰਿਹਾ ਏਂ ਦੋ ਮੁਹਰਾਂ"।

ਇੰਨਾ ਸੁਣਦਿਆਂ ਹੀ ਮੱਖਣ ਸ਼ਾਹ ਨੇ 500 ਸੋਨੇ ਦੀਆਂ ਮੁਹਰਾਂ ਰੱਖ ਕੇ ਤੇਗ ਬਹਾਦਰ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਅਤੇ ਚਰਨਾਂ ਨੂੰ ਚੁੰਮ ਕੇ ਬਾਹਰ ਆ ਕੇ ਮਕਾਨ ਦੀ ਛੱਤ ਉਤੇ ਚੜ੍ਹ ਕੇ ਉਚੀ ਉਚੀ ਬੋਲਣ ਲੱਗਾ 'ਗੁਰੂ ਲਾਧੋ ਰੇ'। ਉਸਦੀ ਆਵਾਜ ਸੁਣ ਕੇ ਲੋਕ ਇਕੱਠੇ ਹੋ ਗਏ।

ਦਿੱਲੀ ਤੋਂ ਆਇਆ ਸਿੱਖ ਜਥਾ ਵੀ ਉਥੇ ਪਹੁੰਚ ਗਿਆ । ਜਦ ਉਨ੍ਹਾਂ ਨੇ ਮੱਖਣ ਸ਼ਾਹ ਤੋਂ ਸਾਰੀ ਘਟਨਾ ਸੁਣੀ ਤਾਂ ਉਨ੍ਹਾਂ ਨੇ ਤੇਗ ਬਹਾਦਰ ਜੀ ਨੂੰ ਅਗਲੇ ਸਿੱਖ ਗੁਰੂ ਬਣ ਕੇ ਨਾਨਕ ਗੁਰਗੱਦੀ ਸੰਭਾਲਣ ਦੀ ਬੇਨਤੀ ਕੀਤੀ। ਤੇਗ ਬਹਾਦਰ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ।

ਫਿਰ ਦਰਗਾ ਮੱਲ ਨੇ ਤੇਗ ਬਹਾਦਰ ਜੀ ਨੂੰ ਸਿੱਖ ਗੁਰੂ ਬਣਾਉਣ ਦੀ ਰਸਮ ਅਦਾ ਕੀਤੀ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੌਵੇਂ ਸਿੱਖ ਗੁਰੂ ਦੇ ਤੌਰ 'ਤੇ ਗੁਰਗੱਦੀ ਤੁਤੇ ਬਿਰਾਜਮਾਨ ਹੋਏ।

**ਸ਼ਾਹਕਾਰ ਰਚਨਾ**

ਗੁਰੂ ਤੇਗ ਬਹਾਦਰ ਜੀ ਨੇ ਜੋ ਗੁਰਬਾਣੀ ਦੀ ਰਚਨਾ ਕੀਤੀ ਉਸ ਵਿੱਚ 'ਸਲੋਕ ਮ: 9' ਉਨ੍ਹਾਂ ਦੀ ਸ਼ਾਹਕਾਰ ਰਚਨਾ ਹੈ। ਸਲੋਕ ਮੁੱਖ ਤੌਰ 'ਤੇ ਦੋ ਕਾਵਿਕ ਸਤਰਾਂ ਦੇ ਹੁੰਦੇ ਹਨ। ਗੁਰੂ ਨਾਨਕ ਅਤੇ ਗੁਰੂ ਅਰਜੁਨ ਦੇਵ ਜੀ ਵੱਲੋਂ ਲਿਖੇ ਗਏ ਸਲੋਕ 4, 5, 6 ਅਤੇ 7 ਸੱਤਰਾਂ ਦੇ ਹਨ। ਦੋ ਸੱਤਰਾਂ ਦੇ ਸਲੋਕਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਰਚਨਾਕਾਰ ਨੇ ਕਾਫੀਆ ਮਿਲਾਉਂਦੇ ਹੋਇਆਂ ਸੰਪੂਰਨ ਕਹਾਣੀ, ਸੰਪੂਰਨ ਵਿਸ਼ੇ ਅਤੇ ਸੰਪੂਰਨ ਕੇਂਦਰੀ ਭਾਵ ਨੂੰ ਕਲਮਬੰਦ ਕਰਨਾ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਸਲੋਕ ਹੀ ਕਮਾਲ ਦੀ ਵੰਨਗੀ ਹੈ:

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥ੳ - ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ 1426.

(ਬਾਕੀ ਸਫਾ 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਦੇ ਨੇਵਾਡਾ ਰਾਜ ਵਿਚ ਲਾਸ ਵੇਗਾਸ ਕਾਲਜ ਕੈਂਪਸ ਵਿਚ ਹੋਈ ਗੋਲੀਬਾਰੀ ਵਿਚ 3 ਮੌਤਾਂ 1 ਦੀ ਹਾਲਤ ਗੰਭੀਰ, ਪੁਲਿਸ ਦੀ ਕਾਰਵਾਈ ਵਿਚ ਸ਼ੱਕੀ ਵੀ ਮਾਰਿਆ ਗਿਆ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਨੇਵਾਡਾ ਰਾਜ ਦੇ ਲਾਸ ਵੇਗਾਸ ਕਾਲਜ ਕੈਂਪਸ ਵਿਚ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੇ ਮਾਰੇ ਜਾਣ ਤੇ 1 ਵਿਅਕਤੀ ਦੇ ਗੋਲੀਆਂ ਵੱਜਣ ਕਾਰਨ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਕਿਹਾ ਹੈ ਕਿ ਯੁਨੀਵਰਸਿਟੀ ਆਫ ਨੇਵਾਡਾ , ਲਾਗ ਵੇਗਾਸ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਪੁੱਜੇ ਪੁਲਿਸ ਅਫਸਰਾਂ ਦੀ ਜਵਾਬੀ ਕਾਰਵਾਈ ਵਿਚ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ। ਗੋਲੀਬਾਰੀ ਦੀ ਘਟਨਾ ਦੁਪਹਿਰ ਦੇ ਖਾਣੇ ਵੇਲੇ ਵਾਪਰੀ ਤੇ ਗੋਲੀ ਚੱਲਣ ਉਪਰੰਤ ਵਿਦਿਆਰਥੀਆਂ ਵਿਚ ਹਫੜਾ ਦਫੜੀ ਮਚ ਗਈ ਤੇ ਉਹ ਜਾਨਾਂ ਬਚਾਉਣ ਲਈ ਇਧਰ ਉਧਰ ਭੱਜ ਗਏ। ਲਾਸ ਵੇਗਾਸ ਮੈਟੋਰਪੋਲੀਟਨ ਪੁਲਿਸ ਵਿਭਾਗ ਨੇ 3 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਜਾਂਚਕਾਰ ਮਾਮਲੇ ਦੀ ਜਾਂਚ ਲਈ ਮੌਕੇ ਉਪਰ ਪੁੱਜ ਗਏ ਹਨ। ਸ਼ੈਰਿਫ ਕੈਵਿਨ ਮੈਕਮਾਹਿਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕ੍ਰਿਸਮਿਸ ਦੀਆਂ ਛੁੱਟੀਆਂ ਤੋਂ ਪਹਿਲਾਂ ਜਦੋਂ ਵਿਦਿਆਰਥੀ ਘਰ ਜਾਣ ਬਾਰੇ ਸੋਚ ਰਹੇ ਸਨ ਤਾਂ ਗੋਲੀਬਾਰੀ ਹੋਣੀ ਇਕ ਬਹੁਤ ਮੰਦਭਾਗੀ ਘਟਨਾ ਹੈ। ਉਨਾਂ ਕਿਹਾ ਹੈ ਕਿ ਸ਼ੱਕੀ ਦੋਸ਼ੀ ਦੀ ਪਛਾਣ ਕਰ ਲਈ ਗਈ ਹੈ ਪਰੰਤੂ ਅਜੇ ਉਸ ਦਾ ਨਾਂ ਜਨਤਿਕ ਨਹੀਂ ਕੀਤਾ ਜਾ ਰਿਹਾ। ਮਿਲੀ ਜਾਣਕਾਰੀ ਅਨੁਸਾਰ ਸ਼ੱਕੀ ਦੋਸ਼ੀ ਦੀ ਉਮਰ 60 ਸਾਲ ਦੇ ਕਰੀਬ ਹੈ । ਪੁਲਿਸ ਨੇ ਅਜੇ ਮ੍ਰਿਤਕਾਂ ਤੇ ਜ਼ਖਮੀ ਹੋਏ ਵਿਅਕਤੀਆਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਤੇ ਨਾ ਹੀ ਇਹ ਦੱਸਿਆ ਹੈ ਕਿ ਮ੍ਰਿਤਕ ਸਾਰੇ ਵਿਦਿਆਰਥੀ ਹਨ ਜਾਂ ਮ੍ਰਿਤਕਾਂ ਵਿਚ ਹੋਰ ਵਿਅਕਤੀ ਵੀ ਸ਼ਾਮਿਲ ਹੈ।

# ਅੱਧ ਅਸਮਾਨ ਵਿੱਚ ਜਹਾਜ਼ ਦਾ ਇੰਜਣ ਬੰਦ ਕਰਨ ਦੀ ਕੋਸ਼ਿਸ਼ ਦੇ ਮਾਮਲੇ ਵਿਚ ਪਾਇਲਟ ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਵਿਚ ਇਸ ਸਾਲ ਅਕਤੂਬਰ ਮਹੀਨੇ ਵਿੱਚ ਅੱਧ ਅਸਮਾਨ ਵਿਚ ਕਥਿੱਤ ਤੌਰ 'ਤੇ ਇਕ ਯਾਤਰੀ ਜਹਾਜ਼ ਦਾ ਇੰਜਣ ਬੰਦ ਕਰਨ ਦੀ ਕੋਸ਼ਿਸ਼ ਦੇ ਮਾਮਲੇ ਵਿਚ ਅਲਾਸਕਾ ਏਅਰਲਾਈਨਜ਼ ਦੇ ਪਾਇਲਟ ਜੋਸਫ ਐਮਰਸਨ ਵਿਰੁੱਧ ਮੁਸਾਫਿਰਾਂ ਦੀ ਜਾਨ ਜ਼ੋਖਮ ਵਿਚ ਪਾਉਣ ਦੇ ਦੋਸ਼ ਆਇਦ ਕੀਤੇ ਜਾਣ ਦੀ ਖਬਰ ਹੈ। ਓਰਗੋਨ ਰਾਜ ਦੀ ਅਦਾਲਤ ਵਿਚ ਗਰੈਂਡ ਜਿਊਰੀ ਵੱਲੋਂ 22 ਅਕਤੂਬਰ ਨੂੰ ਵਾਪਰੀ ਇਸ ਘਟਨਾ ਦੇ ਮਾਮਲੇ ਵਿੱਚ ਐਮਰਸਨ ਵਿਰੁੱਧ ਜਹਾਜ਼ ਲਈ ਖਤਰਾ ਪੈਦਾ ਕਰਨ ਵਾਸਤੇ ਪਹਿਲਾ ਦਰਜਾ ਤੇ ਜਹਾਜ਼ ਵਿਚ ਸਵਾਰ 83 ਯਾਤਰੀਆਂ ਦੀ ਜਾਨ ਲਈ ਖਤਰਾ ਪੈਦਾ ਕਰਨ ਸਮੇਤ ਕੁਲ 84 ਦੋਸ਼ ਆਇਦ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਐਮਰਸਨ ਦੇ ਵਕੀਲਾਂ ਨੇ ਗਰੈਂਡ ਜਿਊਰੀ ਦੇ ਫੈਸਲਾ 'ਤੇ ਸੁੱਖ ਦਾ ਸਾਹ ਲਿਆ ਹੈ ਤੇ ਕਿਹਾ ਹੈ ਕਿ ਉਹ ਖੁਸ਼ ਹਨ ਕਿ ਐਮਰਸਨ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਨਹੀਂ ਕੀਤੇ ਗਏ ਹਨ।



# ਅਮਰੀਕਾ ਵਿਚ ਭਾਰਤੀ-ਅਮਰੀਕੀ ਭਾਈਚਾਰੇ ਨੇ 'ਗਰਬਾ' ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ

## ਯੂਨੈਸਕੋ ਵੱਲੋਂ 'ਗਰਬਾ' ਨੂੰ ਸਭਿਆਚਾਰਕ ਵਿਰਾਸਤ ਸੂਚੀ ਵਿਚ ਸ਼ਾਮਿਲ ਕਰਨ ਉਪਰ ਪ੍ਰਗਟਾਈ ਖੁਸ਼ੀ





**ਸੈਕਰਾਮੈਂਟੋ, ਕੈਲੀਫੋਰਨੀਆ–** ਭਾਰਤੀ ਅਮਰੀਕੀ ਭਾਈਚਾਰੇ ਨੇ ਨਿਊਯਾਰਕ ਦੇ ਵਿਸ਼ਵ ਪ੍ਰਸਿੱਧ ਚੌਕ ਟਾਈਮਜ਼ ਸਕੁਏਅਰ ਵਿਖੇ 'ਗਰਬਾ' ਦੇ ਜਸ਼ਨ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਏ ਗਏ। ਇਸ ਮੌਕੇ ਹੋਏ ਇਕ ਵੱਡੇ ਇਕੱਠ ਵਿਚ ਨਿਊਜਰਸੀ ਸਮੇਤ ਨਿਊਯਾਰਕ ਦੇ ਆਸ ਪਾਸ ਦੇ ਖੇਤਰਾਂ ਵਿਚੋਂ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ। ਯੂਨੈਸਕੋ ਵੱਲੋਂ ਆਪਣੀ ਸਭਿਆਚਾਰਕ ਵਿਰਾਸਤ ਸੂਚੀ ਵਿਚ ਗਰਬਾ ਨੂੰ ਸ਼ਾਮਿਲ ਕਰਨ ਉਪਰ ਖੁਸ਼ੀ ਪ੍ਰਗਟ ਕਰਨ ਲਈ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਵੱਲੋਂ ਹੋਰ ਕਈ ਸੰਗਠਨਾਂ ਤੇ ਕੌਂਸਲੇਟ ਜਨਰਲ ਆਫ ਇੰਡੀਆ ਨਿਊਯਾਰਕ ਦੇ ਸਮਰਥਨ ਨਾਲ ਕਰਵਾਏ ਇਸ ਸਮਾਗਮ ਵਿਚ ਸ਼ਾਮਿਲ ਲੋਕਾਂ ਨੇ ਰਵ-ਾਇਤੀ ਗੁਜਰਾਤੀ ਨਾਚ ਕੀਤਾ ਤੇ ਇਕ ਦੂਸਰੇ ਨਾਲ ਖੁਸ਼ੀ ਸਾਂਝੀ ਕੀਤੀ। ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਸਭ ਨੂੰ ਖੁਲਾ ਸੱਦਾ ਦਿੱਤਾ ਗਿਆ ਸੀ। ਇਸ ਹਫਤੇ ਦੇ ਸ਼ੁਰੂ ਵਿਚ ਹੀ ਯੁਨੈਸਕੋ ਦੀ ਅੰਤਰਸਰਕਾਰੀ ਕਮੇਟੀ ਨੇ 'ਗਰਬਾ ਆਫ ਗੁਜਰਾਤ' ਨੂੰ ਸਭਿਆਚਾਰਕ ਵਿਰਾਸਤ ਸੂਚੀ ਵਿਚ ਸ਼ਾਮਿਲ ਕਰਨ ਦਾ ਐਲਾਨ ਕੀਤਾ ਸੀ।

# ਅਮਰੀਕਾ ਵਿਚ ਡੀ ਐਨ ਏ ਦੀ ਜਾਂਚ ਨਾਲ 25 ਸਾਲ ਪੁਰਾਣਾ ਜਬਰਜਨਾਹ ਤੇ ਹੱਤਿਆ ਦਾ ਮਾਮਲਾ ਹੱਲ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਵਿਚ ਤਕਰੀਬਨ 25 ਸਾਲ ਪੁਰਾਣਾ ਜਬਰਜਨਾਹ ਤੇ ਹੱਤਿਆ ਦਾ ਮਾਮਲਾ ਡੀ ਐਨ ਏ ਦੀ ਜਾਂਚ ਦੁਆਰਾ ਹੱਲ ਕਰ ਲਿਆ





ਗਿਆ ਹੈ। ਇਹ ਜਾਣਕਾਰੀ ਬਰੋਵਰਡ ਕਾਊਂਟੀ (ਫਲੋਰਿਡਾ) ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਜਾਰੀ ਬਿਆਨ ਵਿਚ ਸ਼ੈਰਿਫ ਗਰੇਗਰੀ ਟੋਨੀ ਨੇ ਕਿਹਾ ਹੈ ਕਿ ਪੀੜਤ ਦੀ ਪਛਾਣ ਈਲੀਨ ਟਰੁੱਪਨਰ ਤੇ ਹੱਤਿਆਰੇ ਦੀ ਪਛਾਣ 64 ਸਾਲਾ ਲੁਸੀਅਸ ਬਾਇਡ ਵਜੋਂ ਹੋਈ ਹੈ। ਬਾਇਡ ਪਹਿਲਾਂ ਹੀ ਜੇਲ ਵਿਚ ਹੈ ਤੇ ਉਸ ਨੂੰ ਟਰੁੱਪਨਰ ਦੀ ਹੱਤਿਆ ਤੋਂ 2 ਹਫਤੇ ਪਹਿਲਾਂ ਇਕ ਹੋਰ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਦਸੰਬਰ 1998 ਵਿਚ ਟਰੁੱਪਨਰ ਦੀ ਲਾਸ਼ ਦੱਖਣ ਪੱਛਮੀ ਬਰੋਵਰਡ ਕਾਊਂਟੀ ਵਿਚ ਯੂ ਐਸ ਰੂਟ 27 ਨੇੜੇ ਮਿਲੀ ਸੀ। ਸ਼ੈਰਿਫ ਦਫਤਰ ਦੇ ਕੈਪਟਨ ਜੋਨਾਥਨ ਬਰਾਊਨ ਨੇ ਕਿਹਾ ਹੈ ਕਿ ਉਨਾਂ ਦਾ ਪੱਕਾ ਵਿਸ਼ਵਾਸ਼ ਹੈ ਕਿ ਬਾਇਡ ਇਕ ਸੀਰੀਅਲ ਹੱਤਿਆਰਾ ਹੈ।

# ਕੈਲੀਫੋਰਨੀਆ ਦੇ ਭਾਰਤੀ ਅਮਰੀਕੀ ਡਾਕਟਰ ਸਚਿਨ ਸਿਹਤ ਸੰਭਾਲ ਖੇਤਰ ਦੇ ਸਭ ਤੋਂ ਵਧ 100 ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਸ਼ਾਮਿਲ



**ਸੈਕਰਾਮੈਂਟੋ, ਕੈਲੀਫੋਰਨੀਆ–** ਸਕੈਨ ਐਂਡ ਸਕੈਨ ਹੈਲਥ ਪਲੈਨ ਦੇ ਕੈਲੀਫੋਰਨੀਆ ਵਿਚਲੇ ਸੀ ਈ ਓ ਡਾ ਸਚਿਨ ਐਚ ਜੈਨ ਨੂੰ ਸਿਹਤ ਸੰਭਾਲ ਖੇਤਰ ਵਿਚ ਸਭ ਤੋਂ ਵਧ ਅਸਰਦਾਇਕ 100 ਵਿਅਕਤੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਮਾਡਰਨ ਹੈਲਥਕੇਅਰ ਦੇ 'ਮਾਨਤਾ ਪ੍ਰੋਗਰਾਮ' ਤਹਿਤ ਭਾਰਤੀ-ਅਮਰੀਕੀ ਡਾਕਟਰ ਸਚਿਨ ਦੀ ਚੋਣ ਸਿਹਤ ਸੰਭਾਲ ਖੇਤਰ ਵਿਚ ਪਾਏ ਸ਼ਾਨਦਾਰ ਯੋਗਦਾਨ ਦੇ ਮੱਦੇ ਨਜ਼ਰ ਹੋਈ ਹੈ। ਮਾਡਰਨ ਹੈਲਥ ਕੇਅਰ ਅਨੁਸਾਰ ਡਾ ਸਚਿਨ ਨੇ ਬਜ਼ੁਰਗਾਂ ਸਮੇਤ ਅਮਰੀਕੀ ਸਮਾਜ ਦੇ ਹਰ ਵਿਅਕਤੀ ਦੀ ਸਿਹਤ ਸੰਭਾਲ ਵਿਚ ਆਪਣਾ ਯੋਗਦਾਨ ਪਾਇਆ ਹੈ। ਜੈਨ ਨੇ ਘਰਾਂ ਵਿਚ ਬਜ਼ੁਰਗ ਵਿਅਕਤੀਆਂ ਲਈ ਡਾਕਟਰੀ ਸਹਾਇਤਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਿਸ ਤਹਿਤ ਡਾਕਟਰ ਉਨਾਂ ਦਾ ਹਾਲ ਚਾਲ ਜਾਣਨ ਲਈ ਉਨਾਂ ਦੇ ਘਰਾਂ ਵਿਚ ਜਾਂਦੇ ਹਨ। ਇਸ ਤੋਂ ਇਲਾਵਾ ਉਨਾਂ ਦੁਆਰਾ ਬੇਘਰੇ ਲੋਕਾਂ ਨੂੰ ਡਾਕਟਰੀ ਸਹਾਇਤਾ ਦੇਣ ਲਈ ਗਠਿਤ ਇਕ ਮੈਡੀਕਲ ਗਰੁੱਪ ਨੇ ਸਾਰੇ ਦੇਸ਼ ਦਾ ਧਿਆਨ ਖਿਚਿਆ ਹੈ ਜੋ ਗਰੁੱਪ ਕੈਲੀਫੋਰਨੀਆ ਵਿਚਲੀਆਂ 6 ਕਾਊਂਟੀਆਂ ਵਿਚ 1000 ਤੋਂ ਵਧ ਮਰੀਜਾਂ ਨੂੰ ਸੇਵਾਵਾਂ ਦੇ ਰਿਹਾ ਹੈ।

# ਅਮਰੀਕੀ ਅਦਾਲਤ ਨੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਨਬਾਲਗ ਨੂੰ ਸੁਣਾਈ ਉਮਰ ਭਰ ਲਈ ਜੇਲ ਦੀ ਸਜ਼ਾ



**ਸੈਕਰਾਮੈਂਟੋ, ਕੈਲੀਫੋਰਨੀਆ–** 2021 ਵਿਚ ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਆਪਣੇ 4 ਸਾਥੀ ਵਿਦਿਆਰਥੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਤੇ ਇਕ ਅਧਿਆਪਕ ਸਮੇਤ 6 ਹੋਰਨਾਂ ਨੂੰ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਅਦਾਲਤ ਨੇ 17 ਸਾਲਾ ਨਬਾਲਗ ਏਥਾਨ ਕਰੂੰਬਲੇ ਨੂੰ ਬਿਨਾਂ ਪੈਰੋਲ ਉਮਰ ਭਰ ਲਈ ਜੇਲ ਵਿਚ ਬੰਦ ਰਖਣ ਦੀ ਸਜ਼ਾ ਸੁਣਾਈ ਹੈ। ਓਕਲੈਂਡ ਕਾਊਂਟੀ ਸਰਕਟ ਕੋਰਟ ਜੱਜ ਵਾਮ ਰੋਏ ਨੇ ਬਚਾਅ ਪੱਖ ਦੇ ਵਕੀਲਾਂ ਵੱਲੋਂ ਆਖਰੀ ਸਮੇ ਵਿਚ ਕਰੂੰਬਲੇ ਦੀ ਉਮਰ ਦੇ ਮੱਦੇਨਜਰ ਉਸ ਨੂੰ ਮੁਆਫ ਕਰ ਦੇਣ ਦੀ ਕੀਤੀ ਅਪੀਲ ਰੱਦ ਕਰਦਿਆਂ ਕਿਹਾ ਕਿ ਏਥਾਨ ਕਰੂੰਬਲੇ ਨੇ ਖੁਦ ਅਦਾਲਤ ਨੂੰ ਕਿਹਾ ਹੈ ਕਿ ਇਹ ਹੋਰ ਕਿਸੇ ਦੀ ਨਹੀਂ ਬਲਕਿ ਉਸ ਦੀ ਆਪਣੀ ਗਲਤੀ ਹੈ। ਇਸ ਗੋਲੀਬਾਰੀ ਵਿਚ 17 ਸਾਲ ਤੋਂ ਘੱਟ ਉਮਰ ਦੇ 4 ਵਿਦਿਆਰਥੀ ਮਾਰੇ ਗਏ ਸਨ ਜਿਨਾਂ ਦੇ ਕਈ ਕਈ ਗੋਲੀਆਂ ਮਾਰੀਆਂ ਗਈਆਂ ਸਨ। ਮਾਰੇ ਗਏ ਵਿਦਿਆਰਥੀਆਂ ਵਿਚ ਜਸਟਿਨ ਸ਼ੀਲਿੰਗ , ਹਨਾ ਜੁਲੀਅਨਾ, ਟੇਟ ਮਾਇਰ ਤੇ ਮੈਡੀਸਿਨ ਬੈਲਡਵਿਨ ਸ਼ਾਮਿਲ ਹਨ। ਜਦੋਂ ਏਥਾਨ ਕਰੂੰਬਲੇ ਨੇ ਇਹ ਅਪਰਾਧ ਕੀਤਾ ਸੀ ਉਸ ਸਮੇ ਉਸ ਦੀ ਉਮਰ 15 ਸਾਲ ਸੀ।

# ਹੱਤਿਆ ਦੇ ਮਾਮਲੇ ਵਿੱਚ 20 ਸਾਲ ਜੇਲ ਕੱਟਣ ਉਪਰੰਤ ਨਿਰਦੋਸ਼ ਕਰਾਰ ਦੇ ਕੇ ਕੀਤਾ ਰਿਹਾਅ



**ਸੈਕਰਾਮੈਂਟੋ, ਕੈਲੀਫੋਰ-ਨੀਆ–** ਹੱਤਿਆ ਦੇ ਮਾਮਲੇ ਵਿਚ ਗਲਤ ਢੰਗ ਤਰੀਕੇ ਨਾਲ ਦੋਸ਼ੀ ਕਰਾਰ ਦੇ ਕੇ ਸੁਣਾਈ ਸਜ਼ਾ ਤਹਿਤ ਤਕਰੀਬਨ 20 ਸਾਲ ਜੇਲ ਕੱਟਣ ਉਪਰੰਤ ਇਕ ਵਿਅਕਤੀ ਨੂੰ ਨਿਰਦੋਸ਼ ਕਰਾਰ ਦੇ ਕੇ ਰਿਹਾਅ ਕਰ ਦੇਣ ਦੀ ਖਬਰ ਹੈ। ਮਿਨੀਸੋਟਾ ਦੇ 35 ਸਾਲਾ ਵਿਅਕਤੀ ਮਾਰਵਿਨ ਹੇਅਨਸ ਨੂੰ ਮਿਨੀਆਪੋਲਿਸ ਫਲਾਵਰ ਸ਼ਾਪ ਵਿਖੇ 55 ਸਾਲਾ ਰੈਂਡੀ ਸ਼ੈਰਰ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਪਹਿਲਾ ਦਰਜਾ ਹਤਿਆ ਲਈ 2004 ਵਿਚ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ ਸੀ। ਉਸ ਸਮੇ ਉਹ 16 ਸਾਲਾਂ ਦਾ ਸੀ। ਗਰੇਟ ਨਾਰਥ ਇਨੋਸੈਂਸ ਪ੍ਰੋਜੈਕਟ ਦੁਆਰਾ ਮਾਮਲੇ ਦੀ ਮੁੜ ਸਮੀਖਿਆ ਲਈ ਕੀਤੀ ਬੇਨਤੀ 'ਤੇ ਹੈਨਪਿਨ ਕਾਊਂਟੀ ਅਟਾਰਨੀ ਦਫਤਰ ਨੇ ਸਹਿਮਤੀ ਪ੍ਰਗਟਾਈ ਕਿ ਸਜ਼ਾ ਪ੍ਰਕ੍ਰਿਆ ਦੌਰਾਨ ਹੇਅਨਸ ਦੇ ਅਧਿਕਾਰ ਦੀ ਉਲੰਘਣਾ ਹੋਈ ਹੈ। ਇਹ ਵੀ ਦਲੀਲੀ ਦਿੱਤੀ ਗਈ ਕਿ ਇਹ ਮਾਮਲਾ ਸਮੁੱਚੇ ਤੌਰ 'ਤੇ ਗਵਾਹਾਂ ਦੇ ਬਿਆਨਾਂ 'ਤੇ ਅਧਾਰਤ ਸੀ ਜੋ ਬਾਅਦ ਵਿਚ ਮੁਕਰ ਗਏ ਸਨ। ਨਿਰਦੋਸ਼ ਕਰਾਰ ਦੇ ਕੇ ਹੇਅਨਸ ਨੂੰ ਮਿਨਿਆਪੋਲਿਸ ਜੇਲ ਵਿਚੋਂ ਰਿਹਾਅ ਕਰ ਦਿੱਤਾ ਗਿਆ। ਹੇਅਨਸ ਨੇ ਇਕ ਬਿਆਨ ਵਿਚ ਗਰੇਟ ਨਾਰਥ ਇਨੋਸੈਂਸ ਪ੍ਰੋਜੈਕਟ ਤੇ ਲੰਬੀ ਜੇਲ ਯਾਤਰਾ ਦੌਰਾਨ ਸਮਰਥਨ ਕਰਨ ਵਾਲੇ ਮਿਤਰਾਂ ਦੋਸਤਾਂ ਦਾ ਧੰਨਵਾਦ ਕੀਤਾ ਹੈ।



## ਚੌਥੀ ਬਰਸੀ ਸਮਾਗਮ

### ਸੰਤ ਭਗਵਾਨ ਦਾਸ ਜੀ (ਡੇਰਾ ਨਗਰ ਫਿਲੌਰ)

**ਸ਼੍ਰੀ ਅਖੰਡ ਪਾਠ ਸਾਹਿਬ**

ਆਰੰਭ : ਸ਼ੁੱਕਰਵਾਰ, 15 ਦਸੰਬਰ 2023 ਨੂੰ ਸਵੇਰੇ 11 ਵਜੇ

ਭੋਗ: ਐਤਵਾਰ, 17 ਦਸੰਬਰ 2023 ਨੂੰ ਸਵੇਰੇ 10 ਵਜੇ

ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ

ਆਪ ਜੀ ਨੂੰ ਪਰਿਵਾਰ ਸਮੇਤ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ

ਸੇਵਾ: ਸਮੂਹ ਸਾਧਸੰਗਤਿ ਜੀਉ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਸ਼੍ਰੀ ਸਤੀਸ਼ ਰੱਲ: (916) 214-9092 ਸ਼੍ਰੀ ਬਲਬੀਰ ਕਲੇਰ: (916) 769-8569

ਸ਼੍ਰੀ ਸ਼ਿੰਗਾਰਾ ਰੱਲ: (530) 713-1823

ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)

6221 16th Street Rio Linda CA 95673

ਗੁਰੂਘਰ ਫ਼ੋਨ: (916) 992-1710

Facebook & Youtube @ Shri Guru Ravidass Temple Sacramento

Not Ad

## ਅੰਤਿਮ ਅਰਦਾਸ



### ਸ਼੍ਰੀਮਤੀ ਵਿੱਦਿਆ ਚੰਦਰ

ਬੜੇ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਸ਼੍ਰੀਮਤੀ ਵਿੱਦਿਆ ਚੰਦਰ (ਧਰਮਪਤਨੀ ਅੰਬੈਸਡਰ ਰਮੇਸ਼ ਚੰਦਰ) ਦਿਨ ਵੀਰਵਾਰ 07 ਦਸੰਬਰ 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਦੇ ਆਤਮਿਕ ਸ਼ਾਂਤੀ ਲਈ

**ਕੀਰਤਨ ਅਤੇ ਅੰਤਿਮ ਅਰਦਾਸ**

ਮਿਤੀ 17 ਦਸੰਬਰ, 2023 ਦਿਨ ਐਤਵਾਰ ਨੂੰ ਦੁਪਿਹਰ 12:00 ਤੋਂ 2:00 ਵਜੇ ਤੱਕ ਸ਼੍ਰੀ ਗੁਰੂ ਰਵਿਦਾਸ ਧਾਮ, ਬੂਟਾਂ ਮੰਡੀ, ਜਲੰਧਰ ਵਿਖੇ ਹੋਵੇਗੀ ।

ਦੁੱਖੀ ਪਰਿਵਾਰ:-

ਅੰਬੈਸਡਰ ਰਮੇਸ਼ ਚੰਦਰ

ਅੰਜੂ-ਨਰੇਸ਼ ਚੰਦਰ

ਵਿਸ਼ਾਲੀ-ਜੇ.ਪੀ. ਸਿੰਘ

ਸੁਲੇਖਾ-ਰੁਪੇਸ਼ ਚੰਦਰ

ਕ੍ਰਿਸ਼ਨ ਲਾਲ

ਪਰਮਜੀਤ ਮਹੇ

M : 99885-10940, 97809-80973

Not Ad


# Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ

ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh


Dharminder Singh

Cell : 530-870-6600

Fax : (530) 870-1429

532 Houston St.

West Sacramento, CA 95691

Email: myfuturetruck@gmail.com

# ਪ੍ਰਮੋਦ ਕੁਮਾਰ ਧੀਰ ਨੂੰ 'ਖੇਲੋ ਇੰਡੀਆ ਪੈਰਾ ਗੇਮਜ਼-2023 ਦਿੱਲੀ' ਲਈ ਪੰਜਾਬ ਟੀਮ ਦਾ ਮੈਨੇਜਰ ਚੁਣਿਆ

**ਜੈਤੋ (ਪੱਤਰ ਪ੍ਰੇਰਕ)** ਪ੍ਰਮੋਦ ਕੁਮਾਰ ਧੀਰ ਬੋਸ਼ੀਆ ਫੈਡਰੇਸ਼ਨ ਆਫ ਇੰਡੀਆ ਅਤੇ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਵਿੱਚ ਆਨਰੇਰੀ ਤੌਰ ਤੇ ਪਿਛਲੇ 5-6 ਸਾਲਾਂ ਤੋਂ ਬਤੌਰ ਮੀਡੀਆ ਇੰਚਾਰਜ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ। ਜੈਤੋ ਵਾਸੀ ਪ੍ਰਮੋਦ ਕੁਮਾਰ ਧੀਰ ਸਰਕਾਰੀ ਹਾਈ ਸਕੂਲ ਢੈਪਈ (ਫ਼ਰੀਦਕੋਟ) ਵਿਖੇ ਬਤੌਰ ਕੰਪਿਊਟਰ ਅਧਿਆਪਕ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਉਣ ਦੇ ਨਾਲ ਨਾਲ ਇੱਕ ਸਮਾਜ ਸੇਵੀ ਅਤੇ ਲੇਖਕ ਵੀ ਹਨ। ਉਹ ਬਹੁਤ ਹੀ ਮਿਹਨਤੀ ਇਨਸਾਨ ਹਨ। ਇਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਪ੍ਰਮੋਦ ਕੁਮਾਰ ਨੂੰ ਮਿਤੀ 10-12-23 ਤੋਂ 17-12-23 ਤੱਕ ਦਿੱਲੀ ਵਿਖੇ ਹੋਣ ਵਾਲੀ ਨੈਸ਼ਨਲ ਚੈਂਪੀਅਨਸ਼ਿਪ 'ਖੇਲੋ ਇੰਡੀਆ ਪੈਰਾ ਗੇਮਜ਼-2023' ਦਾ ਪੰਜਾਬ ਟੀਮ ਲਈ ਮੈਨੇਜਰ ਨਿਯੁਕਤ ਕੀਤਾ ਗਿਆ ਹੈ। ਇਹ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਚੈਂਪੀਅਨਸ਼ਿਪ ਵਿੱਚ ਪੂਰੇ ਭਾਰਤ ਦੇ 32 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ 1400 ਖਿਡਾਰੀ ਵੱਖ ਵੱਖ ਪੈਰਾ ਖੇਡਾਂ ਵਿੱਚ ਖੇਡਣ ਲਈ ਪਹੁੰਚੇ ਹੋਏ ਹਨ। ਪ੍ਰਮੋਦ ਕੁਮਾਰ ਧੀਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੌਂਪੀ ਗਈ ਇਸ ਸੇਵਾ ਨੂੰ ਵੀ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਦੀ ਇਸ ਨਿਯੁਕਤੀ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਫ਼ਰੀਦਕੋਟ ਸ੍ਰ ਮੇਵਾ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਫ਼ਰੀਦਕੋਟ ਪਰਦੀਪ ਦਿਓੜਾ, ਮੁੱਖ ਅਧਿਆਪਕਾ ਚਿਤਰਾ ਕੁਮਾਰੀ, ਅਮਨਦੀਪ ਕੌਰ, ਪ੍ਰਿੰਸੀਪਲ ਮੋਹਿੰਦਰਪਾਲ ਸਿੰਘ, ਮੰਚ ਸੰਚਾਲਕ ਜਸਬੀਰ ਸਿੰਘ ਜੱਸੀ, ਬੋਸ਼ੀਆ ਫੈਡਰੇਸ਼ਨ ਆਫ ਇੰਡੀਆ ਦੇ ਅਹੁਦੇਦਾਰਾਂ ਜਸਪ੍ਰੀਤ ਸਿੰਘ ਧਾਲੀਵਾਲ, ਸਮਿੰਦਰ ਸਿੰਘ ਢਿੱਲੋਂ, ਡਾਕਟਰ ਰਮਨਦੀਪ ਸਿੰਘ, ਦਵਿੰਦਰ ਸਿੰਘ ਟਫੀ ਬਰਾੜ, ਗੁਰਪ੍ਰੀਤ ਸਿੰਘ ਧਾਲੀਵਾਲ, ਅਮਨਦੀਪ ਸਿੰਘ ਬਰਾੜ, ਜਗਰੂਪ ਸਿੰਘ ਸੂਬਾ, ਮਨਪ੍ਰੀਤ ਸਿੰਘ ਸੇਖੋਂ, ਜਸਇੰਦਰ ਸਿੰਘ, ਯਾਦਵਿੰਦਰ ਕੌਰ, ਜਸਵਿੰਦਰ ਸਿੰਘ ਧਾਲੀਵਾਲ, ਨਵੀ ਸ਼ਰਮਾ, ਜਸਵੰਤ ਢਿੱਲੋਂ, ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸਿੰਘ ਬਰਾੜ ਅਤੇ ਸਮੂਹ ਮੈਬਰਾਂ ਆਦਿ ਨੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।




# ਡਾ. ਕੇਵਲ ਧੀਰ ਨੂੰ ਮਿਲੇਗਾ ਨੈਸ਼ਨਲ ਗਾਲਿਬ ਐਵਾਰਡ

**ਫਗਵਾੜਾ (ਬੀ.ਕੇ. ਰੱਤੂ)** ਸਾਹਿਤ ਦੇ ਖੇਤਰ ਵਿਚ ਇਹ ਖ਼ਬਰ ਬੜੇ ਮਾਣ ਨਾਲ ਸੁਣੀ ਜਾਵੇਗੀ ਕਿ ਉਰਦੂ ਭਾਸ਼ਾ ਦੇ ਉੱਘੇ ਸਾਹਿਤਕਾਰ ਡਾ: ਕੇਵਲ ਧੀਰ ਨੂੰ ਸਾਲ 2023 ਦੇ ਰਾਸ਼ਟਰੀ ਗਾਲਿਬ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਐਲਾਨ ਦਿੱਲੀ ਵਿਚ ਬੀਤੇ ਦਿਨ ਹੋਈ ਗਾਲਿਬ ਇੰਸਟੀਚਿਊਟ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਕੀਤਾ ਗਿਆ। ਦੱਸਣਯੋਗ ਹੈ ਕਿ ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿਚ ਸੌ ਤੋਂ ਵੱਧ ਪੁਸਤਕਾਂ ਲਿਖ ਕੇ ਵਿਸ਼ਵ ਭਰ ਵਿਚ ਨਾਮਣਾ ਖੱਟਣ ਵਾਲੇ ਡਾ: ਕੇਵਲ ਧੀਰ ਫਗਵਾੜਾ ਦੇ ਮਰਹੂਮ ਡਾ: ਹੰਸਰਾਜ ਧੀਰ ਦੇ ਸਪੁੱਤਰ ਹਨ। ਉਨ੍ਹਾਂ ਨੂੰ ਦੁਨੀਆ ਦੇ ਕਈ ਦੇਸ਼ਾਂ ਵਿੱਚ ਸਨਮਾਨਿਤ ਕੀਤਾ ਗਿਆ ਹੈ। ਅੱਜ ਕੱਲ੍ਹ ਉਹਨਾਂ ਦੀ ਰਿਹਾਇਸ਼ ਲੁਧਿਆਣਾ ਵਿਖੇ ਹੈ। ਉਨ੍ਹਾਂ ਨੂੰ ਭਾਰਤ ਦੇ ਕਈ ਰਾਜਾਂ ਦੀਆਂ ਸਾਹਿਤਕ ਅਕਾਦਮੀਆਂ ਵੱਲੋਂ ਸਰਵਉੱਤਮ ਸਨਮਾਨਾਂ ਨਾਲ ਨਵਾਜਿਆ ਜਾ ਚੁੱਕਾ ਹੈ।



ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਦਿੱਤਾ ਗਿਆ ਸ਼੍ਰੋਮਣੀ ਸਾਹਿਤਕ ਪੁਰਸਕਾਰ ਪ੍ਰਾਪਤ ਕਰਨ ਵਾਲੇ ਡਾ. ਕੇਵਲ ਧੀਰ ਨੂੰ ਉਨ੍ਹਾਂ ਦੀ ਪੁਸਤਕ 'ਮੈਂ ਲਾਹੌਰ ਹੂੰ' ਲਈ ਪਿਛਲੇ ਮਹੀਨੇ ਗਿਆਨੀ, ਗਿਆਨ ਸਿੰਘ ਪੁਰਸਕਾਰ ਦਿੱਤਾ ਗਿਆ ਹੈ। ਉਨ੍ਹਾਂ ਦੇ ਛੋਟੇ ਭਰਾ ਡਾ. ਜਵਾਹਰ ਧੀਰ ਜੋ ਕਿ ਖੁਦ ਵੀ ਪ੍ਰਸਿੱਧ ਸਾਹਿਤਕਾਰ ਹਨ, ਉਹਨਾਂ ਨੇ ਦੱਸਿਆ ਕਿ ਡਾ. ਕੇਵਲ ਧੀਰ ਨੂੰ ਇਹ ਐਵਾਰਡ 22 ਦਸੰਬਰ ਨੂੰ ਗਾਲਿਬ ਅਕੈਡਮੀ ਇੰਸਟੀਚਿਊਟ ਵਿਖੇ ਪ੍ਰਦਾਨ ਕੀਤਾ ਜਾਵੇਗਾ। ਦੋਆਬਾ ਸਾਹਿਤ ਅਤੇ ਕਲਾ ਅਕਾਦਮੀ ਦੇ ਸਰਪ੍ਰਸਤ ਠਾਕੁਰ ਦਾਸ ਚਾਵਲਾ ਅਤੇ ਪ੍ਰੋ। ਕੈਲਾਸ਼ ਭਾਰਦਵਾਜ ਤੋਂ ਇਲਾਵਾ ਲੇਖਕ ਰਵਿੰਦਰ ਸਿੰਘ ਚੋਟ, ਰਾਜੇਸ਼ ਆਧਿਆਏ, ਦਲੀਪ ਪਾਂਡੇ, ਮਨੋਜ ਫਗਵਾੜਵੀ, ਹਰਚਰਨ ਭਾਰਤੀ ਸਮੇਤ ਸੀਨੀਅਰ ਸਿਟੀਜ਼ਨ ਕੌਂਸਲ ਨੇ ਡਾ: ਧੀਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਡਾ। ਫਗਵਾੜਾ ਦੇ ਹੋਣਹਾਰ ਪੁੱਤਰ ਡਾ. ਕੇਵਲ ਧੀਰ ਨੇ ਸਾਹਿਤ ਦੇ ਖੇਤਰ ਵਿਚ ਬੁਲੰਦੀਆਂ ਹਾਸਿਲ ਕਰਕੇ ਫਗਵਾੜਾ ਦਾ ਨਾਮ ਰੌਸ਼ਨ ਕੀਤਾ ਹੈ।

# ਕਰੋਨਾ ਵਲੰਟੀਅਰਾਂ ਨੇ ਨੌਕਰੀ ਤੇ ਬਹਾਲ ਕਰਨ ਲਈ ਡਿਪਟੀ ਸਪੀਕਰ ਨੂੰ ਦਿੱਤਾ ਮੰਗ ਪੱਤਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਐਨ ਐਚ ਐਮ ਕੋਵਿਡ-19 ਮੈਡੀਕਲ ਅਤੇ ਪੈਰਾ-ਮੈਡੀਕਲ ਵਲੰਟਰੀਅਰ ਯੂਨੀਅਨ ਰਾਜਵਿੰਦਰ ਸਿੰਘ ਦੀ ਅਗਵਾਈ ਹੇਠ ਨਵਾਂਸ਼ਹਿਰ ਤੇ ਹੁਸ਼ਿਆਰਪੁਰ ਯੂਨੀਅਨ ਦੇ ਕਰੋਨਾ ਵਾਲੰਟੀਅਰਾਂ ਵਲੋਂ ਅੱਜ ਆਪਣੀਆਂ ਮੰਗਾਂ ਨੂੰ ਮੁੱਖ ਰੱਖਦੇ ਹੋਏ ਹਲਕਾ ਗੜ੍ਹਸ਼ੰਕਰ ਤੋਂ ਵਿਧਾਇਕ ਜੈ ਕਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਨੂੰ ਕਰੋਨਾ ਵਲੰਟੀਅਰ ਨੂੰ ਨੌਕਰੀ ਤੇ ਬਹਾਲ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ। ਡਿਪਟੀ ਸਪੀਕਰ ਨੇ ਭਰੋਸਾ ਦਿੱਤਾ ਕਿ ਤੁਹਾਡੀਆਂ ਮੰਗਾਂ ਨੂੰ ਜਲਦੀ ਪਰਵਾਨ ਕੀਤਾ ਜਾਵੇਗਾ। ਯੂਨੀਅਨ ਦੇ ਮੈਂਬਰਾਂ ਵਲੋਂ ਦਿੱਤੇ ਆਦਰ ਲਈ ਡਿਪਟੀ ਸਪੀਕਰ ਦਾ ਧੰਨਵਾਦ ਕੀਤਾ ਗਿਆ। ਦੱਸਣਯੋਗ ਹੈ ਕਿ ਇਹ ਉਹੀ ਕਰੋਨਾ ਵਲੰਟੀਅਰ ਹਨ, ਜਿਨ੍ਹਾਂ ਨੂੰ ਕਾਂਗਰਸ ਸਰਕਾਰ ਵੇਲੇ ਕਰੋਨਾ ਮਹਾਂਮਾਰੀ ਸਮੇਂ ਪੰਜਾਬ ਦੇ ਲੋਕਾਂ ਤੇ ਪੰਜਾਬ ਸਰਕਾਰ ਦਾ ਸਾਥ ਦੇ ਕੇ ਆਮ ਜਨਤਾ ਨੂੰ ਮੌਤ ਦੇ ਮੂੰਹ ਚ ਜਾਣ ਤੋਂ ਬਚਾਇਆ ਸੀ। ਕਰੋਨਾ ਮਹਾਂਮਾਰੀ ਜਦੋਂ ਕੁੱਝ ਘਟੀ ਤਾਂ ਸਰਕਾਰ ਨੇ ਇਹਨਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਇਸ ਮੌਕੇ ਆਯੂਰਵੈਦਿਕ ਪ੍ਰੈਕਟੀਸ਼ਨਰ ਵੈਲਫੇਅਰ ਐਸਸੀਏਸ਼ਨ ਗੜਸ਼ੰਕਰ ਤੇ ਪ੍ਰਧਾਨ ਵੈਦ ਹਰਭਜ ਮਹਿਮੀ ਦੀ ਪੂਰੀ ਟੀਮ ਨੇ ਕਰੋਨਾ ਵਲੰਟੀਅਰ ਯੂਨੀਅਨ ਦੀ ਹਮਾਇਤ ਕੀਤੀ ਤੇ ਹਰ ਸੰਘਰਸ਼ਵਿਚਸਾਥ ਦੇਣ ਦਾ ਵੀ ਭਰੋਸਾ ਦਿੱਤਾ। ਇਸ ਮੌਕੇ ਪ੍ਰਧਾਨ ਪੁਨੀਤ, ਮਨਪ੍ਰੀਤ ਸੂਦ, ਮੀਨਾ ਰਾਣੀ, ਜਸਵੀਰ ਸਿੰਘ, ਗੁਰਪ੍ਰੀਤ ਸਿੰਘ ਹਾਜਿਰ ਸਨ।








# ਪੁੰਗਰਦੇ ਹਰਫ (ਵਿਸ਼ਵ ਸਾਹਿਤਕ ਮੰਚ) ਵੱਲੋਂ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਬਠਿੰਡਾ ਵਿਖੇ

ਜ਼ੂਮ ਦੇ ਸਾਗਰ 'ਚੋਂ ਨਿਕਲ, ਮਾਂ ਧਰਤੀ ਦੀ ਗੋਦ ਵਿੱਚ ਬਹਿੰਦਿਆਂ , ਪੁੰਗਰਦੇ ਹਰਫ (ਵਿਸ਼ਵ ਸਾਹਿਤਕ ਮੰਚ) ਨੇ ਆਪਣੇ ਜ਼ਜਬਾਤਾਂ ਰਾਹੀਂ ਅੰਬਰੀਂ ਉਡਾਰੀਆਂ ਲਾਉਣ ਅਤੇ ਮਾਂ ਬੋਲੀ ਪੰਜਾਬੀ ਦੇ ਝੰਡੇ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਬਠਿੰਡਾ ਦੀ ਸਰ-ਜ਼ਮੀ 'ਤੇ 'ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ' ਵਿੱਚ ਇਕ ਪ੍ਰਭਾਵਸ਼ਾਲੀ 'ਅੰਤਰਰਾਸ਼ਟਰੀ ਸਾਹਿਤਕ ਸਮਾਗਮ' ਦਿਸੰਬਰ 10,2023 ਨੂੰ ਆਯੋਜਿਤ ਕੀਤਾ।ਪੁੰਗਰਦੇ ਹਰਫ਼ ਦੀ ਸੰਸਥਾਪਿਕਾ ਰਮਨਦੀਪ ਕੌਰ ਰੰਮੀ,ਪ੍ਰਧਾਨ ਅਮਨਬੀਰ ਸਿੰਘ ਧਾਮੀ (ਸਾਊਥ ਕੋਰੀਆ) ਅਤੇ ਸਲਾਹਕਾਰ ਵਿਅੰਗਕਾਰ ਮੰਗਤ ਕੁਲਜਿੰਦ ਨੇ ਇਸ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕੀਤੀ। ਇਸ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ, ਪੁੰਗਰਦੇ ਹਰਫ਼ ਗਰੁੱਪ ਦੇ ਮੈਂਬਰਜ਼ ਆਪਣੀਆਂ ਵੱਖੋ ਵੱਖਰੇ ਰੰਗ ਦੀਆਂ ਰਚਨਾਵਾਂ ਲੈ ਕੇ ਪਹੁੰਚੇ।ਇਟਲੀ ਤੋਂ ਵਿਸ਼ੇਸ਼ ਤੌਰ ਤੇ ਆਏ, ਸ਼ਬਦਾਂ ਦੇ ਜਾਦੂਗਰ ਦਲਜਿੰਦਰ ਰਹਿਲ ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਸਨ ਜਦੋਂ ਕਿ ਕੈਨੇਡਾ ਤੋਂ ਆਏ ਬਹੁ-ਵਿਧਾਵੀ ਲੇਖਕ ਬਿਕਰਮਜੀਤ ਨੂਰ ਜੀ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਇਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਸਰਵ ਸ਼੍ਰੀ ਪ੍ਰਿੰ।ਤਸ਼ਵਿੰਦਰ ਸਿੰਘ ਮਾਨ, (ਦਸ਼ਮੇਸ਼ ਪਬਲਿਕ ਸੀ.ਸੈ. ਸਕੂਲ ਬਠਿੰਡਾ), ਸੁਖਦਰਸ਼ਨ ਗਰਗ ਪ੍ਰਧਾਨ ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ, ਅਮਰਜੀਤ ਸਿੰਘ ਪੇਂਟਰ ਸਟੇਟ ਐਵਾਰਡੀ, ਕਹਾਣੀਕਾਰ ਜਸਪਾਲ ਮਾਨਖੇੜਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਬਠਿੰਡਾ, ਪ੍ਰਿੰ. ਡਾ. ਕਮਲਪ੍ਰੀਤ ਕੌਰ ਸੰਧੂ ਮੰਚ ਦੇ ਸਲਾਹਕਾਰ, ਸੁਸ਼ੋਭਿਤ ਸਨ। ਪ੍ਰਧਾਨਗੀ ਮੰਡਲ ਵੱਲੋਂ ਸ਼ਮਾ ਰੋਸ਼ਨ ਕਰਨ ਤੋਂ ਬਾਅਦ ਸਟੇਜ ਸੰਚਾਲਿਕਾ ਕਿਰਨਜੀਤ ਕੌਰ ਨੇ ਮੰਚ ਦੀ ਸੰਸਥਾਪਿਕਾ ਨੂੰ ਆਏ ਹੋਏ ਕਵੀ-ਕਵਿੱਤਰੀਆਂ ਅਤੇ ਮਹਿਮਾਨਾਂ ਨੂੰ 'ਜੀ ਆਇਆਂ' ਕਹਿਣ ਦਾ ਸੱਦਾ ਦਿੱਤਾ। ਖੂਬਸੂਰਤ ਸ਼ਬਦਾਂ ਦੀ ਵਾਕ-ਲੜੀ ਨਾਲ ਆਏ ਹੋਏ ਮਹਿਮਾਨਾਂ ਦੇ ਕਦਮਾਂ ਨੂੰ ਸਿਰ ਮੱਥੇ ਪ੍ਰਵਾਣ ਕਰਦਿਆਂ ਰਮਨਦੀਪ ਕੌਰ ਰੰਮੀ ਨੇ ਮੰਚ ਦੇ ਉਦੇਸ਼ਾਂ ਅਤੇ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਅੱਜ ਦੇ ਸਮਾਗਮ ਦੇ ਮੁੱਖ-ਆਕਰਸ਼ਣ 'ਅੰਤਰ ਰਾਸ਼ਟਰੀ ਕਵੀ ਦਰਬਾਰ' ਵਿੱਚ- ਲੱਕੀ ਕਮਲ ਲੁਧਿਆਣਾ, ਗ਼ਜ਼ਲਗੋ ਅਮਰਜੀਤ ਸਿੰਘ ਜੀਤ ਬਠਿੰਡਾ, ਕੁਲਦੀਪ ਸਿੰਘ ਬੰਗੀ ਬਠਿੰਡਾ, ਡਾ. ਗੁਰਸ਼ਰਨ ਸਿੰਘ ਅੰਮ੍ਰਿਤਸਰ, ਮਾਸਟਰ ਜਗਨ ਨਾਥ ਬਠਿੰਡਾ,ਜਸਵਿੰਦਰ ਕੌਰ ਜੱਸੀ,ਮਨਦੀਪ ਕੌਰ ਭਦੌੜ, ਸਿਮਰਪਾਲ ਕੌਰ ਬਠਿੰਡਾ,ਰਾਜਦੇਵ ਕੌਰ ਬਠਿੰਡਾ, ਕਿਰਨਜੀਤ ਕੌਰ ਜੈਤੋ, ਮਨਦੀਪ ਸਿਧੂ,ਰਾਜਿੰਦਰ ਗੰਢੂਆ, ਕਸ਼ਮੀਰ ਸਿੰਘ ਸਰਾਵਾਂ, ਰਣਜੀਤ ਗੌਰਵ ਸਕੱਤਰ ਪੰ.ਸਾ.ਸਭਾ ਬਠਿੰਡਾ, ਕਿਰਨਜੀਤ ਕੌਰ, ਅੰਜੂ ਅਮਨਦੀਪ ਗਰੋਵਰ ਅਤੇ ਕੁਲਵੰਤ ਕੌਰ ਆਦਿ ਨੇ ਆਪਣੀਆਂ ਕਾਵਿਕ ਰਚਨਾਵਾਂ ਰਾਹੀਂ ਭਾਵਨਾਵਾਂ ਅਤੇ ਜ਼ਜਬਾਤਾਂ ਦੀ ਸਾਂਝ ਪਾਈ। ਬਿਕਰਮਜੀਤ ਨੂਰ ਜੀ ਨੇ ਮਿਲ ਬੈਠ ਅਜਿਹੇ ਪ੍ਰੋਗਰਾਮ ਕਰਨ ਦੀ ਲੋੜ ਤੇ ਜ਼ੋਰ ਦਿੰਦਿਆਂ ਸ਼ਬਦਾਂ ਸੰਗ ਸਾਂਝ ਪਾਉਣ ਦੀ ਵਕਾਲਤ ਕੀਤੀ ਅਤੇ ਆਪਣੀ ਨਜ਼ਮ ਸਰੋਤਿਆਂ ਨਾਲ ਸਾਂਝੀ ਕੀਤੀ। ਜਸਪਾਲ ਮਾਨਖੇੜਾ ਜੀ ਨੇ ਕਵੀ ਦਰਬਾਰ ਦਾ ਹਿੱਸਾ ਬਣਦਿਆਂ ਲੇਖਕਾਂ ਨੂੰ 'ਪਰ' ਦੀ ਗੱਲ ਕਰਨ ਦੇ ਆਪਣੇ ਫ਼ਰਜ਼ਾਂ ਦੀ ਯਾਦ ਦਿਲਾਈ। ਸੁਖਦਰਸ਼ਨ ਗਰਗ ਨੇ ਆਪਣੀਆ ਮਜ਼ਾਹੀਆਂ ਰੰਗ ਦੀਆਂ ਰੁਬਾਈਆਂ ਨਾਲ ਮਾਹੌਲ ਨੂੰ ਹਲਕਾ ਕੀਤਾ। ਸਦਾ ਹੀ ਬੁਰਸ਼ੀ-ਰੰਗਾਂ ਨਾਲ ਅਠਖੇਲੀਆਂ ਕਰਦੇ ਰਹਿਣ ਵਾਲੇ ਅਮਰਜੀਤ ਸਿੰਘ ਪੇਂਟਰ ਨੇ ਅੱਜ ਕਾਵਿ ਵਿੱਚ ਵੀ ਰੰਗ ਭਰਿਆ।ਯੁਗਾਂ ਯੁਗਾਂ ਤੋਂ ਚੱਲਦੇ ਆਉਂਦੇ ਪ੍ਰਵਾਸ ਦੇ ਵਹਿਣਾਂ ਦੀ ਗੱਲ ਕਰਦਿਆਂ ਦਲਜਿੰਦਰ ਰਹਿਲ ਜੀ ਨੇ ਮਾਂ ਬੋਲੀ ਪੰਜਾਬੀ ਨੂੰ ਨਾ ਭੁੱਲਣ ਦੀ ਕਸਮ ਪਾਉਣ ਅਤੇ ਸ਼ਬਦ-ਸ਼ਕਤੀ ਸੰਗ ਚਿੰਤਕ ਬਣਕੇ ਵਿਚਰਨ ਦੀ ਗੱਲ ਕੀਤੀ। 'ਪੰਜਾਬੀ ਸਦਾ ਜਿਉਂਦੀ ਰਹੇਗੀ' ਦੇ ਸਮਰਥਕ ਰਹਿਲ ਜੀ ਨੇ ਤਿੰਨ ਕਵਿਤਾਵਾਂ 'ਪੰਜਾਬ', 'ਪਿਆਸ' ਅਤੇ 'ਪ੍ਰਵਾਸ' ਦੇ ਅਦਬੀ ਸ਼ਬਦਾਂ ਦੀ ਮਹਿਕ ਵੰਡੀ। ਜਿੱਥੇ ਕਸ਼ਮੀਰ ਸਿੰਘ ਸਰਾਵਾਂ ਨੇ ਕਵੀਸ਼ਰੀ ਦੀ ਤਰਜ਼ ਤੇ ਰੰਗ ਬੰਨਿਆ ਤੇ ਮਲਵਈ ਗਿੱਧੇ ਦੀਆਂ ਕੁਝ ਬੋਲੀਆਂ ਸੁਣਾਈਆਂ ਉਥੇ ਰਮਨਦੀਪ ਰੰਮੀ ਨੇ ਆਪਣੀ ਚਰਚਿਤ ਗ਼ਜ਼ਲ 'ਬਹੁਤੇ ਦੁੱਖ ਤੇ ਘੱਟ ਹਿਯਾਤੀ, ਹੋ ਗੀ ਵੱਟੋ ਵਟ ਹਿਯਾਤੀ' ਨੂੰ ਆਵਾਜ਼ ਦਿੱਤੀ।ਮਨੁੱਖੀ ਜ਼ਿੰਦਗੀ ਵਿੱਚ ਲੋੜੋਂ ਵੱਧ ਘੁਸਪੈਠ ਕਰ ਬੈਠੇ ਫੋਨ ਦੇ ਦੁਸ਼-ਪ੍ਰਭਾਵਾਂ ਦਾ ਜ਼ਿਕਰ ਮੰਗਤ ਕੁਲਜਿੰਦ ਨੇ ਆਪਣੇ ਕਾਵਿ-ਵਿਅੰਗ 'ਸਮਾਰਟ ਫੋਨ' ਵਿੱਚ ਕੀਤਾ ਅਤੇ ਨਾਲ ਦੀ ਨਾਲ ਉਹਨਾਂ ਬਾਹਰੋਂ ਆਏ ਮਹਿਮਾਨਾਂ ਦੀ ਜਾਣ-ਪਛਾਣ ਸਰੋਤਿਆਂ ਨੂੰ ਕਰਵਾਈ। ਆਪਣੀ ਬੁਲੰਦ ਆਵਾਜ਼ ਅਤੇ ਸੁਝਾਰੂ ਸ਼ਬਦਾਂ ਨਾਲ ਸਟੇਜ ਸੰਚਾਲਨ ਦੇ ਕੰਮ ਨੂੰ ਸਿਰੇ ਪਹੁੰਚਾਉਂਦਿਆਂ ਕਿਰਨਜੀਤ ਕੌਰ ਨੇ ਸਮੇਂ ਸਮੇਂ ਲੋੜ ਮੁਤਾਬਿਕ ਸ਼ੇਅਰ ਬੋਲੇ ਉਥੇ ਉਸਨੇ ਆਪਣੇ ਲਿਖੇ ਕਬਿਤ ਰਾਹੀਂ ਹਿੱਸਾ ਪਾਇਆ।

ਇਸ ਕਵੀ ਦਰਬਾਰ ਵਿੱਚ ਕਵੀਆਂ ਨੂੰ ਸ਼ੁਭ ਇਛਾਵਾਂ ਦੇਣ ਲਈ ਆਪਣੇ ਕੀਮਤੀ ਸਮੇਂ 'ਚੋਂ ਸਮਾਂ ਕੱਢ ਕੇ ਆਏ ਕੈਨੇਡਾ ਵਾਸੀ ਸ੍ਰ. ਦਲਜੀਤ ਸਿੰਘ ਗੈਦੂ (ਚੇਅਰਮੈਨ ਸਰਵ ਸਾਂਝਾਂ ਕਵੀ ਦਰਬਾਰ) ਵੀ ਪਹੁੰਚੇ। ਲੁਧਿਆਣਾ ਤੋਂ ਵਿਸ਼ੇਸ਼ ਤੌਰ ਤੇ ਆਪਣੇ ਪਰਿਵਾਰ ਸਮੇਤ ਪਹੁੰਚੀ ਅੰਜੂ ਗਰੋਵਰ ਅਤੇ ਆਪਣੇ ਪਰਿਵਾਰ ਸੰਗ ਪਹੁੰਚੇ ਲੱਕੀ ਕਮਲ ਨੇ, ਪ੍ਰਬੰਧਕਾਂ ਨੂੰ ਸਫਲ ਪ੍ਰੋਗਰਾਮ ਲਈ ਵਧਾਈ ਦਿੰਦਿਆਂ, ਉਹਨਾਂ ਦਾ ਸਨਮਾਨ ਕੀਤਾ। ਪ੍ਰਧਾਨਗੀ ਭਾਸ਼ਣ ਵਿੱਚ ਬਿਕਰਮਜੀਤ ਨੂਰ ਜੀ ਨੇ ਪੇਸ਼ ਕਵਿਤਾਵਾਂ ਦੀ ਸੰਖੇਪ ਸਮੀਖਿਆ ਕੀਤੀ।

ਤਜਿੰਦਰ ਝੀਡੇਕਲਾਂ, ਕਰਨਦੀਪ ਸਿੰਘ ਗਿੱਲ, ਜਸਵੀਰ ਸਿੰਘ, ਗੁਰਮੀਤ ਸਿੰਘ, ਪਰਮਿੰਦਰ ਸਿੰਘ, ਭੁਪਿੰਦਰ ਕੌਰ, ਮਨਰਾਜ ਕੌਰ, ਸੁਨੀਤਾ ਰਾਨੀ, ਕਮਲ ਦੀਪ ਕੌਰ ਆਦਿ ਦੀ ਹਾਜ਼ਰੀ ਵੀ ਸਮਾਗਮ ਦੀ ਸ਼ੋਭਾ ਵਧਾ ਰਹੀ ਸੀ।





ਕਵੀ ਕਵਿਤਰੀਆਂ ਅਤੇ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਅਤੇ ਲੇਖਕਾਂ ਦੀਆਂ ਨਵੀਆਂ ਛਪੀਆਂ ਪੁਸਤਕਾਂ ਭੇਂਟ ਕੀਤੀਆਂ ਗਈਆਂ। ਅੱਜ ਦੇ ਇਸ ਪ੍ਰੋਗਰਾਮ ਦਾ ਹਿੱਸਾ ਬਣੀਆਂ ਸਾਰੀਆਂ ਸ਼ਖਸੀਅਤਾਂ ਦਾ ਅੰਤ ਵਿੱਚ ਅਦਬੀ ਸ਼ਬਦਾਂ ਨਾਲ ਧੰਨਵਾਦ ਕੀਤਾ ਗਿਆ। ਮੰਚ ਦੇ ਚੇਅਰਮੈਨ ਬਲਿਹਾਰ ਸਿੰਘ ਲਹਿਲ ਸਿਆਟਲ ਅਤੇ ਮੰਚ ਦੇ ਪ੍ਰਧਾਨ ਅਮਨਬੀਰ ਸਿੰਘ ਧਾਮੀ ਸਾਊਥ ਕੋਰੀਆ ਨੇ ਵੀ ਸੋਸ਼ਲ ਮੀਡੀਏ ਰਾਹੀਂ ਸ਼ਮੂਲੀਅਤ ਕੀਤੀ। ਸਾਰੇ ਸਮਾਗਮ ਨੂੰ ਜੀ।ਟੀ।ਵੀ।ਨੈਟਵਰਕ ਅਤੇ ਜੀਵਨ ਟੀ.ਵੀ. ਤੇ ਪੇਸ਼ ਕਰਨ ਲਈ ਇਸ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕਰਨ ਦੀ ਡਿਊਟੀ ਕਿਰਨਜੀਤ ਕੌਰ ਨੇ ਨਿਭਾਈ। ਚਾਹ ਪਾਣੀ ਅਤੇ ਲੰਗਰ ਲਈ ਸੁਖਦੇਵ ਰਾਮ ਸ਼ਰਮਾ ਜੀ ਦੀਆਂ ਸੇਵਾਵਾਂ ਹਾਜ਼ਰ ਸਨ।

**ਰਮਨਦੀਪ ਕੌਰ ਰੰਮੀ ਸੰਸਥਾਪਿਕਾ, ਪੁੰਗਰਦੇ ਹਰਫ**
**(ਵਿਸ਼ਵ ਸਾਹਿਤਕ ਮੰਚ)+91 82649-88820**
**ਮੰਗਤ ਕੁਲਜਿੰਦ ਸਲਾਹਕਾਰ, ਪੁੰਗਰਦੇ ਹਰਫ**
**(ਵਿਸ਼ਵ ਸਾਹਿਤਕ ਮੰਚ), +91 94177-53892**

# ਇਤਿਹਾਸਕ ਧਰਮ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਕੀਰਤਨ ਦਰਬਾਰ ਸਜਾਏ ਗਏ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸ਼੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਕੀਰਤਨ ਦਰਬਾਰ ਸਜਾਏ ਗਏ। ਜਿਸ ਵਿੱਚ ਗੁਰੂਘਰ ਦੇ ਹੈਡ ਗ੍ਰੰਥੀ ਬਾਬਾ ਨਰੇਸ਼ ਸਿੰਘ ਜੀ ਨੇ ਜੁੜੀਆਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਉਹਨਾਂ ਨੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਚਾਨਣਾ ਪਾਉਂਦਿਆਂ ਗੁਰਬਾਣੀ ਨਾਲ ਜੋੜਿਆ ਅਤੇ ਗੁਰੂਘਰ ਵਿਖੇ ਨਵੇਂ ਉਸਾਰੇ ਜਾ ਰਹੇ ਗੁਰਦੁਆਰਾ ਸਾਹਿਬ ਲਈ ਕਾਰ ਸੇਵਾ ਵਿੱਚ ਯੋਗਦਾਨ ਪਾਉਣ ਲਈ ਵੀ ਫੇਨਤੀ ਕੀਤੀ।



ਇਸ ਮੌਕੇ ਬੂਟਾ ਮੰਡੀ ਜਲੰਧਰ ਤੋਂ ਸਵਾਮੀ ਬਲਰਾਮ ਜੀ ਚਾਰ ਬੱਸਾਂ ਸੰਗਤਾਂ ਦੀਆਂ ਰੈ ਕੇ ਗੁਰੂਘਰ ਵਿਖੇ ਨਤਮਸਤਕ ਹੋਣ ਪਹੁੰਚੇ। ਸੰਗਤਾਂ ਨੂੰ ਗੁਰੂਘਰ ਇਤਿਹਾਸ ਨਾਲ ਵੀ ਜੋੜਨਾ ਕੀਤਾ। ਇਸ ਮੌਕੇ ਗੁਰੂਘਰ ਦੀ ਸੇਵਾ ਲਈ ਸ਼੍ਰੀ ਗੁਰੂ ਰਵਿਦਾਸ ਧਾਮ ਬੂਟਾ ਮੰਡੀ ਵਲੋਂ 11,000 ਦੀ ਸੇਵਾ ਵੀ ਭੇਂਟ ਕੀਤੀ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਕੇਵਲ ਸਿੰਘ, ਚੇਅਰਮੈਨ ਡਾਕਟਰ ਕੁਲਵਰਨ ਸਿੰਘ, ਸਰਪੰਚ ਰੌਸ਼ਨ ਲਾਲ, ਬਾਬਾ ਨਰੇਸ਼ ਸਿੰਘ, ਬਾਬਾ ਸੁਖਦੇਵ ਸਿੰਘ, ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਚੌਧਰੀ ਜੀਤ ਰਾਮ ਬਗਵਾਂਈ, ਬਾਬਾ ਹਰਭਜਨ ਸਿੰਘ, ਸਤਪਾਲ ਸਿੰਘ, ਬਿੰਦਰ ਸਿੰਘ ਤੇ ਡਾਕਟਰ ਜਸਵੀਰ ਸਿੰਘ ਵਿੱਕੀ ਵੀ ਮੌਜੂਦ ਸਨ।

# ਸਰੋਤਿਆਂ ਦੀ ਨਜ਼ਰ ਵਿੱਚ ਪ੍ਰਵਾਨ ਹੋਈ ਸੁਰੀਲੀ ਸੁਰ ਦਾ ਨਾਮ ਹੈ - ਲੋਕ ਗਾਇਕ ਐਸ ਰਿਸ਼ੀ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਕਹਿੰਦੇ ਨੇ ਮਿਹਨਤ ਸਫ਼ਲਤਾ ਦੀ ਕੁੰਜੀ ਹੁੰਦੀ ਹੈ, ਜੋ ਇਨਸਾਨ ਮਿਹਨਤ ਦੀ ਕੁਠਾਲੀ ਵਿੱਚ ਪੈ ਕੇ ਕਾਮਯਾਬੀ ਦੀ ਮੰਜ਼ਿਲ ਨੂੰ ਦੇਖਣ ਦੀ ਤਾਂਘ ਰੱਖਦਾ ਹੈ , ਉਹ ਇੱਕ ਨਾ ਇੱਕ ਦਿਨ ਆਪਣੀ ਮਿਹਨਤ ਦੇ ਬਲਬੂਤੇ ਤੇ ਕਾਮਯਾਬੀ ਦੀ ਮੰਜ਼ਿਲ ਨੂੰ ਸਰ ਵੀ ਕਰ ਲੈਂਦਾ ਹੈ । ਮਿਹਨਤ ਕਰਨ ਵਾਲਾ ਵਿਅਕਤੀ ਕਦੇ ਵੀ ਕਿਸੇ ਫੀਲਡ ਵਿੱਚ ਪਿੱਛੇ ਨਹੀਂ ਰਹਿ ਸਕਦਾ । ਪੰਜਾਬੀ ਗਾਇਕੀ ਵਿੱਚ ਅਨੇਕਾਂ ਕਲਾਕਾਰ ਹਨ , ਜੋ ਮਿਹਨਤ ਦੇ ਬਲਬੂਤੇ ਤੇ ਕਾਮਯਾਬੀ ਦੀ ਮੰਜ਼ਿਲ ਸਰ ਕਰ ਚੁੱਕੇ ਹਨ। ਇਹਨਾਂ ਗਾਇਕ ਕਲਾਕਾਰਾਂ ਦੀ ਕਤਾਰ ਵਿੱਚ ਹੀ ਇੱਕ ਦੁਆਬੇ ਦਾ ਪ੍ਰਸਿੱਧ ਕਲਾਕਾਰ ਹੈ ਐਸ ਰਿਸ਼ੀ । ਜੋ ਕਿ ਆਪਣੀ ਕਿਸਮਤ ਨੂੰ ਬਣਾਉਣ ਵਿੱਚ ਆਪਣੇ ਨਵੇਂ ਟਰੈਕ ਜਿਸ ਦਾ ਟਾਈਟਲ "ਕਿਸਮਤ" ਸੀ , ਨਾਲ ਪੰਜਾਬੀਆਂ ਦੀ ਨਜ਼ਰ ਵਿੱਚ ਪ੍ਰਵਾਨ ਚੜ੍ਹਿਆ ਹੈ। ਇਸ ਤੋਂ ਪਹਿਲਾਂ ਉਸ ਵਲੋਂ ਅਨੇਕਾਂ ਹੀ ਗੀਤ ਗਾਏ ਗਏ, ਜਿਨਾਂ ਨੂੰ ਪੰਜਾਬੀਆਂ ਨੇ ਜੀਅ ਜਾਨ ਨਾਲ ਪਸੰਦ ਕੀਤਾ। ਗਾਇਕ ਐਸ ਰਿਸ਼ੀ ਨੇ ਆਪਣੇ ਨਵੇਂ ਆਏ ਟਰੈਕ "ਕਿਸਮਤ" ਦੀ ਅਪਾਰ ਸਫ਼ਲਤਾ ਤੋਂ ਬਾਅਦ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹੋਏ ਐਸ ਰਿਸ਼ੀ ਨੇ ਦੱਸਿਆ ਇਸ "ਕਿਸਮਤ" ਟਰੈਕ ਨੂੰ ਵਿਸ਼ਵ ਪ੍ਰਸਿੱਧ ਕੰਪਨੀ ਆਰ ਜੇ ਬੀਟਸ ਅਤੇ ਰਾਮ ਭੋਗਪੁਰੀਆ ਯੂਐਸਏ ਵਲੋਂ ਲਾਂਚ ਕੀਤਾ ਗਿਆ। ਜਿਸ ਦਾ ਸੰਗੀਤ ਨੌਜਵਾਨ ਸੰਗੀਤਕਾਰ ਸੋਬਿਤ (ਆਫ ਸ਼ੋਰ ਮਿਊਜ਼ਿਕ ) ਵਲੋਂ ਕੀਤਾ ਗਿਆ ਤੇ ਇਸ ਵਲੋਂ ਹੀ ਇਸ ਨੂੰ ਕਲਮਬੱਧ ਕੀਤਾ ਗਿਆ ਸੀ। ਇਸ ਸਬੰਧੀ ਗਾਇਕ ਐਸ ਰਿਸ਼ੀ ਨੇ ਦੱਸਿਆ ਕਿ ਉਸਨੇ ਆਪਣੀ ਗਾਇਕੀ ਦੀ ਸ਼ੁਰੂਆਤ 2001 ਵਿੱਚ "ਮਹਿਬੂਬ ਰਿਸ਼ੀ" ਦੇ ਨਾਮ ਤੋਂ ਕੀਤੀ ਅਤੇ ਆਪਣੀ ਪਹਿਲੀ ਟੇਪ 'ਤੇਰੀ ਯਾਦ 'ਚ ਰੋ ਲਈਦਾ' ਵੀ ਉਸ ਵਲੋਂ ਇਸ ਨਾਮ ਦੇ ਅਧੀਨ ਹੀ ਮਾਰਕੀਟ ਵਿੱਚ ਲਾਂਚ ਕੀਤੀ ਗਈ ਸੀ। ਜਿਸ ਦਾ ਸੰਗੀਤ ਅਸ਼ੋਕ ਸ਼ਰਮਾ ਨੇ ਕੀਤਾ ਸੀ ਅਤੇ ਇਸ ਨੂੰ ਡੱਲਸੈਟ ਕੰਪਨੀ ਨੇ ਰਿਲੀਜ਼ ਕੀਤਾ ਸੀ। ਇਸ ਤੋਂ ਬਾਅਦ ਗਾਇਕ ਐਸ ਰਿਸ਼ੀ ਦੀ ਗਾਇਕੀ ਦਾ ਸਿਲਸਿਲਾ ਪੰਜਾਬੀ ਗਾਇਕੀ ਵਿੱਚ ਬਕਾਇਦੀ ਨਾਲ ਸ਼ੁਰੂ ਹੋ ਗਿਆ। ਉਸ ਨੇ "ਹੌਬੀ ਸਟਾਈਲ" ਟਾਈਟਲ ਹੇਠ ਇੱਕ ਸੰਗੀਤਕ ਤੋਹਫ਼ਾ ਪੰਜਾਬੀ ਸਰੋਤਿਆਂ ਦੀ ਝੋਲੀ ਪਾਇਆ। ਜਿਸ ਵਿੱਚ ਉਸ ਵਲੋਂ ਗਾਇਆ ਗਿਆ "ਜ਼ਿੰਦਗੀ" ਸੌਂਗ ਬੇਹੱਦ ਮਕਬੂਲ ਹੋਇਆ । ਜਿਸ ਨੂੰ ਬਾਅਦ ਵਿੱਚ ਕਈ ਪੰਜਾਬੀ ਸਿੰਗਰਾਂ ਨੇ ਵੀ ਆਪਣੀ ਆਵਾਜ਼ ਵਿਚ ਰਿਕਾਰਡ ਕਰਕੇ ਮਾਣ ਮਹਿਸੂਸ ਕੀਤਾ। ਇਸ ਤੋਂ ਬਾਅਦ ਗਾਇਕ ਮਹਿਬੂਬ ਰਿਸ਼ੀ ਨੇ ਆਪਣਾ ਨਾਮ ਆਪਣੇ ਪਿੰਡ ਸੁਸਾਣਾਂ ਤੋਂ ਭਾਵ ਐਸ ਰਿਸ਼ੀ ਨਾਲ ਨਾਮਕਰਨ ਕਰਕੇ ਵੱਖ ਵੱਖ ਪੰਜਾਬੀ ਪ੍ਰੋਜੈਕਟ ਕੀਤੇ। ਇਸ ਦੇ ਬਾਅਦ "ਜਸਟ ਫਰੈਂਡ " (ਦੋਸਤ) ਟਾਈਟਲ ਹੇਠ ਗਾਇਕ ਐਸ ਰਿਸ਼ੀ ਨੇ ਆਪਣੀ ਗਾਇਕੀ ਨੂੰ ਹੋਰ ਵੀ ਪ੍ਰਫੁੱਲਤ ਕੀਤਾ । ਜਿਸ ਵਿੱਚ ਉਸਦੇ ਵਲੋਂ ਗਾਏ ਗਏ ਛੇ ਗੀਤ ਸੋਲੋ ਅਤੇ ਦੋ ਗੀਤ ਦੋਗਾਣੇ ਸਰੋਤਿਆਂ ਦੀ ਮੰਗ ਤੇ ਪੇਸ਼ ਕੀਤੇ, ਜਿਨਾਂ ਨੂੰ ਸਹਿਯੋਗੀ ਗਾਇਕਾਵਾਂ ਸੁਦੇਸ਼ ਕੁਮਾਰੀ ਅਤੇ ਹਰਲੀਨ ਅਖ਼ਤਰ ਨੇ ਆਪਣੀ ਆਪਣੀ ਆਵਾਜ਼ ਦੇ ਕੇ ਸ਼ਿੰਗਾਰਿਆ। ਇਸ ਦੇ ਬਾਅਦ ਇੱਕ ਮਲਟੀ ਟੇਪ ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਸੁਪਰ ਹਿੱਟ ਗਾਇਕ ਕਲਾਕਾਰਾਂ ਨੇ ਆਪਣੀ ਆਪਣੀ ਗਾਇਕੀ ਦਾ ਪ੍ਰਦਰਸ਼ਨ ਕੀਤਾ ਸੀ ਵੀ ਮਾਰਕੀਟ ਵਿੱਚ "ਮੁੱਖ ਮੋੜ ਲਿਆ" ਟਾਈਟਲ ਹੇਠ ਲਾਂਚ ਕੀਤੀ।



ਉਸ ਵਲੋਂ ਗਾਈ ਗਈ ਇੱਕ ਫੁੱਲ ਟੇਪ 'ਯਾਰਾਂ ਦੇ ਯਾਰ' ਵੀ ਲੋਕ ਕਚਹਿਰੀ ਵਿੱਚ ਪ੍ਰਵਾਨ ਹੋਈ । ਇਸ ਤੋਂ ਇਲਾਵਾ ਉਸ ਵਲੋਂ ਗਾਇਆ ਗਿਆ ਗੀਤ "ਹਲੂਣਾ" ਵੀ ਲੋਕ ਚਰਚਿਤ ਰਿਹਾ। ਬਾਬਾ ਦੀਪ ਸਿੰਘ ਜੀ ਦੀ ਗਾਈ ਗਈ ਵਾਰ ਨੂੰ ਧਾਰਮਿਕ ਖੇਤਰ ਵਿੱਚ ਬੇਹੱਦ ਮਾਣ ਤੇ ਸਤਿਕਾਰ ਮਿਲਿਆ। ਉਸ ਵਲੋਂ ਕਿਸਾਨੀ ਮੋਰਚੇ ਦੌਰਾਨ ਸਮ-ਰਪਿਤ ਜੱਗੀ ਬਾਬਾ ਨੂੰ ਡੈਡੀਕੇਟ ਕਰਕੇ ਗਾਇਆ ਗਿਆ ਗੀਤ "ਜ਼ਖ਼ਮੀ ਸ਼ੇਰ" ਵੀ ਸੰਗੀਤਕ ਸਫਾਂ ਵਿੱਚ ਚਰਚਿਤ ਰਿਹਾ । ਗਾਇਕ ਐਸ ਰਿਸ਼ੀ ਨੇ ਦੱਸਿਆ ਕਿ ਉਸ ਨੇ ਅਨੇਕ ਮਹਾਂਪੁਰਸ਼ਾਂ ਦੀ ਮਹਿਮਾ ਦਾ ਆਪਣੀ ਆਵਾਜ਼ ਵਿੱਚ ਗੁਣਗਾਣ ਕੀਤਾ ਹੈ ਅਤੇ ਵੱਖ-ਵੱਖ ਧਾਰਮਿਕ ਸਿੰਗਲ ਟਰੈਕਸ ਰਾਹੀਂ ਆਪਣੀ ਹਾਜ਼ਰੀ ਲਗਵਾਈ ਹੈ। ਗਾਇਕੀ ਦੀਆਂ ਬਾਰੀਕੀਆਂ ਉਸ ਨੇ ਪ੍ਰੋਫੈਸਰ ਅਵਤਾਰ ਸਿੰਘ ਭੋਗਪੁਰ ਵਾਲਿਆਂ ਤੋਂ ਪ੍ਰਾਪਤ ਕੀਤੀਆਂ। ਉਸ ਨੂੰ ਵਿਸ਼ੇਸ਼ ਤੌਰ ਤੇ ਸਹਿਯੋਗ ਸਤਿੰਦਰ ਸਿੰਘ ਸੁਸਾਣਾਂ ਯੂਐਸਏ ਅਤੇ ਹੋਰ ਸੱਜਣਾਂ ਮਿੱਤਰਾਂ ਦਾ ਰਿਹਾ । ਗਾਇਕੀ ਖੇਤਰ ਵਿੱਚ ਮਿਲੇ ਸ-ਹਯੋਗ ਦੀ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਉਹ ਰਾਮ ਭੋਗਪੁਰੀਆ, ਗੀਤਕਾਰ ਲਾਡੀ ਸੂਸਾਂ ਕਨੇਡਾ, ਗਾਇਕ ਉਪਿੰਦਰ ਮਠਾਰੂ, ਚਮਨ ਲਾਲ ਪਟਵਾਰੀ ਸਮੇਤ ਸਾਰੇ ਹੀ ਸੰਗੀਤ ਪ੍ਰੇਮੀਆਂ ਦਾ ਧੰਨਵਾਦ ਕੀਤਾ, ਜਿਨਾਂ ਨੇ ਉਸਨੂੰ ਹਰ ਸਮੇਂ ਆਪਣਾ ਆਸ਼ੀਰਵਾਦ ਦੇ ਕੇ ਨਿਵਾਜਿਆ। ਅੱਜਕੱਲ ਗਾਇਕ ਐਸ ਰਿਸ਼ੀ ਪਿਛਲੇ ਦੋ ਸਾਲ ਤੋਂ ਕਨੇਡਾ ਵਿੱਚ ਪ੍ਰਵਾਸ ਕਰ ਚੁੱਕਾ ਹੈ। ਅੱਜ ਕੱਲ ਗਾਇਕ ਐਸ ਰਿਸ਼ੀ ਪਿਛਲੇ ਦੋ ਸਾਲ ਤੋਂ ਕਨੇਡਾ ਵਿੱਚ ਪ੍ਰਵਾਸ ਕਰ ਚੁੱਕਾ ਹੈ। ਇਸ ਤੋਂ ਪਹਿਲਾਂ ਉਹ ਇੱਥੇ ਜੋਤੀ ਸਹੋਤਾ, ਜਸਵੰਤ ਮਾਨ ਅਤੇ ਹੋਰ ਪ੍ਰਮੋਟਰਾਂ ਦੇ ਸਹਿਯੋਗ ਨਾਲ 2019 ਵਿੱਚ ਪਹੁੰਚਿਆ ਸੀ ਤੇ ਵੱਖ-ਵੱਖ ਪੰਜਾਬੀ ਸ਼ੋਅ,ਸੱਭਿਆਚਾਰਕ ਮੇਲਿਆਂ ਵਿੱਚ ਸ਼ਿਰਕਤ ਕਰਕੇ ਪੰਜਾਬੀਆਂ ਨੂੰ ਆਪਣੀ ਗਾਇਕੀ ਨਾਲ ਸ਼ਰਸ਼ਾਰ ਕਰਕੇ ਵਾਪਸ ਇੰਡੀਆ ਪਰਤ ਗਿਆ । ਅੱਜਕੱਲ ਜਿਥੇ ਓਹ ਪੰਜਾਬੀ ਗਾਇਕੀ ਦੀ ਸੇਵਾ ਫਿਰ ਦੁਬਾਰਾ ਕਨੇਡਾ ਪਹੁੰਚ ਕੇ ਵੱਖ-ਵੱਖ ਪ੍ਰੋਗਰਾਮ ਰਾਹੀਂ ਕਰ ਰਿਹਾ ਹੈ। ਉੱਥੇ ਪੰਜਾਬੀਆਂ ਦੀ ਝੋਲੀ ਆਪਣੇ ਨਵੇ ਨਵੇਂ ਨਵੇਂ ਟਰੈਕ ਵੀ ਪਾ ਰਿਹਾ ਹੈ ਅਤੇ ਆਪਣੀ ਰੋਜ਼ਮਰਾ ਦੀ ਜਿੰਦਗੀ ਅਤੇ ਪਰਿਵਾਰ ਦੀ ਪਾਲਣਾ ਕਰਨ ਲਈ ਇੱਥੇ ਉਹ ਆਪਣੀ ਕੰਮ ਵਿੱਚ ਮਸ਼ਰੂਫ ਹੈ। ਜਿਸ ਲਈ ਉਹ ਆਪਣੇ ਵਿਸ਼ੇਸ਼ ਸਹਿਯੋਗੀ ਅਤੇ ਓਨਰ ਭਾਜੀ ਹਰਜਿੰਦਰ ਨਿੱਝਰ ਦਾ ਤਹਿ ਦਿਲ ਤੋਂ ਧੰਨਵਾਦੀ ਹੈ। ਦੁਆ ਕਰਦੇ ਹਾਂ ਕਿ ਪੰਜਾਬੀ ਗਾਇਕੀ ਦਾ ਮਾਣਮੱਤਾ ਹੀਰਾ ਕਲਾਕਾਰ ਆਪਣੀ ਗਾਇਕੀ ਰਾਹੀਂ ਸਰੋਤਿਆਂ ਦੇ ਦਿਲਾਂ ਤੇ ਅਮਿੱਟ ਛਾਪ ਛੱਡਦਾ ਆਪਣੀ ਮੰਜ਼ਿਲੇ ਮਕਸੂਦ ਨੂੰ ਸਰ ਕਰੇਗਾ।





ਪ੍ਰੈਸ ਕਲੱਬ ਅੰਮ੍ਰਿਤਸਰ ਦੀ ਨਵੀ ਚੁਣੀ ਗਈ ਬਾਡੀ ਵਿੱਚ ਪੰਜ ਆਹੁਦੇਦਾਰਾਂ ਬਕਾਇਦਾ ਤੌਰ 'ਤੇ ਚੁਣੇ ਗਏ ਜਦ ਕਿ ਬਾਕੀ ਆਹੁਦੇਦਾਰਾਂ, ਗਵਰਨਿੰਗ ਬਾਡੀ ਤੇ ਵੱਖ ਵੱਖ ਕਮੇਟੀਆਂ ਦੀ ਕਲੱਬ ਦੀ ਕਾਰਗੁਜ਼ਾਰੀ ਨੂੰ ਕਾਰਜ ਕੁਸ਼ਲਤਾ ਨਾਲ ਚਲਾਉਣ ਲਈ ਚੋਣ ਕੀਤੀ ਗਈ। ਪ੍ਰੈਸ ਕਲੱਬ ਦੇ ਬੁਲਾਰੇ ਅਬਦੇਸ਼ ਗੁਪਤਾ ਨੇ ਦੱਸਿਆ ਕਿ ਕਲੱਬ ਦੀ ਹੋਈ ਤਿੰਨ ਦਸੰਬਰ ਦੀ ਮੀਟਿੰਗ ਵਿੱਚ ਗਵਰਨਿੰਗ ਬਾਡੀ ਚੁਨਣ ਦੇ ਅਧਿਕਾਰ ਬਕਾਇਦਾ ਤੌਰ 'ਤੇ ਨਵੇਂ ਚੁਣੇ ਗਏ ਆਹੁਦੇਦਾਰਾਂ ਨੂੰ ਦਿੱਤੇ ਗਏ ਸਨ।

**ਤਸਵੀਰਾਂ ਅਤੇ ਵੇਰਵਾ– ਪੱਤਰਕਾਰ ਜਸਪਾਲ ਕੁਮਾਰ ਅਤੇ ਮੇਜਰ ਸਿੰਘ**

# ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਵਿਖੇ ਰੋਸ ਮਾਰਚ 20 ਦਸੰਬਰ ਨੂੰ – ਡਾ. ਦਲਜੀਤ ਸਿੰਘ ਚੀਮਾ



**ਫਗਵਾੜਾ (ਬੀ.ਕੇ.ਰੱਤੂ)** ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਦਾ ਅੱਜ ਫਗਵਾੜਾ ਪੁੱਜਣ ਤੇ ਸੀਨੀਅਰ ਅਕਾਲੀ ਆਗੂ ਜਰਨੈਲ ਸਿੰਘ ਵਾਹਦ ਅਤੇ ਰਣਜੀਤ ਸਿੰਘ ਖੁਰਾਣਾ ਸਾਬਕਾ ਡਿਪਟੀ ਮੇਅਰ ਦੀ ਅਗਵਾਈ ਹੇਠ ਸਮੂਹ ਅਕਾਲੀ ਆਗੂਆਂ ਤੇ ਵਰਕਰਾਂ ਵਲੋਂ ਸਥਾਨਕ ਹੋਟਲ ਗ੍ਰੈਂਡ ਅੰਬੈਸਡਰ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਚੀਮਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ 103 ਸਾਲਾ ਸਥਾਪਨਾ ਦਿਵਸ ਦੇ ਸਬੰਧ ਵਿਚ 14 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇਗੀ।

ਉਹਨਾਂ ਸਮੂਹ ਅਕਾਲੀ ਆਗੂਆਂ ਤੇ ਵਰਕਰਾਂ ਨੂੰ 14 ਦਸੰਬਰ ਦਿਨ ਵੀਰਵਾਰ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਣ ਦੀ ਪੁਰਜੋਰ ਬੇਨਤੀ ਵੀ ਕੀਤੀ। ਇਸ ਮੌਕੇ ਡਾ. ਚੀਮਾ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ 20 ਦਸੰਬਰ ਨੂੰ ਦਿੱਲੀ ਵਿਖੇ ਭਾਰੀ ਰੋਸ ਮਾਰਚ ਕਰਕੇ 25 ਲੱਖ ਤੋਂ ਵੱਧ ਸਿੱਖ ਸੰਗਤਾਂ ਦੇ ਦਸਤਖਤਾਂ ਵਾਲੇ ਫਾਰਮ ਭਾਰਤ ਦੇ ਰਾਸ਼ਟਰਪਤੀ ਨੂੰ ਸੌਂਪੇ ਜਾਣਗੇ।

ਉਹਨਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾ ਦੀ ਤੁਰੰਤ ਰਿਹਾਈ ਕੀਤੀ ਜਾਵੇ ਅਤੇ ਨਾਲ ਹੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਪੰਥਕ ਮੁੱਦਿਆਂ ਤੇ ਡਟ ਕੇ ਪਹਿਰਾ ਦਿੰਦਾ ਰਹੇਗਾ। ਇਕ ਸਵਾਲ ਦੇ ਜਵਾਬ ਵਿਚ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਫਗਵਾੜਾ ਦੇ ਹਲਕਾ ਇੰਚਾਰਜ ਦੀ ਨਿਯੁਕਤੀ ਜਲਦੀ ਕੀਤੀ ਜਾਵੇਗੀ।

ਉਹਨਾਂ ਸਮੂਹ ਵਰਕਰਾਂ ਨੂੰ ਅਗਲੇ ਸਾਲ ਦੀਆਂ ਲੋਕਸਭਾ ਚੋਣਾਂ ਲਈ ਕਮਰ ਕੱਸੇ ਕਰਨ ਦੀ ਹਦਾਇਤ ਵੀ ਕੀਤੀ। ਇਸ ਮੌਕੇ ਸੀਨੀਅਰ ਆਗੂ ਗੁਰਮੁਖ ਸਿੰਘ ਚਾਨਾਇਸ ਮੌਕੇ ਗੁਰਮੁਖ ਸਿੰਘ ਚਾਨਾ, ਤਜਿੰਦਰ ਸਿੰਘ ਬਿੱਟਾ, ਜਤਿੰਦਰ ਸਿੰਘ ਪਲਾਹੀ, ਅਵਤਾਰ ਸਿੰਘ ਭੁੰਗਰਨੀ, ਗਜਬੀਰ ਸਿੰਘ ਵਾਲੀਆ, ਹਰਵਿੰਦਰ ਸਿੰਘ ਲਵਲੀ, ਬਹਾਦਰ ਸਿੰਘ ਸੰਗਤਪੁਰ, ਸਾਬਕਾ ਕੌਂਸਲਰ ਬਲਜਿੰਦਰ ਸਿੰਘ ਠੇਕੇਦਾਰ ਤੇ ਸਾਬਕਾ ਕੌਂਸਲਰ ਬੀਬੀ ਸਰਬਜੀਤ ਕੌਰ, ਪ੍ਰਿਤਪਾਲ ਸਿੰਘ ਮੰਗਾ, ਸਰੂਪ ਸਿੰਘ ਖਲਵਾੜਾ, ਝਿਰਮਲ ਸਿੰਘ ਭਿੰਡਰ, ਸ਼ਰਨਜੀਤ ਸਿੰਘ ਅਟਵਾਲ, ਗੁਰਦੀਪ ਸਿੰਘ ਖੇੜਾ, ਮੋਹਨ ਸਿੰਘ ਗਾਂਧੀ, ਅਵਤਾਰ ਸਿੰਘ ਮੰਗੀ, ਜਸਵਿੰਦਰ ਸਿੰਘ ਭਗਤਪੁਰਾ, ਪਰਮਿੰਦਰ ਸਿੰਘ ਜੰਡੂ, ਬਲਜੀਤ ਸਿੰਘ ਵਾਲੀਆ, ਵਿੱਕੀ ਪਾਂਛਟਾ, ਜੀਤੀ ਖੇੜਾ, ਗੁਰਮੀਤ ਸਿੰਘ ਬਡਵਾਲ, ਜਤਿੰਦਰ ਸਿੰਘ ਘੁੰਮਣ, ਉਂਕਾਰ ਸਿੰਘ, ਪ੍ਰਦੀਪ ਸਿੰਘ ਬਸਰਾ, ਬਲਵੀਰ ਸਿੰਘ ਖਲਵਾੜਾ, ਅਮਰਜੀਤ ਸਿੰਘ ਢਿੱਲੋ, ਸਤਨਾਮ ਸਿੰਘ, ਆਸ਼ੂ ਛਾਬੜਾ, ਇੰਦਰਜੀਤ ਸਿੰਘ ਬਸਰਾ, ਮਨਦੀਪ ਸਿੰਘ ਖੁਰਾਣਾ, ਪ੍ਰਬਨੀਤ ਸਿੰਘ, ਸੁਖਦੀਪ ਸਿੰਘ ਵਾਲੀਆ ਆਦਿ ਹਾਜਰ ਸਨ।

# ਪਾਕਿਸਤਾਨ ਦੇ ਖੈਬਰ-ਪਖਤੂਨਖਵਾ ਦਹਿਸ਼ਤੀ ਹਮਲੇ 'ਚ 23 ਫੌਜੀ ਹਲਾਕ

**ਪਿਸ਼ਾਵਰ–** ਖੈਬਰ ਪਖਤੂਨਖਵਾ ਦੇ ਡੇਰਾ ਇਸਮਾਈਲ ਖਾਨ ਜ਼ਿਲ੍ਹੇ ਵਿੱਚ ਅੱਜ ਪਾਕਿਸਤਾਨੀ ਤਾਲਿਬਾਨ ਨਾਲ ਸਬੰਧਤ ਦਹਿਸ਼ਤਗਰਦਾਂ ਵੱਲੋਂ ਧਮਾਕਾਖੇਜ਼ ਸਮੱਗਰੀ ਨਾਲ ਲੱਦੇ ਟਰੱਕ ਦੀ ਟੱਕਰ ਸੁਰੱਖਿਆ ਬਲਾਂ ਦੀ ਚੌਕੀ ਵਿੱਚ ਮਾਰਨ ਨਾਲ ਘੱਟੋ-ਘੱਟ 23 ਫੌਜੀ ਮਾਰੇ ਗਏ। ਜ਼ਖਮੀਆਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਹੈ ਜਿਸ ਕਰਕੇ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਸਬੰਧਤ ਤਹਿਰੀਕ-ਏ-ਜੇਹਾਦ ਪਾਕਿਸਤਾਨ (ਟੀਜੇਪੀ) ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਟੀਜੇਪੀ ਦੇ ਤਰਜਮਾਨ ਮੁੱਲ੍ਹਾ ਕਾਸਿਮ ਨੇ ਹਮਲੇ ਨੂੰ 'ਸੁਸਾਈਡ ਮਿਸ਼ਨ' ਕਰਾਰ ਦਿੱਤਾ ਹੈ।

ਫੌਜ ਦੇ ਮੀਡੀਆ ਵਿੰਗ- ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਨੇ ਕਿਹਾ ਕਿ ਦਹਿਸ਼ਤਗਰਦਾਂ ਨੇ ਦੱਖਣੀ ਵਜ਼ੀਰਿਸਤਾਨ ਕਬਾਇਲੀ ਜ਼ਿਲ੍ਹੇ ਦੀ ਸਰਹੱਦ ਨਾਲ ਲੱਗਦੇ ਡੇਰਾ ਇਸਮਾਈਲ ਖ਼ਾਨ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਸੁਰੱਖਿਆ ਬਲਾਂ ਨੇ ਇਸ ਨੂੰ ਨਾਕਾਮ ਕਰ ਦਿੱਤਾ ਤਾਂ ਦਹਿਸ਼ਤਗਰਦਾਂ ਨੇ ਵਿਸਫੋਟਕਾਂ ਨਾਲ ਲੱਦਿਆ ਟਰੱਕ ਸੁਰੱਖਿਆ ਚੌਕੀ ਵਿਚ ਲਿਜਾ ਮਾਰਿਆ। ਹਮਲੇ ਤੋਂ ਫੌਰੀ ਮਗਰੋਂ ਇਕ ਹੋਰ ਫਿਦਾਈਨ ਹਮਲੇ ਵਿੱਚ ਇਮਾਰਤ ਢਹਿ-ਢੇਰੀ ਹੋ ਗਈ, ਜਿਸ ਵਿੱਚ ਕਈ ਲੋਕਾਂ ਦੇ ਜ਼ਖਮੀ ਹੋਣ ਦਾ ਖਦਸ਼ਾ ਹੈ। ਫੌਜ ਨੇ ਕਿਹਾ ਕਿ ਛੇ ਦਹਿਸ਼ਤਗਰਦਾਂ ਦੇ ਸਮੂਹ ਨੇ ਅੱਜ ਵੱਡੇ ਤੜਕੇ ਡੇਰਾ ਇਸਮਾਈਲ ਖਾਨ ਦੇ ਦਾਰਾਬਾਨ ਇਲਾਕੇ ਵਿਚ ਸੁਰੱਖਿਆ ਬਲਾਂ ਦੀ ਚੌਕੀ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਘੱਟੋ-ਘੱਟ 23 ਫੌਜੀ ਹਲਾਕ ਹੋ ਗਏ। ਅਧਿਕਾਰੀਆਂ ਨੇ ਕਿਹਾ ਕਿ ਸੁਰੱਖਿਆ ਬਲਾਂ ਨੇ ਸਾਰੇ ਹਮਲਾਵਰਾਂ ਨੂੰ ਮਾਰ ਮੁਕਾਇਆ ਜਦੋਂ ਕਿ ਪੁਲੀਸ ਦੀ ਇਕ ਨਵੀਂ ਟੁੱਕੜੀ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਹਮਲੇ ਮਗਰੋਂ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਵਿੱਢ ਦਿੱਤੀ ਹੈ। ਪੁਲੀਸ ਨੇ ਕਿਹਾ ਕਿ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ ਕਿਉਂਕਿ ਜ਼ਖ਼ਮੀਆਂ 'ਚੋਂ ਕਈਆਂ ਦੀ ਹਾਲਤ ਨਾਜ਼ੁਕ ਹੈ। ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਐਮਰਜੈਂਸੀ ਐਲਾਨ ਦਿੱਤੀ ਗਈ ਹੈ ਜਦੋਂਕਿ ਹਮਲੇ ਕਰਕੇ ਸਾਰੇ ਸਕੂਲ ਤੇ ਕਾਲਜ ਬੰਦ ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਟੀਜੇਪੀ ਦਹਿਸ਼ਤਗਰਦਾਂ ਨੇ 4 ਨਵੰਬਰ ਨੂੰ ਪਾਕਿਸਤਾਨ ਏਅਰ ਫੋਰਸ ਦੇ ਮੀਆਂਵਾਲੀ ਟਰੇਨਿੰਗ ਏਅਰ ਬੇਸ, ਜੋ ਲਾਹੌਰ ਤੋਂ ਕੋਈ 300 ਕਿਲੋਮੀਟਰ ਦੀ ਦੂਰੀ ਹੈ, 'ਤੇ ਹਮਲਾ ਕਰਕੇ ਉਥੇ ਖੜ੍ਹੇ ਤਿੰਨ ਜਹਾਜ਼ਾਂ ਨੂੰ ਨੁਕਸਾਨ ਪਹੁੰਚਾਇਆ ਸੀ। ਉਂਜ ਫੌਜ ਵੱਲੋਂ ਕੀਤੀ ਕਾਰਵਾਈ ਦੌਰਾਨ ਸਾਰੇ ਹਮਲਾਵਰ ਮਾਰੇ ਗਏ ਸਨ।

# ਅਪਰਾਧਕ ਕਾਨੂੰਨਾਂ ਨੂੰ ਬਦਲਣ ਵਾਲੇ ਨਵੇਂ ਬਿੱਲ ਲੋਕ ਸਭਾ 'ਚ ਪੇਸ਼

**ਨਵੀਂ ਦਿੱਲੀ–** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਈਪੀਸੀ, ਸੀਆਰਪੀਸੀ ਤੇ ਗਵਾਹ ਐਕਟ ਵਰਗੇ ਅਪਰਾਧਕ ਕਾਨੂੰਨਾਂ ਨੂੰ ਬਦਲਣ ਵਾਲੇ ਪੁਰਾਣੇ ਬਿੱਲਾਂ ਨੂੰ ਵਾਪਸ ਲੈ ਕੇ ਨਵੇਂ ਬਿੱਲ ਲੋਕ ਸਭਾ 'ਚ ਪੇਸ਼ ਕੀਤੇ। ਇਨ੍ਹਾਂ ਬਿੱਲਾਂ 'ਤੇ ਵੀਰਵਾਰ ਤੇ ਸ਼ੁੱਕਰਵਾਰ ਨੂੰ ਚਰਚਾ ਹੋਵੇਗੀ ਤੇ ਉਸ ਤੋਂ ਬਾਅਦ ਇਨ੍ਹਾਂ ਨੂੰ ਪਾਸ ਕੀਤਾ ਜਾ ਸਕਦਾ ਹੈ। ਸ਼ਾਹ ਨੇ ਦੱਸਿਆ ਕਿ ਪੁਰਾਣੇ ਬਿੱਲਾਂ ਦੇ ਪੰਜ ਖੰਡਾਂ 'ਚ ਮੁੱਖ ਰੂਪ ਨਾਲ ਵਿਆਕਰਨ ਤੇ ਭਾਸ਼ਾ ਸਬੰਧੀ ਬਦਲਾਅ ਕੀਤੇ ਗਏ ਹਨ।

ਵਿਰੋਧੀ ਸੰਸਦ ਮੈਂਬਰਾਂ ਨੇ ਬਿੱਲਾਂ ਦੇ ਅਧਿਐਨ ਲਈ ਜ਼ਿਆਦਾ ਸਮੇਂ ਦੀ ਮੰਗ ਕਰਦਿਆਂ ਇਨ੍ਹਾਂ 'ਤੇ ਬਾਅਦ 'ਚ ਚਰਚਾ ਦੀ ਮੰਗ ਕੀਤੀ ਪਰ ਸ਼ਾਹ ਨੇ ਸਾਫ਼ ਕੀਤਾ ਕਿ ਮੰਗਲਵਾਰ ਨੂੰ ਬਿੱਲ ਦੀਆਂ ਕਾਪੀਆਂ ਸਾਰੇ ਸੰਸਦ ਮੈਂਬਰਾਂ ਨੂੰ ਮੁਹਈਆ ਕਰਵਾ ਦਿੱਤੀਆਂ ਗਈਆਂ ਹਨ ਤੇ ਵੀਰਵਾਰ ਨੂੰ ਚਰਚਾ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਕੋਲ 48 ਘੰਟੇ ਹਨ। ਭਾਰਤੀ ਦੰਡ ਜ਼ਾਬਤਾ, ਭਾਰਤੀ ਨਾਗਰਿਕ ਸੁਰੱਖਿਆ ਜ਼ਾਬਤਾ ਤੇ ਭਾਰਤੀ ਗਵਾਹ ਐਕਟ ਦੇ ਨਾਂ ਨਾਲ ਤਿੰਨੇ ਬਿੱਲ ਅੰਗਰੇਜ਼ਾਂ ਦੇ ਸਮੇਂ 1860 'ਚ ਬਣੇ ਆਈਪੀਸੀ, 1898 'ਚ ਬਣੇ ਸੀਆਰਪੀਸੀ ਤੇ 1872 ਦੇ ਗਵਾਹ ਐਕਟ ਦੀ ਥਾਂ ਲੈਣਗੇ।

ਵਿਰੋਧੀ ਮੈਂਬਰਾਂ ਨੇ ਇਨ੍ਹਾਂ ਬਿੱਲਾਂ ਨੂੰ ਵਿਸਥਾਰਤ ਵਿਚਾਰ-ਚਰਚਾ ਲਈ ਸਾਂਝੀ ਸੰਸਦੀ ਕਮੇਟੀ ਨੂੰ ਭੇਜਣ ਦੀ ਵੀ ਮੰਗ ਕੀਤੀ ਪਰ ਸ਼ਾਹ ਨੇ ਇਨਕਾਰ ਕਰਦਿਆਂ ਕਿਹਾ ਕਿ ਸੰਸਦ ਦੀ ਸਥਾਈ ਕਮੇਟੀ ਪਹਿਲਾਂ ਹੀ ਇਨ੍ਹਾਂ ਬਿੱਲਾਂ 'ਤੇ ਵਿਚਾਰ ਕਰ ਚੁੱਕੀ ਹੈ ਤੇ ਉਸ ਦੇ ਸੁਝਾਵਾਂ ਨੂੰ ਇਨ੍ਹਾਂ 'ਚ ਸ਼ਾਮਲ ਕਰ ਲਿਆ ਗਿਆ ਹੈ।

ਸ਼ਾਹ ਨੇ ਸੰਸਦ ਦੇ ਮੌਨਸੂਨ ਇਜਲਾਸ 'ਚ ਇਨ੍ਹਾਂ ਬਿੱਲਾਂ ਨੂੰ ਲੋਕ ਸਭਾ 'ਚ ਪੇਸ਼ ਕੀਤਾ ਸੀ ਜਿੱਥੇ ਇਸ ਨੂੰ ਗ੍ਰਹਿ ਮੰਤਰਾਲੇ ਨਾਲ ਸਬੰਧਿਤ ਸਥਾਈ ਕਮੇਟੀ ਨੂੰ ਵਿਸਥਾਰ 'ਚ ਵਿਚਾਰ-ਚਰਚਾ ਲਈ ਭੇਜ ਦਿੱਤਾ ਗਿਆ ਸੀ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ

# 9 ਸਾਲ ਤੇ ਮੋਦੀ ਸਰਕਾਰ ਦੇ 9 ਵੱਡੇ ਫੈਸਲੇ, ਧਾਰਾ 370 ਤੋਂ ਪਹਿਲਾਂ ਵੀ ਇਨ੍ਹਾਂ ਮਾਮਲਿਆਂ 'ਤੇ ਲੱਗੀ 'ਸੁਪਰੀਮ' ਮੋਹਰ

**ਨਵੀਂ ਦਿੱਲੀ–** 26 ਮਈ 2014 ਉਹ ਦਿਨ ਹੈ ਜਦੋਂ ਭਾਜਪਾ ਨੇ ਭਾਰੀ ਬਹੁਮਤ ਨਾਲ ਜਿੱਤ ਕੇ ਸਰਕਾਰ ਬਣਾਈ ਸੀ। ਪਾਰਟੀ ਦੀ ਜਿੱਤ ਤੋਂ ਬਾਅਦ ਨਰਿੰਦਰ ਮੋਦੀ ਨੇ ਪਹਿਲੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਇਹ ਉਹੀ ਸਾਲ ਸੀ ਜਦੋਂ 'ਮੋਦੀ ਲਹਿਰ' ਦੇ ਮੱਦੇਨਜ਼ਰ ਭਾਜਪਾ ਕੇਂਦਰ ਵਿੱਚ ਸੱਤਾ ਵਿੱਚ ਆਈ ਸੀ। ਇਹ ਸਾਲ ਭਾਜਪਾ ਲਈ ਕਿਸੇ ਇਤਿਹਾਸਕ ਸਾਲ ਤੋਂ ਘੱਟ ਨਹੀਂ ਸੀ। ਪਰ ਭਾਜਪਾ ਲਈ ਇਹ ਜਿੱਤ ਸਿਰਫ਼ ਭਾਰੀ ਬਹੁਮਤ ਨਾਲ ਸਰਕਾਰ ਬਣਾਉਣ ਲਈ ਨਹੀਂ ਸੀ। ਨੌਂ ਸਾਲਾਂ ਦਾ ਸਫ਼ਰ ਪੂਰਾ ਕਰਕੇ ਇਸ ਪਾਰਟੀ ਨੇ ਲੰਬਾ ਸਫ਼ਰ ਤੈਅ ਕੀਤਾ ਹੈ।

ਇੱਕ ਕਾਰਜਕਾਲ ਖਤਮ ਹੋਣ ਤੋਂ ਬਾਅਦ ਇਸ ਸਰਕਾਰ ਵੱਲੋਂ ਲਏ ਗਏ ਅਹਿਮ ਫੈਸਲਿਆਂ ਦੀ ਬਦੌਲਤ ਹੀ ਇਸ ਸਰਕਾਰ ਨੂੰ ਦੂਜੀ ਵਾਰ ਗੱਦੀ ਪ੍ਰਾਪਤ ਹੋਈ ਹੈ, ਜੇਕਰ ਅਜਿਹਾ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਜਿੱਤ ਕੇ ਲਗਾਤਾਰ ਦੂਜੀ ਵਾਰ ਕੇਂਦਰ ਦੀ ਸੱਤਾ 'ਤੇ ਕਬਜ਼ਾ ਕੀਤਾ। ਪਾਰਟੀ ਦੀ ਇਹ ਜਿੱਤ ਇਸ ਦੀਆਂ ਸਰਕਾਰੀ ਸਕੀਮਾਂ ਅਤੇ ਵੱਡੇ ਫੈਸਲਿਆਂ ਦੀ ਅਹਿਮ ਭੂਮਿਕਾ ਕਾਰਨ ਹੋਈ ਹੈ।

ਹੁਣ ਪਾਰਟੀ ਤੀਜੇ ਕਾਰਜਕਾਲ ਲਈ ਤਿਆਰ ਹੈ ਅਤੇ ਇਸ ਤੋਂ ਪਹਿਲਾਂ ਧਾਰਾ 370 'ਤੇ ਸੁਪਰੀਮ ਕੋਰਟ ਦਾ ਸਰਕਾਰ ਦੇ ਹੱਕ 'ਚ ਫੈਸਲਾ ਆਉਣਾ ਦਰਸਾਉਂਦਾ ਹੈ ਕਿ ਆਉਣ ਵਾਲੀਆਂ ਚੋਣਾਂ 'ਚ ਵੀ ਪਾਰਟੀ ਨੂੰ ਯਕੀਨੀ ਤੌਰ 'ਤੇ ਇਸ ਦਾ ਫਾਇਦਾ ਹੋਵੇਗਾ। ਆਓ ਜਾਣਦੇ ਹਾਂ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਹੁਣ ਤੱਕ ਲਏ ਗਏ ਵੱਡੇ ਫੈਸਲਿਆਂ 'ਤੇ ਸੁਪਰੀਮ ਕੋਰਟ ਦਾ ਕੀ ਸਟੈਂਡ ਸੀ ਅਤੇ ਉਨ੍ਹਾਂ ਫੈਸਲਿਆਂ ਪਿੱਛੇ ਸਰਕਾਰ ਦੀ ਕੀ ਮਨਸ਼ਾ ਸੀ।

**ਧਾਰਾ 370 ਕਾਨੂੰਨ**

ਧਾਰਾ 370 ਦਾ ਇਤਿਹਾਸ ਦੇਸ਼ ਦੀ ਵੰਡ ਨਾਲ ਜੁੜਿਆ ਹੋਇਆ ਹੈ। ਇਸ ਅਨੁਛੇਦ ਦੇ ਉਪਬੰਧਾਂ ਅਨੁਸਾਰ ਰਾਜ ਵਿੱਚ ਕਿਸੇ ਵੀ ਮੁੱਦੇ ਨਾਲ ਸਬੰਧਤ ਕੋਈ ਵੀ ਕਾਨੂੰਨ ਸਿੱਧੇ ਤੌਰ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ ਹੈ। ਭਾਰਤ ਦੀ ਸੰਸਦ ਲਈ ਜੰਮੂ–ਕਸ਼ਮੀਰ ਸਰਕਾਰ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਸੀ। ਸਰਕਾਰ ਇਸ ਕਾਨੂੰਨ ਨੂੰ ਖਤਮ ਕਰਨ ਦੀ ਮੰਗ ਕਰ ਰਹੀ ਸੀ। 5 ਅਗਸਤ, 2019 ਨੂੰ, ਕੇਂਦਰ ਦੀ ਭਾਜਪਾ ਸਰਕਾਰ ਨੇ ਜੰਮੂ ਅਤੇ ਕਸ਼ਮੀਰ ਵਿੱਚ ਧਾਰਾ 370 ਨੂੰ ਬੇਅਸਰ ਕਰ ਦਿੱਤਾ ਅਤੇ ਇਸਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ।

**ਕਾਨੂੰਨ ਨੂੰ ਲੈ ਕੇ ਕੀ ਸੀ ਵਿਵਾਦ?**

ਸਰਕਾਰ ਦੇ ਇਸ ਫੈਸਲੇ ਨੂੰ ਲੈ ਕੇ ਪਟੀਸ਼ਨਰ ਅਦਾਲਤ ਵਿਚ ਗਏ ਸਨ। ਪਟੀਸ਼ਨਕਰਤਾਵਾਂ ਨੇ ਅਦਾਲਤ ਤੋਂ ਧਾਰਾ 370 ਨੂੰ ਰੱਦ ਕਰਨ ਅਤੇ ਰਾਜ ਦੀ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਪਟੀਸ਼ਨਕਰਤਾਵਾਂ ਨੇ ਕਿਹਾ ਕਿ 370 ਨੂੰ ਹਟਾਉਣਾ ਇੰਸਟਰੂਮੈਂਟ ਆਫ ਐਕਸੀਸ਼ਨ ਦੇ ਖਿਲਾਫ ਸੀ, ਜਿਸ ਰਾਹੀਂ ਜੰਮੂ–ਕਸ਼ਮੀਰ ਭਾਰਤ ਦਾ ਹਿੱਸਾ ਬਣ ਗਿਆ ਸੀ। ਪਟੀਸ਼ਨਰਾਂ ਨੇ ਇਹ ਵੀ ਦਲੀਲ ਦਿੱਤੀ ਸੀ ਕਿ ਇਹ ਲੋਕਾਂ ਦੀ ਇੱਛਾ ਦੇ ਵਿਰੁੱਧ ਲਿਆ ਗਿਆ ਫੈਸਲਾ ਹੈ ਅਤੇ ਸਿਰਫ਼ ਲੋਕਾਂ 'ਤੇ ਥੋਪਿਆ ਜਾ ਰਿਹਾ ਹੈ।

ਸੁਪਰੀਮ ਕੋਰਟ ਨੇ ਕੀ ਦਿੱਤਾ ਫੈਸਲਾ: ਅੱਜ ਸੁਪਰੀਮ ਕੋਰਟ ਨੇ ਧਾਰਾ 370 ਦੀ ਵੈਧਤਾ ਨੂੰ ਬਰਕਰਾਰ ਰੱਖਦਿਆਂ ਸਰਬਸੰਮਤੀ ਨਾਲ ਫੈਸਲਾ ਸੁਣਾਇਆ ਹੈ। ਅਦਾਲਤ ਨੇ ਕਿਹਾ, ਜੰਮੂ–ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਨ ਦਾ ਰਾਸ਼ਟਰਪਤੀ ਦਾ ਹੁਕਮ ਕਾਨੂੰਨੀ ਸੀ। ਅਦਾਲਤ ਨੇ ਇਹ ਵੀ ਕਿਹਾ ਕਿ ਧਾਰਾ 370 ਇੱਕ ਅਸਥਾਈ ਵਿਵਸਥਾ ਹੈ।




**ਤਿੰਨ ਤਲਾਕ ਕਾਨੂੰਨ**

ਸੁਪਰੀਮ ਕੋਰਟ ਨੇ ਤਿੰਨ ਤਲਾਕ ਦੀ ਸਦੀਆਂ ਪੁਰਾਣੀ ਪ੍ਰਥਾ ਨੂੰ ਗੈਰ–ਸੰਵਿਧਾਨਕ ਕਰਾਰ ਦਿੱਤਾ ਸੀ ਅਤੇ ਸਰਕਾਰ ਨੂੰ ਕਾਨੂੰਨ ਬਣਾਉਣ ਦਾ ਨਿਰਦੇਸ਼ ਦਿੱਤਾ ਸੀ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਕੇਂਦਰ ਸਰਕਾਰ ਨੇ ਤਿੰਨ ਤਲਾਕ 'ਤੇ ਕਾਨੂੰਨ ਬਣਾਇਆ ਹੈ। ਇਸ ਕਾਨੂੰਨ ਵਿੱਚ ਕਿਹਾ ਗਿਆ ਸੀ ਕਿ ਤਿੰਨ ਵਾਰ ਤਲਾਕ ਬੋਲਣਾ ਜਾਂ ਲਿਖ ਕੇ ਵਿਆਹ ਨੂੰ ਖਤਮ ਕਰਨਾ ਅਪਰਾਧ ਮੰਨਿਆ ਜਾਵੇਗਾ। ਅਤੇ ਇਸ ਜੁਰਮ ਲਈ ਵੱਧ ਤੋਂ ਵੱਧ ਤਿੰਨ ਸਾਲ ਦੀ ਕੈਦ ਦੀ ਵਿਵਸਥਾ ਵੀ ਸੀ।

ਕਾਨੂੰਨ ਨੂੰ ਲੈ ਕੇ ਕੀ ਸੀ ਵਿਵਾਦ?

ਸਰਕਾਰ ਵੱਲੋਂ ਲਿਆਂਦੇ ਕਾਨੂੰਨ ਬਾਰੇ ਇਤਰਾਜ਼ ਉਠਾਏ ਗਏ। ਇਸ ਕਾਨੂੰਨ ਨੂੰ ਗੈਰ–ਇਸਲਾਮਿਕ ਦੱਸਿਆ ਗਿਆ ਸੀ। ਤਿੰਨ ਤਲਾਕ ਨੂੰ ਖ਼ਤਮ ਕਰਨ ਦੇ ਇਰਾਦੇ ਵਾਲੇ ਕਾਨੂੰਨ ਦੀ ਕਾਨੂੰਨੀਤਾ ਨੂੰ ਚੁਣੌਤੀ ਦਿੱਤੀ ਗਈ ਸੀ।

ਸੁਪਰੀਮ ਕੋਰਟ ਨੇ ਕੀ ਦਿੱਤਾ ਫੈਸਲਾ?

ਤਿੰਨ ਤਲਾਕ 'ਤੇ ਸੁਪਰੀਮ ਕੋਰਟ ਦਾ ਫੈਸਲਾ ਅਗਸਤ 2017 'ਚ ਆਇਆ ਸੀ। ਸੁਪਰੀਮ ਕੋਰਟ ਨੇ ਤਿੰਨ ਤਲਾਕ ਦੀ ਪ੍ਰਥਾ ਨੂੰ ਗੈਰ–ਸੰਵਿਧਾਨਕ ਅਤੇ ਗੈਰ–ਕਾਨੂੰਨੀ ਕਰਾਰ ਦਿੰਦੇ ਹੋਏ ਰੱਦ ਕਰ ਦਿੱਤਾ ਹੈ। ਤਿੰਨ ਤਲਾਕ ਕਾਨੂੰਨ, ਜਿਸ ਨੂੰ ਰਸਮੀ ਤੌਰ 'ਤੇ ਮੁਸਲਿਮ ਵੂਮੈਨ (ਪ੍ਰੋਟੈਕਸ਼ਨ ਆਫ ਰਾਈਟਸ ਆਨ ਮੈਰਿਜ) ਐਕਟ 2019 ਕਿਹਾ ਜਾਂਦਾ ਹੈ। ਇਸ ਨੂੰ 1 ਅਗਸਤ, 2019 ਨੂੰ ਸੰਸਦ ਵਿੱਚ ਗਹਿਰੀ ਬਹਿਸ ਤੋਂ ਬਾਅਦ ਪਾਸ ਕੀਤਾ ਗਿਆ ਸੀ।

**ਨੋਟਬੰਦੀ**

ਕੀ ਸੀ ਸਰਕਾਰ ਦਾ ਨੋਟਬੰਦੀ ਦਾ ਫੈਸਲਾ?

ਹਾਲਾਂਕਿ ਸਰਕਾਰ ਨੇ ਨੋਟਬੰਦੀ ਦੇ ਫੈਸਲੇ ਨੂੰ ਲੈ ਕੇ ਕਈ ਕਾਰਨ ਦੱਸੇ ਸਨ। ਪਰ ਮੁੱਖ ਕਾਰਨ ਭ੍ਰਿਸ਼ਟਾਚਾਰ ਦੱਸਿਆ ਗਿਆ ਹੈ। ਕੇਂਦਰ ਸਰਕਾਰ ਨੇ 8 ਨਵੰਬਰ 2016 ਨੂੰ ਅਚਾਨਕ ਦੇਸ਼ ਵਿੱਚ ਨੋਟਬੰਦੀ ਦਾ ਐਲਾਨ ਕਰ ਦਿੱਤਾ। ਇਸ ਫੈਸਲੇ ਤਹਿਤ 1000 ਅਤੇ 500 ਰੁਪਏ ਦੇ ਨੋਟ ਚਲਣ ਤੋਂ ਬਾਹਰ ਕਰ ਦਿੱਤੇ ਗਏ ਹਨ।

ਨੋਟਬੰਦੀ ਨੂੰ ਲੈ ਕੇ ਵਿਵਾਦ ਕੀ ਸੀ?

ਸਰਕਾਰ ਵੱਲੋਂ ਲਿਆਂਦੇ ਗਏ ਇਸ ਫੈਸਲੇ 'ਤੇ ਇਤਰਾਜ਼ ਉਠਾਏ ਗਏ ਸਨ। ਪਟੀਸ਼ਨਕਰਤਾਵਾਂ ਦਾ ਕਹਿਣਾ ਸੀ ਕਿ ਫੈਸਲੇ ਵਿੱਚ ਕਈ ਖਾਮੀਆਂ ਸਨ ਅਤੇ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ।

ਸੁਪਰੀਮ ਕੋਰਟ ਨੇ ਕੀ ਦਿੱਤਾ ਫੈਸਲਾ?

ਸੁਪਰੀਮ ਕੋਰਟ ਨੇ 1000 ਅਤੇ 500 ਰੁਪਏ ਦੇ ਨੋਟਾਂ ਨੂੰ ਬੰਦ ਕਰਨ ਦੇ ਸਰਕਾਰ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ।

**ਦਿੱਲੀ ਆਰਡੀਨੈਂਸ ਬਿੱਲ**

ਦਿੱਲੀ ਨੇ ਗਵਰਨਮੈਂਟ ਆਫ਼ ਨੈਸ਼ਨਲ ਕੈਪੀਟਲ ਟੈਰੀਟਰੀ ਆਫ਼ ਦਿੱਲੀ (GNCTD) ਐਕਟ 1991 ਲਾਗੂ ਕੀਤਾ ਹੈ ਜੋ ਵਿਧਾਨ ਸਭਾ ਅਤੇ ਸਰਕਾਰ ਦੇ ਕੰਮਕਾਜ ਲਈ ਇੱਕ ਢਾਂਚਾ ਪ੍ਰਦਾਨ ਕਰਦਾ ਹੈ। ਸਾਲ 2021 ਵਿੱਚ ਕੇਂਦਰ ਸਰਕਾਰ ਨੇ ਇਸ ਵਿੱਚ ਸੋਧ ਕੀਤੀ ਸੀ। ਜਿਸ ਵਿੱਚ ਦਿੱਲੀ ਵਿੱਚ ਸਰਕਾਰ ਦੇ ਸੰਚਾਲਨ ਅਤੇ ਕੰਮਕਾਜ ਨੂੰ ਲੈ ਕੇ ਕੁੱਝ ਬਦਲਾਅ ਕੀਤੇ ਗਏ ਸਨ। ਇਸ ਵਿੱਚ ਉਪ ਰਾਜਪਾਲ ਨੂੰ ਕੁਝ ਵਾਧੂ ਸ਼ਕਤੀਆਂ ਵੀ ਦਿੱਤੀਆਂ ਗਈਆਂ ਸਨ।

ਦਿੱਲੀ ਆਰਡੀਨੈਂਸ 'ਤੇ ਕੀ ਸੀ ਵਿਵਾਦ?

2015 'ਚ ਦਿੱਲੀ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਬਣਦੇ ਹੀ ਉਨ੍ਹਾਂ ਨੇ ਹੁਕਮ ਦਿੱਤਾ ਸੀ ਕਿ ਜ਼ਮੀਨ, ਪੁਲਸ ਅਤੇ ਕਾਨੂੰਨ ਵਿਵਸਥਾ ਨਾਲ ਜੁੜੀਆਂ ਸਾਰੀਆਂ ਫਾਈਲਾਂ ਪਹਿਲਾਂ ਉਨ੍ਹਾਂ ਕੋਲ ਆਉਣ। ਇਸ ਤੋਂ ਬਾਅਦ ਉਸ ਨੂੰ ਐਲ।ਜੀ। ਇਸ ਤੋਂ ਬਾਅਦ ਕੇਜਰੀਵਾਲ ਸਰਕਾਰ ਨੇ ਇਸ ਆਰਡੀਨੈਂਸ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ।

ਸੁਪਰੀਮ ਕੋਰਟ ਨੇ ਕੀ ਦਿੱਤਾ ਫੈਸਲਾ?

ਦਿੱਲੀ ਵਿੱਚ ਅਧਿਕਾਰੀਆਂ ਦੇ ਤਬਾਦਲੇ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਦਿੱਤਾ ਗਿਆ ਫੈਸਲਾ ਕੇਜਰੀਵਾਲ ਸਰਕਾਰ ਦੇ ਹੱਕ ਵਿੱਚ ਸੀ। ਅਦਾਲਤ ਦੇ ਫੈਸਲੇ ਤੋਂ ਇਕ ਹਫਤੇ ਬਾਅਦ 19 ਮਈ ਨੂੰ ਕੇਂਦਰ ਸਰਕਾਰ ਨੇ ਆਰਡੀਨੈਂਸ ਲਿਆਂਦਾ ਸੀ। 'ਗਵਰਨਮੈਂਟ ਆਫ ਨੈਸ਼ਨਲ ਕੈਪੀਟਲ ਟੈਰੀਟਰੀ ਆਫ ਦਿੱਲੀ ਆਰਡੀਨੈਂਸ, 2023' ਲਿਆ ਕੇ ਕੇਂਦਰ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਨਿਯੁਕਤੀ ਅਤੇ ਤਬਾਦਲੇ ਦੀ ਸ਼ਕਤੀ ਉਪ ਰਾਜਪਾਲ ਨੂੰ ਵਾਪਸ ਦੇ ਦਿੱਤੀ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ–ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh





# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪਿੰਡ ਕਟਾਰੂਚੱਕ ਨਿਵਾਸੀ 60 ਪਰਿਵਾਰਿਕ ਮੈਬਰਾਂ ਨੂੰ ਵੰਡੇ 5-5 ਮਰਲੇ ਦੇ ਪਲਾਟ

## ਯੋਗ ਲਾਭਪਾਤਰੀਆਂ ਨੂੰ ਕੈਬਨਿਟ ਮੰਤਰੀ ਪੰਜਾਬ ਨੇ ਵੰਡੀਆਂ ਸੰਨਦਾ, ਲਾਭਪਾਤਰੀਆਂ ਨੇ ਸ੍ਰੀ ਲਾਲ ਚੰਦ ਕਟਾਰੂਚੱਕ ਦਾ ਕੀਤਾ ਧੰਨਵਾਦ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਕਟਾਰੂਚੱਕ ਵਿਖੇ 60 ਲੋੜਵੰਦ ਪਰਿਵਾਰਾਂ ਦੇ ਮੈਂਬਰਾਂ ਨੂੰ 5-5 ਮਰਲੇ ਦੇ ਪਲਾਟ ਵੰਡੇ ਗਏ ਹਨ ਉਹ ਅੱਜ ਸਾਰੇ ਯੋਗ ਲਾਭਪਾਤਰੀਆਂ ਨੂੰ ਹਾਰਦਿਕ ਸੁਭਕਾਮਨਾਵਾਂ ਦਿੰਦੇ ਹਨ। ਇਹ ਪ੍ਰਗਟਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਕਟਾਰੂਚੱਕ ਵਿਖੇ ਆਯੋਜਿਤ ਇੱਕ ਸਮਾਰੋਂਹ ਦੋਰਾਨ ਯੋਗਲਾਭਪਾਤਰੀਆਂ ਨੂੰ ਸੰਬੋਧਤ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਉਰਮਿਲਾ ਦੇਵੀ ਸਰਪੰਚ ਪਿੰਡ ਕਟਾਰੂਚੱਕ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ , ਮਾਸਟਰ ਰਤਨ ਲਾਲ, ਤਰਸੇਮ ਲਾਲ, ਹੇਮ ਰਾਜ ਮੈਂਬਰ ਪੰਚਾਇਤ, ਬਿਸਨ ਦਾਸ, ਹਰਦਿਆਲ ਚੰਦ, ਨੰਦ ਲਾਲ, ਕਮਲੇਸ ਕੁਮਾਰੀ ਮੈਂਬਰ ਪੰਚਾਇਤ, ਸੁਰਿੰਦਰ ਕੌਰ



ਮੈਂਬਰ ਪੰਚਾਇਤ, ਸੋਨਮ ਮੈਂਬਰ ਪੰਚਾਇਤ, ਨੇਹਾ ਰਾਣੀ ਮੈਂਬਰ ਪੰਚਾਇਤ, ਹੰਸ ਰਾਜ, ਮੁਲਖ ਰਾਜ, ਸੋਹਣ ਲਾਲ, ਜੋਗਿੰਦਰ ਪਾਲ, ਦੇਸ ਰਾਜ, ਨਿਰੰਜਨ ਦਾਸ ਅਤੇ ਹੋਰ ਪਿੰਡ ਵਾਸੀ ਹਾਜਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ



ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਕਟਾਰੂਚੱਕ ਵਿਖੇ 60 ਯੋਗ ਲਾਭਪਾਤਰੀਆਂ ਨੂੰ ਘਰ ਬਣਾਉਂਣ ਲਈ 5-5 ਮਰਲਿਆਂ ਦੇ ਪਲਾਟਾਂ ਦੀ ਵੰਡ ਕੀਤੀ ਗਈ ਹੈ। ਉਨ੍ਹਾਂ ਇਸ ਮੋਕੇ ਤੇ ਸੰਬੋਧਤ ਕਰਦਿਆਂ ਕਿਹਾ ਕਿ ਅੱਜ ਜਿਨ੍ਹਾਂ ਲਾਭਪਾਤਰੀਆਂ ਨੂੰ ਪਲਾਟਾਂ ਦੀਆਂ ਸੰਨਦਾ ਦਿੱਤੀਆਂ ਗਈਆਂ ਹਨ ਉਨ੍ਹਾਂ ਨੂੰ ਜਲਦੀ ਹੀ ਇਨ੍ਹਾਂ ਪਲਾਟਾਂ ਤੇ ਘਰ ਬਣਾਉਂਣ ਦਾ ਕੰਮ ਅਰੰਭ ਕਰਨਾ ਹੋਵੇਗਾ, ਉਨ੍ਹਾਂ ਕਿਹਾ ਕਿ ਲਾਭਪਾਤਰੀ ਨਾ ਤਾਂ ਇਸ ਪਲਾਟ ਨੂੰ ਵੇਚ ਸਕਦੇ ਹਨ ਅਤੇ ਨਾ ਹੀ ਕਿਸੇ ਦੁਸਰੇ ਵਿਅਕਤੀ ਨੂੰ ਦੇ ਸਕਦੇ ਹਨ, ਨਿਯਮਾਂ ਦੇ ਅਧਾਰ ਤੇ ਜਿਸ ਦਾ ਪਲਾਟ ਹੈ ਉਸ ਨੂੰ ਹੀ ਇਸ ਪਲਾਟ ਤੇ ਘਰ ਬਣਾਉਂਣਾ ਹੋਵੇਗਾ। ਇਸ ਮੋਕੇ ਤੇ ਪਿੰਡ ਦੀ ਸਰਪੰਚ ਸ੍ਰੀਮਤੀ ਉਰਮਿਲਾ ਦੇਵੀ ਨੇ ਵੀ ਸਾਰੇ ਲਾਭਪਾਤਰੀਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ। ਇਸ ਮੋਕੇ ਤੇ ਪਿੰਡ ਵਾਸੀਆਂ ਵੱਲੋਂ ਵੀ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਦਾ ਧੰਨਵਾਦ ਕੀਤਾ।

# ਰੈਜੀਡੈਂਟ ਵੀਜ਼ੇ ਰਾਹੀਂ 211,181 ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ-3% ਰਹਿ ਗਏ ਬਾਕੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦਾ 97% ਤੋਂ ਵੱਧ ਕੰਮ ਨਿਬੇੜ ਲਿਆ ਗਿਆ ਹੈ। 10 ਦਸੰਬਰ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ




ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,409 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟਡ ਕੁੱਲ ਗਿਣਤੀ 217,667 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 103,419 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 211,181 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਸੁਪਨਾ ਸਾਕਾਰ ਕਰ ਦਿੱਤਾ ਹੈ। ਇਸ ਦੌਰਾਨ 575 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।

ਕਿੰਨੇ ਕੁ ਰਹਿ ਗਏ? ਲਗਪਗ 6,486 ਲੋਕਾਂ ਦੀ ਕਿਸਮਤ ਦਾ ਫੈਸਲਾ 2,415 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ। ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਹਨ, ਜਿਨ੍ਹਾਂ ਵਿਚੋਂ ਬਹੁਤਾਤ ਪੱਕੇ ਹੋ ਚੁੱਕੇ ਹਨ।

# ਫਿਲਹਾਲ ਖਤਮ ਹੁੰਦੀ ਦਿਖਾਈ ਨਹੀਂ ਦੇ ਰਹੀ ਇਜ਼ਰਾਈਲ-ਹਮਾਸ ਜੰਗ

**ਰਾਫਾਹ-** ਇਜ਼ਰਾਈਲ ਤੇ ਅਮਰੀਕਾ ਗਾਜ਼ਾ 'ਚ ਜੰਗਬਦੀ ਦੇ ਆਲਮੀ ਸੱਦੇ ਵਿਚਾਲੇ ਅਲੱਗ-ਥਲੱਗ ਪੈਂਦੇ ਦਿਖਾਈ ਦੇ ਰਹੇ ਹਨ। ਉੱਥੇ ਹੀ ਅੱਜ ਇਸ ਮੁੱਦੇ 'ਤੇ ਸੰਯੁਕਤ ਰਾਸ਼ਟਰ 'ਚ ਇੱਕ ਵੋਟ ਪਾਸ ਹੋਣ ਦੀ ਉਮੀਦ ਹੈ। ਇਸੇ ਦੌਰਾਨ ਇਜ਼ਰਾਈਲ ਨੇ ਗਾਜ਼ਾ ਸ਼ਾਸਕਾਂ ਖ਼ਿਲਾਫ਼ ਹਮਲੇ ਤੇਜ਼ ਕਰ ਦਿੱਤੇ ਹਨ ਤੇ ਕਿਹਾ ਹੈ ਕਿ ਉਹ ਗਾਜ਼ਾ ਦੇ ਹਮਾਸ ਸ਼ਾਸਕਾਂ ਨੂੰ ਹਰਾਉਣ ਲਈ ਮਹੀਨਿਆਂ ਤੱਕ ਜਾਂ ਲੰਮੀ ਲੜਾਈ ਲੜਨ ਲਈ ਤਿਆਰ ਹੈ। ਦੱਖਣੀ ਇਜ਼ਰਾਈਲ 'ਚ ਸੱਤ ਅਕਤੂਬਰ ਨੂੰ ਹਮਾਸ ਦੇ ਹਮਲੇ ਮਗਰੋਂ ਜੰਗ ਦੀ ਸ਼ੁਰੂਆਤ ਹੋਈ ਸੀ ਜਿਸ ਵਿੱਚ ਹੁਣ ਤੱਕ 18 ਹਜ਼ਾਰ ਫਲਸਤੀਨੀਆਂ ਸਮੇਤ ਕਈ ਲੋਕਾਂ ਮੌਤ ਹੋ ਚੁੱਕੀ ਹੈ ਅਤੇ ਵੱਡੇ ਪੱਧਰ 'ਤੇ ਮਾਲੀ ਨੁਕਸਾਨ ਹੋਇਆ ਹੈ। 23 ਲੱਖ ਦੀ ਅਬਾਦੀ ਵਾਲੇ ਇਲਾਕੇ ਦੇ 90 ਫੀਸਦ ਤੋਂ ਵੱਧ ਲੋਕ ਆਪਣੇ ਘਰ-ਬਾਰ ਛੱਡ ਕੇ ਜਾ ਚੁੱਕੇ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਦੱਖਣੀ ਗਾਜ਼ਾ 'ਚ ਦੇਰ ਰਾਤ ਹੋਏ ਹਮਲੇ 'ਚ ਘੱਟ ਤੋਂ ਘੱਟ 23 ਜਣੇ ਮਾਰੇ ਗਏ। ਇਸੇ ਇਲਾਕੇ 'ਚ ਨਾਗਰਿਕਾਂ ਨੂੰ ਪਨਾਹ ਲੈਣ ਲਈ ਕਿਹਾ ਗਿਆ ਸੀ। ਮੱਧ ਗਾਜ਼ਾ ਵਿੱਚ ਦੀਰ ਅਲ-ਬਲਾਹ 'ਚ ਅਲ-ਅਕਸਾ ਮਾਰਟੀਅਰਜ਼ ਹਸਪਤਾਲ ਦੇ ਰਿਕਾਰਡ ਅਨੁਸਾਰ ਦੇਰ ਰਾਤ ਹੋਏ ਹਮਲੇ 'ਚ ਮਾਰੇ ਗਏ 33 ਲੋਕਾਂ ਦੀਆਂ ਲਾਸ਼ਾਂ ਹਸਪਤਾਲ ਲਿਆਂਦੀਆਂ ਗਈਆਂ ਸਨ। ਇਨ੍ਹਾਂ 'ਚ 16 ਮਹਿਲਾਵਾਂ ਤੇ ਚਾਰ ਬੱਚੇ ਸਨ। ਮਗ਼ਾਜ਼ੀ ਸ਼ਰਨਾਰਥੀ ਕੈਂਪ ਨੇੜੇ ਇੱਕ ਇਮਾਰਤ 'ਤੇ ਹੋਏ ਹਮਲੇ 'ਚ ਕਈ ਲੋਕਾਂ ਦੀ ਮੌਤ ਹੋ ਗਈ ਸੀ। ਉੱਤਰੀ ਗਾਜ਼ਾ 'ਚ 'ਡਾਕਟਰਜ਼ ਵਿਦਆਊਟ ਬਾਰਡਰਜ਼' ਸਹਾਇਤਾ ਸਮੂਹ ਨੇ ਕਿਹਾ ਕਿ ਬੀਤੇ ਦਿਨ ਅਲ-ਅਵਦਾ ਹਸਪਤਾਲ ਦੇ ਬਾਹਰੋਂ ਕੀਤੀ ਗਈ ਗੋਲੀਬਾਰੀ 'ਚ ਹਸਪਤਾਲ ਦਾ ਇੱਕ ਸਰਜਨ ਜ਼ਖ਼ਮੀ ਹੋ ਗਿਆ। ਸਹਾਇਤਾ ਸਮੂਹ ਨੇ ਦੱਸਿਆ ਕਿ ਇੱਕ ਹਫ਼ਤੇ ਤੋਂ ਇਜ਼ਰਾਇਲੀ ਸੁਰੱਖਿਆ ਬਲਾਂ ਨੇ ਇਸ ਹਸਪਤਾਲ ਨੂੰ ਘੇਰ ਰੱਖਿਆ ਹੈ। ਸੈਨਾ ਵੱਲੋਂ ਫਿਲਹਾਲ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ।

ਬੀਤੇ ਦਿਨ ਮੀਡੀਆ ਨਾਲ ਗੱਲਬਾਤ ਕਰਦਿਆਂ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੇਂਟ ਨੇ ਜੰਗ ਖਤਮ ਹੋਣ ਬਾਰੇ ਕੋਈ ਤੈਅ ਸਮਾਂ ਸੀਮਾ ਦੱਸਣ ਤੋਂ ਇਨਕਾਰ ਕੀਤਾ ਪਰ ਸੰਕੇਤ ਦਿੱਤਾ ਕਿ ਜ਼ਮੀਨੀ ਲੜਾਈ ਤੇ ਹਵਾਈ ਹਮਲੇ ਅਗਲੇ ਹਫ਼ਤਿਆਂ ਤੱਕ ਜਾਰੀ ਰਹਿ ਸਕਦੇ ਹਨ ਅਤੇ ਫੌਜੀ ਗਤੀਵਿਧੀਆਂ ਮਹੀਨਿਆਂ ਤੱਕ ਜਾਰੀ ਰਹਿ ਸਕਦੀਆਂ ਹਨ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਗਾਜ਼ਾ 'ਤੇ ਅਣਮਿੱਥੇ ਸਮੇਂ ਤੱਕ ਸੁਰੱਖਿਆ ਕੰਟਰੋਲ ਬਣਾਈ ਰੱਖੇਗਾ। ਸੰਯੁਕਤ ਰਾਸ਼ਟਰ ਜਨਰਲ ਸਕੱਤਰ ਤੇ ਅਰਬ ਮੁਲਕਾਂ ਨੇ ਤੁਰੰਤ ਜੰਗਬੰਦੀ ਨੂੰ ਲੈ ਕੇ ਵਧੇਰੇ ਕੌਮਾਂਤਰੀ ਭਾਈਚਾਰਿਆਂ ਨੂੰ ਇਕਜੁੱਟ ਕੀਤਾ ਹੈ ਪਰ ਅਮਰੀਕਾ ਨੇ ਪਿਛਲੇ ਹਫ਼ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਹੋਈਆਂ ਕੋਸ਼ਿਸ਼ਾਂ ਨੂੰ ਵੀਟੋ ਕਰ ਦਿੱਤਾ ਹੈ। ਅਮਰੀਕਾ ਨੇ ਹਮਾਸ ਖ਼ਿਲਾਫ਼ ਜੰਗ 'ਚ ਇਜ਼ਰਾਈਲ ਦੀ ਮਦਦ ਲਈ ਉਸ ਨੂੰ ਟੈਂਕ ਭੇਜੇ ਹਨ।

**ਜੈਸ਼ੰਕਰ ਨੇ ਆਪਣੇ ਇਜ਼ਰਾਇਲੀ ਹਮਰੁਤਬਾ ਨਾਲ ਕੀਤੀ ਗੱਲਬਾਤ**

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅੱਜ ਆਪਣੇ ਇਜ਼ਰਾਇਲੀ ਹਮਰੁਤਬਾ ਐਲੀ ਕੋਹੇਨ ਨਾਲ ਗੱਲਬਾਤ ਕਰਕੇ ਗਾਜ਼ਾ, ਲੈਬਨਾਨ ਵਿਚਲੇ ਹਾਲਾਤ ਤੇ ਖਿੱਤੇ 'ਚ ਸਮੁੰਦਰੀ ਆਵਾਜਾਈ ਦੀ ਸੁਰੱਖਿਆ ਬਾਰੇ ਚਰਚਾ ਕੀਤੀ। ਇਸ ਤੋਂ ਦੋ ਦਿਨ ਪਹਿਲਾਂ ਜੈਸ਼ੰਕਰ ਨੇ ਫਲਸਤੀਨੀ ਪ੍ਰਧਾਨ ਮੰਤਰੀ ਮੁਹੰਮਦ ਸ਼ਤਾਏਹ ਨਾਲ ਵੀ ਗੱਲਬਾਤ ਕੀਤੀ ਸੀ। ਵਿਦੇਸ਼ ਮੰਤਰੀ ਨੇ ਐਕਸ 'ਤੇ ਪੋਸਟ ਕੀਤਾ, 'ਇਜ਼ਰਾਇਲੀ ਵਿਦੇਸ਼ ਮੰਤਰੀ ਐਲੀ ਕੋਹੇਨ ਨਾਲ ਗੱਲਬਾਤ ਕੀਤੀ। ਗਾਜ਼ਾ ਦੇ ਹਾਲਾਤ, ਲੈਬਨਾਨ ਤੇ ਖਿੱਤੇ 'ਚ ਸੁਰੱਖਿਅਤ ਸਮੁੰਦਰੀ ਆਵਾਜਾਈ ਬਾਰੇ ਚਰਚਾ ਹੋਈ। ਉਨ੍ਹਾਂ ਨਾਲ ਸੰਪਰਕ ਵਿੱਚ

**ਗਾਜ਼ਾ ਦੇ ਮੁੱਖ ਸ਼ਹਿਰਾਂ ਵਿੱਚ ਗਹਿਗੱਚ ਲੜਾਈ**

ਇਜ਼ਰਾਇਲੀ ਫ਼ੌਜ ਅਤੇ ਹਮਾਸ ਵਿਚਕਾਰ ਗਾਜ਼ਾ ਦੇ ਦੋ ਵੱਡੇ ਸ਼ਹਿਰਾਂ 'ਚ ਗਹਿਗੱਚ ਲੜਾਈ ਜਾਰੀ ਹੈ। ਜੰਗ ਕਾਰਨ ਆਮ ਲੋਕਾਂ ਨੇ ਸਰਹੱਦੀ ਮੋਰਚਿਆਂ 'ਤੇ ਪਨਾਹ ਲਈ ਹੋਈ ਹੈ। ਲੋਕਾਂ ਮੁਤਾਬਕ ਖ਼ਾਨ ਯੂਨਿਸ, ਗਾਜ਼ਾ ਸਿਟੀ ਅਤੇ ਜਬਾਲੀਆ ਸ਼ਰਨਾਰਥੀ ਕੈਂਪ ਨੇੜੇ ਗਹਿਗੱਚ ਲੜਾਈ ਹੋ ਰਹੀ ਹੈ। ਖ਼ਾਨ ਯੂਨਿਸ 'ਚ ਆਪਣੇ ਰਿਸ਼ਤੇਦਾਰਾਂ ਕੋਲ ਠਹਿਰੇ ਹੋਏ ਹੁਸੈਨ ਅਲ-ਸਈਦ ਨੇ ਕਿਹਾ ਕਿ ਹਾਲਾਤ ਬਹੁਤ ਮੁਸ਼ਕਲ ਹਨ। ਉਸ ਨੇ ਕਿਹਾ ਕਿ ਹੁਣ ਕੋਈ ਵੀ ਥਾਂ ਸੁਰੱਖਿਅਤ ਨਹੀਂ ਰਹੀ। ਉਹ ਤਿੰਨ ਧੀਆਂ ਨਾਲ ਤਿੰਨ ਮੰਜ਼ਿਲਾ ਘਰ 'ਚ ਠਹਿਰਿਆ ਹੋਇਆ ਹੈ ਜਿਥੇ ਕਰੀਬ 70 ਹੋਰ ਵਿਅਕਤੀ ਮੌਜੂਦ ਹਨ। ਇਕ ਹੋਰ ਵਸਨੀਕ ਨੇ ਕਿਹਾ ਕਿ ਯੂਰੋਪੀਅਨ ਹਸਪਤਾਲ ਨੇੜੇ ਇਜ਼ਰਾਇਲੀ ਹਮਲਾ ਹੋਇਆ ਹੈ ਜਿਥੇ ਸੰਯੁਕਤ ਰਾਸ਼ਟਰ ਮਾਨਵੀ ਦਫ਼ਤਰ ਮੁਤਾਬਕ ਹਜ਼ਾਰਾਂ ਲੋਕਾਂ ਨੇ ਪਨਾਹ ਲਈ ਹੋਈ ਹੈ। ਉਸ ਨੇ ਕਿਹਾ ਕਿ ਐਤਵਾਰ ਦੇਰ ਰਾਤ ਇਕ ਘਰ 'ਤੇ ਵੀ ਹਮਲਾ ਹੋਇਆ। ਗਾਜ਼ਾ ਪੱਟੀ 'ਚ ਰਾਹਤ ਸਮੱਗਰੀ ਨਾ ਪਹੁੰਚਣ ਕਾਰਨ ਫਲਸਤੀਨੀਆਂ ਨੂੰ ਭੋਜਨ, ਪਾਣੀ ਅਤੇ ਹੋਰ ਬੁਨਿਆਦੀ ਵਸਤਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਨਿਗਰਾਨ ਇਸ ਗੱਲ ਦੀ ਫਿਕਰ ਜਤਾ ਰਹੇ ਹਨ ਕਿ ਫਲਸਤੀਨੀਆਂ ਨੂੰ ਗਾਜ਼ਾ ਤੋਂ ਇਕੋ ਵਾਰ ਜਬਰੀ ਬਾਹਰ ਕੱਢ ਦਿੱਤਾ ਜਾਵੇਗਾ ਅਤੇ ਇਹ 1948 ਦੀ ਜੰਗ ਵਾਂਗ ਹੈ ਜਦੋਂ ਵੱਡੇ ਪੱਧਰ 'ਤੇ ਹਿਜਰਤ ਹੋਈ ਸੀ।

# ਨਵਤੇਜ ਗੜ੍ਹਦੀਵਾਲ਼ਾ ਦੇ ਕਾਵਿ ਸੰਗ੍ਰਹਿ 'ਅੰਮ੍ਰਿਤ ਕਾਲ ਤੱਕ' ਦਾ ਲੋਕ-ਅਰਪਣ 'ਤੇ ਗੋਸ਼ਟੀ

ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਹੁਸ਼ਿਆਰਪੁਰ ਵਲੋਂ ਸਾਂਝੇ ਤੌਰ 'ਤੇ ਸ਼ਾਇਰ ਨਵਤੇਜ ਗੜ੍ਹਦੀਵਾਲ਼ਾ ਦੇ ਤੀਜੇ ਕਾਵਿ ਸੰਗ੍ਰਹਿ 'ਅੰਮ੍ਰਿਤ ਕਾਲ ਤੱਕ' ਦਾ ਲੋਕ ਅਰਪਣ ਅਤੇ ਗੋਸ਼ਟੀ ਸਮਾਗਮ ਮਿੰਨੀ ਸਕੱਤਰੇਤ ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਡਾ. ਹਰਜਿੰਦਰ ਅਟਵਾਲ, ਡਾ. ਸੁਰਜੀਤ ਜੱਜ, ਡਾ. ਜੇ.ਬੀ. ਸੇਖੋਂ, ਸਾਂਵਲ ਧਾਮੀ, ਮਦਨ ਵੀਰਾ ਅਤੇ ਡਾ. ਜਸਵੰਤ ਰਾਏ ਨੇ ਕੀਤੀ। ਪੁਸਤਕ ਲੋਕ-ਅਰਪਣ ਉਪਰੰਤ ਜੀ ਆਇਆਂ ਸ਼ਬਦ ਆਖਦਿਆਂ ਮਦਨ ਵੀਰਾ ਨੇ ਨਵਤੇਜ ਗੜ੍ਹਦੀ-ਵਾਲਾ ਦੇ ਕਾਵਿ ਜਗਤ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਹ ਸਾਂਝੀਆਂ ਧੁੰਨਾਂ ਦੀ ਕਵਿਤਾ ਹੈ। ਪ੍ਰਸਿੱਧ ਗਲਪ ਆਲੋਚਕ ਡਾ. ਜੇ.ਬੀ. ਸੇਖੋਂ ਨੇ ਪੰਜਾਬ ਦੇ ਇਤਿਹਾਸ ਨੂੰ ਮੁਸ਼ਤਰਕਾ ਇਤਿਹਾਸ ਕਹਿੰਦਿਆਂ ਕਿਹਾ ਕਿ ਪੰਜਾਬੀ ਕਵਿਤਾ ਦਰਬਾਰੀ ਕਵਿਤਾ ਨਹੀਂ ਸਗੋਂ ਵਿਦਰੋਹੀ ਕਵਿਤਾ ਹੈ ਅਤੇ ਨਵਤੇਜ ਦੀ ਕਵਿਤਾ ਇਸ ਵਿਦਰੋਹ ਦੀ ਕਵਿਤਾ ਦਾ ਹੀ ਇੱਕ ਅੰਗ ਹੈ। ਪ੍ਰੋ. ਸੁਰਜੀਤ ਜੱਜ ਨੇ 'ਅੰਮ੍ਰਿਤ ਕਾਲ ਤੱਕ' ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਦੀਆਂ ਉਦਾਹਰਣਾਂ ਦਿੰਦਿਆਂ ਕਿਹਾ ਕਿ ਸਹਿਜ ਨਾਲ ਚੱਲਣ ਵਾਲੀ



ਕਵਿਤਾ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਕਿਉਂਕਿ ਇਹ ਚੇਤਨਾ ਜਗਾਉਂਦੀ ਹੈ। ਇਹ ਨਾਅਰਿਆਂ ਤੋਂ ਪਾਰ ਦੀ ਕਵਿਤਾ ਹੈ।ਡਾ. ਜਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਨਵਤੇਜ ਦੀ ਕਵਿਤਾ ਸਵਾਲ ਕਰਦੀ ਹੈ। ਇਹ ਰਾਜਨੀਤਕ ਚੇਤਨਾ ਦੀ ਕਵਿਤਾ ਹੈ।ਨਵਤੇਜ ਦੀ ਕਵਿਤ ਦਾ ਨਾਇਕ ਆਜੋਕੇ ਦੌਰ ਵਿੱਚ ਸ਼ਬਦਾਂ ਦੇ ਹਥਿਆਰਾਂ ਨਾਲ ਲੜਨ ਲਈ ਜੂਝ ਰਿਹਾ ਹੈ। ਪ੍ਰੋ ਕੇਵਲ ਕਲੋਟੀ, ਪ੍ਰੋ ਸ਼ਾਮ ਸਿੰਘ, ਸਤੀਸ਼ ਰਾਣਾ, ਅਮਰੀਕ ਡੋਗਰਾ ਨੇ ਸੰਵਾਦ ਨੂੰ ਅੱਗੇ ਤੋਰਦਿਆਂ ਨਵਤੇਜ ਦੀ ਸ਼ਾਇਰੀ ਨੂੰ ਕਣੀ ਵਾਲੀ ਸ਼ਾਇਰੀ ਕਿਹਾ ਜਿਹੜੀ ਸਦਾ ਮਾਤੜ੍ਹ ਦੀ ਬਾਂਹ ਫੜਦੀ ਹੈ ਅਤੇ ਜਾਬਰ ਨਾਲ ਟੱਕਰ ਲੈਣ ਦੀ ਪ੍ਰੇਰਣਾ ਦਿੰਦੀ ਹੈ। ਨਵਤੇਜ ਨੇ ਇਤਿਹਾਸ ਅਤੇ ਮਿਥਿਹਾਸ ਵਿੱਚੋਂ ਘਟਨਾਵਾਂ ਨੂੰ ਲੈ ਕੇ ਇਨ੍ਹਾਂ ਨੂੰ ਸਮਕਾਲੀ ਵਰਤਾਰਿਆਂ ਨਾਲ ਜੋੜ ਕੇ ਬਹੁਤ ਭਾਵਪੂਰਤ ਪੇਸ਼ਕਾਰੀ ਕੀਤੀ ਹੈ।

ਭਾਸ਼ਾ ਵਿਭਾਗ ਅਤੇ ਪ੍ਰਗਤੀਸ਼ੀ਼ਲ ਲੇਖਕ ਸੰਘ ਵਲੋਂ ਡਾ. ਅਟਵਾਲ, ਪ੍ਰੋ ਸੁਰਜੀਤ ਜੱਜ, ਡਾ. ਜੇ.ਬੀ. ਸੇਖੋਂ, ਸਾਂਵਲ ਧਾਮੀ, ਨਵਤੇਜ ਗੜ੍ਹਦੀਵਾਲ਼ਾ ਅਤੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਹਰਦੇਵ ਸਿੰਘ ਆਸੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਧੰਨਵਾਦੀ ਸ਼ਬਦ ਸਾਬਕਾ ਲੋਕ ਸੰਪਰਕ ਅਧਿਕਾਰੀ ਪ੍ਰੋ. ਬਲਦੇਵ ਬੱਲੀ ਨੇ ਆਪਣੀਆਂ ਸਾਰਥਕ ਟਿੱਪਣੀਆਂ ਦਿੰਦਿਆਂ ਆਖੇ। ਸਮਾਗਮ ਦੌਰਾਨ ਸਟੇਜ ਦੀ ਸਮੁਚੀ ਕਾਰਵਾਈ ਡਾ. ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਸਾਹਿਤਕਾਰ ਦਰਸ਼ਨ ਸਿੰਘ ਦਰਸ਼ਨ, ਸੁਰਿੰਦਰ ਸਿੰਘ ਨੇਕੀ, ਜਸਬੀਰ ਸਿੰਘ ਧੀਮਾਨ, ਬਲਜਿੰਦਰ ਮਾਨ, ਸੁਖਵੰਤ ਸੁਖਮਨ, ਸੁਰਿੰਦਰ ਕੰਗਵੀ, ਰਾਜ ਕੁਮਾਰ ਘਾਸੀਪੁਰੀਆ, ਹਰਜਿੰਦਰ ਹਰਗੜ੍ਹੀਆ, ਲੋਕੇਸ਼ ਕੁਮਾਰ ਚੋਬੇ, ਕੁਲਤਾਰ ਸਿੰਘ ਕੁਲਤਾਰ, ਅਜੇ ਕੁਮਾਰ, ਕੁਲਦੀਪ ਸਿੰਘ, ਪ੍ਰੋ ਗੁਰਦਿਆਲ ਸਿੰਘ ਫੁਲ, ਸਿਮਰਜੀਤ ਸ਼ੰਮੀ, ਪ੍ਰਿੰਸੀਪਲ ਗੁਰਾਂਦਾਸ, ਜਰਨੈਲ ਸਿੰਘ ਘੁੰਮਣ, ਨਵਨੀਤ ਸਿੰਘ, ਮਨਸੀਰਤ ਕੌਰ, ਨੂਰੰਸ਼ਦੀਪ ਕੌਰ, ਲਾਲ ਸਿੰਘ, ਸੁਰਿੰਦਰਪਾਲ ਅਤੇ ਪੁਸ਼ਪਾ ਰਾਣੀ ਹਾਜ਼ਰ ਸਨ।

# ਅਦਾਰਾ "ਸੰਗਰਾਮੀ ਲਹਿਰ" ਦੇ ਸੱਦੇ 'ਤੇ ਹੋਏ ਭਰਵੇਂ ਸੈਮੀਨਾਰ ਵਿਚ ਰਿਲੀਜ਼ ਕੀਤਾ ਗਿਆ ਪੇਰਿਆਰ ਦੀ ਸਮੁੱਚੀ ਰਚਨਾ ਦਾ ਪੰਜਾਬੀ ਅਨੁਵਾਦ






**ਜਲੰਧਰ, (ਦਲਜੀਤ ਕੌਰ)–** ਅਦਾਰਾ 'ਸੰਗਰਾਮੀ ਲਹਿਰ' ਵਲੋਂ ਦੇਸ਼ ਭਗਤ ਯਾਦਗਾਰ ਜਲੰਧਰ ਦੇ 'ਗ਼ਦਰੀ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ' ਵਿਖੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਸੈਮੀਨਾਰ ਸੱਦਿਆ ਗਿਆ। ਇਸ ਮੌਕੇ ਆਲਮੀ ਪ੍ਰਸਿੱਧੀ ਦੇ ਮਾਲਕ ਏਸ਼ੀਆਈ ਖਿੱਤੇ ਦੇ ਜ਼ਹੀਨ ਚਿੰਤਕ ਤੇ ਸਮਾਜ ਸੁਧਾਰਕ ਈਵੀ ਰਾਮਾਸਵਾਮੀ ਪੇਰਿਆਰ ਦੀ ਸਮੁਚੀ ਰਚਨਾ ਦੀ ਪੰਜਾਬੀ ਪਾਠਕਾਂ ਨਾਲ ਸਾਂਝ ਪਵਾਉਂਦੀ ਵੱਡ ਆਕਾਰੀ ਪੁਸਤਕ, "ਪੇਰਿਆਰ ਰਚਨਾਵਲੀ- ਸਾਡੇ ਯੁੱਗ ਦਾ ਸੁਕਰਾਤ" ਲੋਕਾਰਪਣ ਕੀਤੀ ਗਈ। ਸੈਮੀਨਾਰ ਦੀ ਪ੍ਰਧਾਨਗੀ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ, ਹਰਿਆਣਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ, ਤ੍ਰੈਮਾਸਿਕ 'ਚਿਰਾਗ਼' ਦੇ ਸੰਪਾਦਕ ਅਤੇ ਕੇਂ-ਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਜਨਰਲ ਸਕੱਤਰ ਡਾਕਟਰ ਕਰਮਜੀਤ ਸਿੰਘ ਨੇ ਕੀਤੀ। ਮੰਚ 'ਤੇ ਸੰਗਰਾਮੀ ਲਹਿਰ' ਦੇ ਸੰਪਾਦਕ ਸਾਥੀ ਮੰਗਤ ਰਾਮ ਪਾਸਲਾ, ਉੱਘੇ ਲੋਕ ਆਗੂ ਹਰਕੰਵਲ ਸਿੰਘ ਅਤੇ ਦੇਸ਼ ਭਗਤ ਯਾਦਗਾਰ ਜਲੰਧਰ



ਦੇ ਸਹਾਇਕ ਸਕੱਤਰ ਤੇ ਇਤਿਹਾਸਕਾਰ ਚਿਰੰਜੀ ਲਾਲ ਕੰਗਣੀਵਾਲ ਵੀ ਸੁਸ਼ੋਭਿਤ ਸਨ। ਮੰਚ ਸੰਚਾਲਕ ਦੇ ਫਰਜ਼ ਸੰਪਾਦਕੀ ਟੀਮ ਦੇ ਮੈਂਬਰ ਮਹੀਪਾਲ ਨੇ ਨਿਭਾਏ।

ਮੁੱਖ ਪਰਚਾ ਉਪਰ ਬਿਆਨੀ ਪੁਸਤਕ ਦਾ ਬੜੀ ਮਿਹਨਤ ਨਾਲ ਸ਼ਾਨਦਾਰ ਅਨੁਵਾਦ ਕਰਨ ਵਾਲੇ ਉੱਘੇ ਵਿਦਵਾਨ ਡਾਕਟਰ ਜਸਵੰਤ ਰਾਏ, ਜਿਲ੍ਹਾ ਭਾਸ਼ਾ ਅਫਸਰ ਹੁਸ਼ਿਆਰਪੁਰ ਨੇ ਪੜ੍ਹਿਆ। ਰੋਜ਼ਾਨਾ ਪੰਜਾਬੀ 'ਨਵਾਂ ਜ਼ਮਾਨਾ' ਦੇ ਸਾਹਿਤ ਸੰਪਾਦਕ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ ਨੇ ਵੀ ਵਿਸ਼ੇਸ਼ ਭਾਸ਼ਣ ਕੀਤਾ। ਵਿਦਵਾਨ ਬੁਲਾਰਿਆਂ ਨੇ ਪੇਰਿਆਰ ਦੀ ਬਹੁ ਪੱਖੀ ਸ਼ਖਸੀਅਤ ਅਤੇ ਉਨ੍ਹਾਂ ਵਲੋਂ ਘਾਲੀਆਂ ਘਾਲਣਾਵਾਂ ਦੀ ਚਰਚਾ ਕਰਦਿਆਂ ਉਨ੍ਹਾਂ ਦੀਆਂ ਬਹੁਆਯਾਮੀ ਰਚਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਅਜੋਕੇ ਦੌਰ 'ਚ ਫਿਰਕੂ-ਫਾਸ਼ੀ ਤਾਕਤਾਂ ਦੇ ਪਿਛਾਖੜੀ ਵਿਚਾਰਧਾਰਕ ਹੱਲੇ ਦਾ ਬਾਦਲੀਲ ਟਾਕਰਾ ਕਰਨ ਪੱਖੋਂ ਪੇਰਿਆਰ ਦੀਆਂ ਰਚਨਾਵਾਂ ਦੀ ਪ੍ਰਸੰਗਿਕਤਾ ਹੋਰ ਵਧੇਰੇ ਮਹੱਤਵ ਅਖਤਿਆਰ ਕਰ ਗਈ ਹੈ। ਬੁਲਾਰਿਆਂ ਨੇ ਕਿਹਾ ਕਿ ਰਾਜਨੀਤਕ, ਸਮਾਜਿਕ ਅਤੇ ਆਰਥਕ ਸੰਘਰਸ਼ ਇਕ-ਦੂਜੇ ਦੇ ਪੂਰਕ ਹਨ। ਸਰੋਤਿਆਂ ਵਿਚ ਅੰਬੇਦਕਰੀ ਅਤੇ ਖੱਬੇ ਪੱਖੀ ਵਿਚਾਰਧਾਰਾ ਨੂੰ ਪ੍ਰਣਾਏ ਮਿਸ਼ਨਰੀ ਕਾਰਕੁੰਨਾਂ ਤੋਂ ਇਲਾਵਾ ਵੱਖੋ-ਵੱਖ ਖੇਤਰਾਂ ਦੀਆਂ ਸਿਰਕੱਢ ਹਸਤੀਆਂ ਵੀ ਚੋਖੀ ਗਿਣਤੀ ਵਿਚ ਸ਼ਾਮਲ ਸਨ।

# ਸਾਂਝੇ ਸ਼ਮਸ਼ਾਨਘਾਟ ਬਣਾਉਣ ਵਾਲੇ ਪਿੰਡਾਂ ਨੂੰ ਮਿਲੇਗੀ 5-5 ਲੱਖ ਰੁਪਏ ਦੀ ਗ੍ਰਾਂਟ- ਲਾਲਜੀਤ ਸਿੰਘ ਭੁੱਲਰ

**ਚੰਡੀਗੜ੍ਹ, (ਦਲਜੀਤ ਕੌਰ)–** ਪੰਜਾਬ ਸਰਕਾਰ ਪਿੰਡਾਂ 'ਚ ਵੱਖੋ-ਵੱਖਰੇ ਸ਼ਮਸ਼ਾਨਘਾਟਾਂ ਦੀ ਥਾਂ ਇੱਕ ਸਾਂਝਾ ਸ਼ਮਸ਼ਾਨਘਾਟ ਬਣਾਉਣ ਵਾਲੇ 29 ਪਿੰਡਾਂ ਨੂੰ 5-5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰੇਗੀ। ਇਸ ਸਬੰਧੀ ਫ਼ਾਈਲ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ। ਲਾਲਜੀਤ ਸਿੰਘ ਭੁੱਲਰ ਨੇ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ 1 ਕਰੋੜ 45 ਲੱਖ ਰੁਪਏ ਦੀ ਗ੍ਰਾਂਟ ਰਾਸ਼ੀ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਸ਼ਹੀਦਗੜ੍ਹ, ਸੈਂਪਲਾ, ਮੁਹੰਮਦੀਪੁਰ, ਧਤੌਂਦਾ ਅਤੇ ਧਨੌਲਾ, ਜ਼ਿਲ੍ਹਾ ਪਠਾਨਕੋਟ ਦੇ ਪਿੰਡ ਘੋਹ, ਜ਼ਿਲ੍ਹਾ ਰੋਪੜ ਦੇ ਪਿੰਡ ਝੱਲੀਆਂ ਕਲਾਂ, ਰਾਮਪੁਰ ਅਤੇ ਗੋਪਾਲਪੁਰ, ਜ਼ਿਲ੍ਹਾ ਸੰਗਰੂਰ ਦੇ ਪਿੰਡ ਖਾਈ, ਜ਼ਿਲ੍ਹਾ ਪਟਿਆਲਾ ਦੇ ਪਿੰਡ ਹਰਚੰਦ-ਪੁਰਾ, ਗੱਜੂਮਾਜਰਾ, ਸਨੌਲੀਆਂ ਅਤੇ ਸੁੱਖੇਵਾਲ, ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਕਿੜੀਆਂ, ਚੰਬਲ, ਡਲੀਰੀ, ਮਾੜੀ ਸਮਰਾਂ ਅਤੇ ਜਵੰਦਪੁਰ, ਜ਼ਿਲ੍ਹਾ ਐਸ।ਏ।ਐਸ ਨਗਰ ਦੇ ਪਿੰਡ ਮਹਿਰੋਲੀ ਅਤੇ ਢਕੋਰਾਂ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਛੰਨ ਘੋਗਾ ਤੇ ਮੁਮੰਦ ਅਤੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਬੋਂ ਨੀਚੀ, ਖਾਨਪੁਰ ਮੰਡ, ਜੁਲਫ਼ਗੜ੍ਹ, ਕੀੜੀ, ਨਵਾਂ ਸਲੇਮਪੁਰਾ ਅਤੇ ਪਿੰਡ ਭਾਡੇਵਾਲ ਨੂੰ ਛੇਤੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਆਸ ਜਤਾਈ ਕਿ ਸਰਕਾਰ ਦੇ ਇਸ ਉਪਰਾਲੇ ਨਾਲ ਪਿੰਡਾਂ ਵਿੱਚ ਭਾਈਚਾਰਕ ਸਾਂਝ ਨੂੰ ਭਰਵਾਂ ਹੁੰਗਾਰਾ ਮਿਲੇਗਾ। ਦੱਸ ਦੇਈਏ ਕਿ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਿਛਲੇ ਵਿੱਤੀ ਵਰ੍ਹੇ ਦੌਰਾਨ ਸਾਂਝੇ ਸ਼ਮਸ਼ਾਨਘਾਟ ਬਣਾਉਣ ਵਾਲੀਆਂ 39 ਗ੍ਰਾਮ ਪੰਚਾਇਤਾਂ ਨੂੰ 1.195 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਬਹੁਤੇ ਪਿੰਡ ਅਜਿਹੇ ਹਨ, ਜਿੱਥੇ ਵੱਖ-ਵੱਖ ਧਰਮਾਂ-ਆਬਾਦੀਆਂ ਲਈ ਵੱਖੋ-ਵਖਰੇ ਸ਼ਮਸ਼ਾਨਘਾਟ ਹਨ ਅਤੇ ਇਨ੍ਹਾਂ ਵਿੱਚੋਂ ਕੋਈ ਵੀ ਸ਼ਮਸ਼ਾਨਘਾਟ ਮੁਕੰਮਲ ਰੂਪ ਵਿੱਚ ਵਿਕਸਿਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਸਕੀਮ ਅਨੁਸਾਰ ਇੱਕ ਤੋਂ ਵੱਧ ਸ਼ਮਸ਼ਾਨਘਾਟ ਵਾਲੇ ਪਿੰਡਾਂ ਵਿੱਚੋਂ ਜੇ ਕਿਸੇ ਪਿੰਡ ਦੀ ਪੰਚਾਇਤ ਇੱਕ ਸ਼ਮਸ਼ਾਨਘਾਟ ਬਣਾਉਣ ਦਾ ਫ਼ੈਸਲਾ ਕਰਦੀ ਹੈ ਤਾਂ ਸਰਕਾਰ ਉਸ ਪਿੰਡ ਨੂੰ 5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਵੇਗੀ। ਉਨ੍ਹਾਂ ਕਿਹਾ ਕਿ ਪੰਚਾਇਤ ਗ੍ਰਾਂਟ ਰਾਸ਼ੀ ਨੂੰ ਸਬੰਧਤ ਸ਼ਮਸ਼ਾਨਘਾਟ ਦੇ ਵਿਕਾਸ ਲਈ ਖ਼ਰਚ ਕਰ ਸਕਦੀ ਹੈ ਜਾਂ ਪੁਰਾਣੇ ਸ਼ਮਸ਼ਾਨਘਾਟ ਵਾਲੀਆਂ ਥਾਵਾਂ ਨੂੰ ਹੋਰਨਾਂ ਮੰਤਵਾਂ 'ਚ ਤਬਦੀਲ ਕਰਨ ਲਈ ਵਰਤ ਸਕਦੀ ਹੈ।







# ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਨੇ ਕੀਤਾ ਹੋਣਹਾਰ ਬੱਚਿਆਂ ਦਾ ਸਨਮਾਨ



**ਸੜੋਆ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਪਰੀਨਿਰਵਾਣ ਦਿਵਸ ਦੇ ਸੰਬੰਧ ਵਿੱਚ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਸੜੋਆ ਵਲੋਂ ਪਿੰਡ ਨਾਨੋਵਾਲ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਮੌਕੇ ਬਾਬਾ ਸਾਹਿਬ ਜੀ ਦੇ ਸਰੂਪ ਤੇ ਫੁੱਲ ਮਾਲਾਵਾਂ ਭੇਂਟ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਨਾਜਰ ਰਾਮ ਮਾਨ ਜਿਲ੍ਹਾ ਸਿੱਖਿਆ ਅਫਸਰ ਨੇ ਕਿਹਾ ਕਿ ਬਾਬਾ ਸਾਹਿਬ ਰੌਸ਼ਨ ਦਿਮਾਗ ਇਨਸਾਨ ਸਨ। ਉਹਨਾਂ ਦੀ ਪੂਰੀ ਦੁਨੀਆਂ ਵਿੱਚ ਕਿੱਧਰੇ ਵੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸ ਮੌਕੇ ਪ੍ਰੋ ਵਰਿੰਦਰ ਸਿੰਘ ਬਛੌੜੀ ਅਤੇ ਮਾਸਟਰ ਮਹਿੰਦਰ ਚੰਦ ਪੋਜੇਵਾਲ ਨੇ ਕਿਹਾ ਕਿ ਜੇਕਰ ਅਸੀਂ ਆਪਣੀ ਨੌਜਵਾਨ ਪੀੜ੍ਹੀ ਦਾ ਸਹੀ ਮਾਰਗ ਦਰਸ਼ਨ ਨਾ ਕਰਵਾ ਸਕੇ ਤਾਂ ਉਹ ਦਿਨ ਦੂਰ ਨਹੀਂ ਹੋਣਗੇ ਜਦੋਂ ਇਹ ਨੌਜਵਾਨ ਸਾਡੇ ਲਈ, ਆਜ ਅਤੇ ਸਰਕਾਰਾਂ ਲਈ ਵੱਡੀ ਰੁਕਾਵਟ ਬਣ ਜਾਣਗੇ। ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵਲੋਂ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਬੱਚਿਆਂ ਨੂੰ ਉਜਵਲ ਭਵਿੱਖ ਵਾਸਤੇ ਪ੍ਰੇਰਿਤ ਵੀ ਕੀਤਾ।

ਇਸ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਸਾਹਿਬਾ, ਵਰਿੰਦਰ ਕੁਮਾਰ, ਮਹਿੰਦਰ ਚੰਦ, ਕੈਪਟਨ ਤਰਸੇਮ ਲਾਲ ਖੁਰਦਾਂ, ਸੁਰਜੀਤ ਲਾਲ ਭਾਰਤੀਅ ਸਟੇਟ ਬੈਂਕ, ਮਾਸਟਰ ਬਲਵਿੰਦਰ ਨਾਨੋਵਾਲ, ਮਾਸਟਰ ਤੇਲੂ ਰਾਮ ਸਾਬਕਾ ਸਰਪੰਚ ਛਦੌੜੀ, ਨਰੰਜਣਜੋਤ ਸਿੰਘ ਚਾਂਦਪੁਰ ਰੁੜਕੀ, ਮਾਸਟਰ ਰਾਜ ਕੁਮਾਰ ਮਾਲੇਵਾਲ, ਲਾਲ ਸਿੰਘ ਮਾਨ, ਮੋਹਣ ਲਾਲ ਖਰੌੜ, ਗੁਰਦਿਆਲ ਮਾਨ, ਚਮਨ ਲਾਲ ਸੜੋਆ ਅਤੇ ਮਾਸਟਰ ਚਰਨਜੀਤ ਆਲੋਵਾਲ ਆਦਿ ਨੇ ਵੀ ਸ਼ਮੂਲੀਅਤ ਕੀਤੀ।

# ਗਾਇਕਾ ਜੋਤੀ ਨਵਾਂ ਸ਼ਹਿਰ ਦਾ ਧਾਰਮਿਕ ਗੀਤ "ਥੋੜ ਕੋਈ ਨਾ ਛੱਡੀ ਸਤਿਗੁਰੂ ਕਾਂਸ਼ੀ ਵਾਲੇ ਨੇ" ਦੀ ਰਿਕਾਡਿੰਗ ਮੁਕੰਮਲ


**ਫਗਵਾੜਾ (ਬੀ.ਕੇ. ਰੱਤੂ)–** ਦੁਆਬੇ ਦੀ ਚਰਚਿਤ ਮਾਣਮੱਤੀ ਸੁਰੀਲੀ ਅਵਾਜ਼ ਦੀ ਮਾਲਕ ਆਪਣੇ ਦਮ ਤੇ ਆਪਣੀ ਗਾਇਕੀ ਦੀ ਵੱਖਰੀ ਪਹਿਚਾਣ ਬਣਾਉਣ ਵਾਲੀ ਗਾਇਕਾ ਜੋਤੀ ਨਵਾਂ ਸ਼ਹਿਰ ਦੇ ਸਿੰਗਲ ਟ੍ਰੈਕ " ਥੋੜ ਕੋਈ ਨਾ ਛੱਡੀ ਸਤਿਗੁਰੂ ਕਾਂਸ਼ੀ ਵਾਲੇ ਨੇ " ਦੀ ਰਿਕਾਰਡਿੰਗ ਐੱਚ ਐੱਸ ਰਿਕਾਰਡ ਸਟੂਡੀਓ ਜਲੰਧਰ ਵਿਖੇ ਮੁਕੰਮਲ ਹੋ ਗਈ ਹੈ। ਇਸ ਗੀਤ ਦੇ ਲੇਖਕ ਗਾਇਕ ਗੀਤਕਾਰ ਨੇਕਾ ਮੱਲ੍ਹਾ ਬੇਦੀਆਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗੀਤ ਸਤਿਗੁਰੂ



ਰਵਿਦਾਸ ਜੀ ਦੀ ਮਹਿਮਾ ਵਿੱਚ ਕਲਮਬੰਦ ਕੀਤਾ ਹੈ ਤੇ ਇਸ ਗੀਤ ਨੂੰ ਮੈਂ ਖੁਦ ਕਲਮਬੰਦ ਕੀਤਾ ਹੈ। ਇਹ ਗੀਤ ਸਤਿਗੁਰੂ ਰਵਿਦਾਸ ਮਹਾਰਾਜ ਜੀਆਂ ਦੇ ਜਨਮ ਦਿਨ ਤੇ ਵੱਡੀ ਪੱਧਰ ਤੇ ਰਿਲੀਜ਼ ਕੀਤਾ ਜਾਵੇਗਾ। ਇਸ ਗੀਤ ਦੇ ਗੀਤਕਾਰ ਨੇਕਾ ਮੱਲ੍ਹਾ ਬੇਦੀਆਂ ਨੇ ਦੱਸਿਆ ਇਸ ਗੀਤ ਦੇ ਕੰਪੋਜ਼ਰ ਉਸਤਾਦ ਰਾਣਾ ਪੂਨੀਆਂ ਵਾਲਾ ਨੇ ਤੇ ਜੋਤੀ ਨਵਾਂ ਸ਼ਹਿਰ ਦੀ ਅਵਾਜ਼ ਵਿੱਚ ਅਤੇ ਗੀਤਕਾਰ ਨੇਕਾ ਮੱਲ੍ਹਾ ਬੇਦੀਆਂ ਦੀ ਪੇਸ਼ਕਸ਼ ਵਿੱਚ ਜਲਦੀ ਹੀ ਸੰਗਤ ਦੇ ਸਨਮੁੱਖ ਕੀਤਾ ਜਾਵੇਗਾ।

# ਪੰਜਾਬ ਦੇ ਮਹਾਨ ਚਿੱਤਰਕਾਰ ਸਰਦਾਰ ਕਿਰਪਾਲ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ 10 ਦਸੰਬਰ 2023 ਨੂੰ ਚਿੱਤਰਕਾਰ ਨੂੰ ਕੋਟ ਕੋਟ ਪ੍ਰਣਾਮ!

ਸਿੱਖ ਇਤਿਹਾਸ ਨੂੰ ਤਸਵੀਰਾਂ 'ਚ ਬਿਆਨ ਕਰਨ ਵਾਲੇ ਪੰਜਾਬ ਦੇ ਪਹਿਲੇ ਅਜਿਹੇ ਚਿੱਤਰਕਾਰ ਹਨ ਜਿਨ੍ਹਾਂ ਨੇ ਸਿੱਖਾਂ ਦੇ ਮਹਾਨ ਵਿਰਸੇ ਅਤੇ ਵਿਰਾਸਤ ਪੰਜ ਸੌ ਸਾਲਾਂ ਦੇ ਦਰਦ ਭਰੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਆਪਣੇ ਬੁਰਸ਼ ਦੀਆਂ ਛੋਹਾਂ ਨਾਲ ਸਾਕਾਰ ਕੀਤਾ। ਸਿੱਖਾਂ ਦੀ ਸਰਵ ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਦੇ ਮੋਢੀ ਅਤੇ ਪਹਿਲੇ ਚਿੱਤਰਕਾਰ ਸਰਦਾਰ ਕਿਰਪਾਲ ਸਿੰਘ ਜੀ ਸਨ। ਆਪ ਜੀ ਦੀਆਂ ਬਣਾਈਆਂ ਪੇਂਟਿੰਗ ਕੇਂਦਰੀ ਸਿੱਖ ਅਜਾਇਬ ਅੰਮ੍ਰਿਤਸਰ ਸਿੱਖ ਅਜਾਇਬਘਰ, ਬੰਗਲਾ ਸਾਹਿਬ ਨਵੀਂ ਦਿੱਲੀ, ਗੁਰੂ ਤੇਗ ਬਹਾਦਰ ਅਜਾਇਬ ਘਰ, ਸ੍ਰੀ ਅਨੰਦਪੁਰ ਸਾਹਿਬ ਚੰਡੀਗੜ੍ਹ ਮਿਉਜ਼ਿਅਮ, ਫਿਰੋਜ਼ਸ਼ਾਹ ਮੈਮੋਰੀਅਲ, ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਵੇਖੀਆਂ ਜਾ ਸਕਦੀਆਂ ਹਨ।




ਸੋ, ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਉਸ ਮਹਾਨ ਦਰਵੇਸ਼ ਚਿੱਤਰਕਾਰ ਸਰਦਾਰ ਕਿਰਪਾਲ ਸਿੰਘ ਜੀ ਦੀ ਜਨਮ ਸ਼ਤਾਬਦੀ ਨੂੰ ਹਰ ਕੋਈ ਨਿਜੀ ਤੌਰ ਤੇ ਹੀ ਆਪਣੀ ਸੰਸਥਾ ਵੱਲੋਂ ਉਤਸਾਹ ਤੇ ਖਲੂਸ ਨਾਲ ਮਨਾਵੇ।

**ਜੈਤੇਗ ਸਿੰਘ ਅਨੰਤ, ਸਰੀ (ਕਨੇਡਾ)**

# ਕਾਰਜਕਾਰੀ ਮੈਜਿਸਟਰੇਟ ਬਣ ਆਏ ਸੱਭਿਆਚਾਰ ਪ੍ਰੇਮੀ ਗੁਰਦੀਪ ਸੰਧੂ, ਅਹੁਦਾ ਸੰਭਾਲਿਆ

**ਆਦਮਪੁਰ (ਜਲੰਧਰ)** ਆਦਮਪੁਰ ਜ਼ਿਲਾ ਜਲੰਧਰ ਦਾ ਓਹ ਸ਼ਹਿਰਨੁਮਾ ਕਸਬਾ ਹੈ ਜਿੱਥੇ ਹਵਾਈ ਅੱਡਾ ਵੀ ਏ ਤੇ ਇੱਥੋਂ ਹੁਣ ਕਾਫੀ ਉਡਾਣਾਂ ਵੀ ਦੇਸ਼ ਵਿਦੇਸ਼ ਜਾ ਰਹੀਆਂ ਤੇ ਤਹਿਸੀਲ ਆਦਮਪੁਰ ਵਿਖੇ ਕਲਾ, ਸੰਗੀਤ ਸੱਭਿਆਚਾਰ ਪ੍ਰੇਮੀ ਅਫ਼ਸਰ ਗੁਰਦੀਪ ਸਿੰਘ ਸੰਧੂ ਨੂੰ ਪੰਜਾਬ ਸਰਕਾਰ ਨੇ ਕਾਰਜਕਾਰੀ ਮੈਜਿਸਟਰੇਟ ਬਣਾ ਇਥੇ ਤਾਇਨਾਤ ਕੀਤਾ ਹੈ। ਗੁਰਦੀਪ ਸਿੰਘ ਸੰਧੂ ਦੇ ਅਹੁਦਾ ਸੰਭਾਲਣ ਮੌਕੇ ਤਹਿਸੀਲ ਆਦਮਪੁਰ ਦੇ ਸਮੁੱਚੇ ਸਟਾਫ, ਕਾਨੂੰਗੋ ਮੱਖਣ ਸਿੰਘ,ਲੰਬੜਦਾਰ ਆਦਮਪੁਰ ਤੇ ਹੋਰਾਂ ਨੇ ਫੁੱਲਾਂ ਦੇ




ਗੁਲਦਸਤੇ ਦੇ ਕਿ ਸਵਾਗਤ ਕੀਤਾ।ਗੁਰਦੀਪ ਸਿੰਘ ਸੰਧੂ ਨੇ ਕਿਹਾ ਕਿ ਓਹ ਤਹਿਸੀਲ ਆਦਮਪੁਰ ਵਿਖੇ ਹਰੇਕ ਦਾ ਕੰਮ ਸਮੇਂ ਸਿਰ ਹੋਏ ਭਰਪੂਰ ਕੋਸ਼ਿਸ਼ ਕਰਨਗੇ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੀਆਂ ਸਵੱਛ ਪ੍ਰਸਾਸ਼ਨ ਦੀਆਂ ਨੀਤੀਆਂ ਲਾਗੂ ਕਰਨਗੇ।ਇਸ ਮੌਕੇ ਫਿਲਮ ਪੱਤਰਕਾਰ ਅੰਮ੍ਰਿਤ ਪਵਾਰ, ਅਦਾਕਾਰ ਪੂਰਨ ਤੇ" ਚੰਨ ਤਾਰਾ "ਫਿਲਮ ਦੇ ਨਿਰਦੇਸ਼ਕ ਵਿਨੀਤ ਅਟਵਾਲ ਵੀ ਹਾਜ਼ਿਰ ਸਨ। ਯਾਦ ਰਹੇ ਗੁਰਦੀਪ ਸਿੰਘ ਸੰਧੂ ਕੋਲ ਤਹਿਸੀਲ ਸ਼ਾਹਕੋਟ ਦਾ ਵੀ ਵਾਧੂ ਚਾਰਜ ਹੈ।

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834





ਵੀਰ ਸੀਤਾ ਰਾਮ ਯਾਦਗਾਰੀ ਲਾਇਬ੍ਰੇਰੀ ਅਤੇ ਕਮਿਊਨਿਟੀ ਹਾਲ ਦਾ

## ਲੋਕ ਅਰਪਣ

ਮਿਤੀ: ਦਸੰਬਰ 17, 2023 (ਐਤਵਾਰ)
ਸਮਾਂ: 12:30 ਬਾਅਦ ਦੁਪਹਿਰ ਤੋਂ 1:30 ਸ਼ਾਮ
ਸਥਾਨ: ਪਿੰਡ ਈਸੜੂ, ਨੇੜੇ ਖੰਨਾ, ਜ਼ਿਲ੍ਹਾ ਲੁਧਿਆਣਾ।

ਆਪ ਜੀ ਨੂੰ ਪੰਹੁਚਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਉਡੀਕਵਾਨ:
ਗਿਆਨ ਸਿੰਘ ਅਤੇ ਗੁਰਿੰਦਰ ਕੌਰ
ਭਗਵਾਨ ਸਿੰਘ ਅਤੇ ਬਲਬੀਰ ਕੌਰ
ਦੀਵਾਨ ਸਿੰਘ ਅਤੇ ਗੁਰਪਾਲ ਕੌਰ
ਸੁਭਾਨ ਸਿੰਘ ਅਤੇ ਜਰਨੈਲ ਕੌਰ
ਰਣਜੀਤ ਸਿੰਘ ਅਤੇ ਸਰਬਜੀਤ ਕੌਰ
ਅਤੇ ਸਮੂਹ ਪਰਿਵਾਰ

Not Ad

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ "ਸਾਡੇ ਬਜ਼ੁਰਗ ਸਾਡਾ ਮਾਣ" ਤਹਿਤ ਲਗਾਏ ਕੈਂਪ ਵਿਚ ਪਹੁੰਚੇ

## ਹਰ ਲੋੜਵੰਦ ਤੱਕ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਯਕੀਨੀ ਪਹੁੰਚੇਗਾ-ਹਰਜੋਤ ਬੈਂਸ

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸੁਰੂ ਕੀਤੀ ਮੁਹਿੰਮ "ਸਾਡੇ ਬਜੁਰਗ ਸਾਡਾ ਮਾਣ" ਰਾਹੀ ਦੂਰ ਦੁਰਾਂਡੇ ਪੇਂਡੂ ਖੇਤਰਾਂ ਵਿਚ ਲੋੜਵੰਦਾ ਬਜੁਰਗਾਂ ਤੱਕ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਅੱਜ ਨੰਗਲ ਇਲਾਕੇ ਦੇ ਭਨਾਮ ਵਿੱਚ ਲਗਾਏ ਗਏ ਕੈਂਪ ਵਿੱਚ 3 ਹਜ਼ਾਰ ਤੋ ਵੱਧ ਇਲਾਕਾ ਵਾਸੀ ਪਹੁੰਚੇ।



ਇਸ ਕੈਂਪ ਵਿੱਚ ਵਿਸ਼ੇਸ ਤੋਰ ਤੇ ਪਹੁੰਚੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਾਡੇ ਬਜੁਰਗ ਸਾਡੀ ਸ਼ਾਨ ਹਨ, ਬਜੁਰਗਾਂ ਦੀ ਸੇਵਾ ਅਤੇ ਸਨਮਾਨ ਕਰਨਾ ਸਾਡੀ ਸੰਸਕ੍ਰਿਤੀ ਵਿਚ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਲੋੜਵੰਦਾਂ ਨੂੰ ਸਹੂਲਤਾਂ ਦੇਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਪੇਂਡੂ ਖੇਤਰਾਂ ਵਿਚ ਅਜਿਹੇ ਕੈਂਪ ਲਗਾਉਣ ਦਾ ਮਨੋਰਥ ਹਰ ਲੋੜਵੰਦ ਤੱਕ ਸਰਕਾਰ ਵੱਲੋਂ ਮਿਲਣ ਵਾਲਾ ਲਾਭ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਦਲਾਓ ਲਿਆਦਾ ਜਾ ਰਿਹਾ ਹੈ 90 ਪ੍ਰਤੀਸ਼ਤ ਲੋਕਾਂ ਦੇ ਘਰਾਂ ਦੇ ਬਿੱਲ ਜੀਰੋ ਆ ਰਹੇ ਹਨ, ਆਮ ਆਦਮੀ ਕਲੀਨਿਕ ਤੋਂ ਲੋਕਾਂ ਨੂੰ ਮੁਫਤ ਦਵਾਈ ਤੇ ਟੈਸਟ ਦੀ ਸਹੂਲਤ ਮਿਲ ਰਹੀ ਹੈ, ਹੋਰ ਨਵੇ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ, ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ। ਭਨਾਮ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਸਕੂਲ ਆਫ ਹੈਪੀਨੈਸ ਬਣਾਉਣ ਲਈ 50 ਲੱਖ ਰੁਪਏ, ਪਾਣੀ ਦੀ ਨਿਕਾਸੀ ਲਈ 10 ਲੱਖ ਰੁਪਏ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਲੋੜਵੰਦ ਤੇ ਯੋਗ ਵਿਅਕਤੀ ਦਾ ਰਾਸ਼ਨ ਕਾਰਡ ਬਣਾਉਣ ਲਈ ਜਲਦੀ ਹੀ ਕੰਮ ਸੁਰੂ ਹੋ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾਕਟਰ ਪ੍ਰੀਤੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾ ਅਨੁਸਾਰ ਜਿਲ੍ਹਾ ਪ੍ਰਸਾਸ਼ਨ ਵੱਲੋਂ "ਸਾਡੇ ਬਜੁਰਗ ਸਾਡਾ ਮਾਣ"ਤਹਿਤ ਕੈਂਪ ਲਗਾਇਆ ਗਿਆ ਹੈ ਜਿਸ ਵਿਚ ਵੱਖ ਵੱਖ ਵਿਭਾਗਾ ਵੱਲੋਂ ਆਪਣੀਆ ਆਪਣੀਆ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਸਟਾਲ ਲਗਾਏ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਸ ਕੈਂਪ ਵਿੱਚ ਇੱਕ ਵਿਸੇਸ਼ ਕਾਊਟਰ ਲਗਾ ਕੇ ਬਜੁਰਗਾ ਦੀ ਜਮੀਨ ਜਾਇਦਾਦ ਦੇ ਕੇਸਾਂ ਬਾਰੇ ਜਾਣਕਾਰੀ ਦੇਣ ਲਈ ਵੀ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ 4 ਮੋਟਰਰਾਈਡ ਟਰਾਈ ਸਾਈਕਲ, 2 ਵੀਲ ਚੇਅਰ, 4 ਸੁਣਨ ਵਾਲੀਆ ਮਸੀਨਾ, 2 ਸੈਟ ਵੈਸਾਖੀ ਅਤੇ ਲੋੜਵੰਦਾਂ ਨੂੰ ਨਜ਼ਰ ਵਾਲੀਆ ਐਨਕਾਂ ਦਿੱਤੀਆ ਗਈਆਂ। ਇਸ ਕੈਂਪ ਵਿੱਚ ਪੂਜਾ ਸਿਆਲ ਗਰੇਵਾਲ ਵਧੀਕ ਡਿਪਟੀ ਕਮਿਸ਼ਨਰ (ਜ), ਅਨਮਜੋਤ ਕੌਰ ਉਪ ਮੰਡਲ ਮੈਜਿਸਟਰੇਟ ਨੰਗਲ, ਸਤੀਸ ਕੁਮਾਰ ਡੀ.ਐਸ.ਪੀ ਨੰਗਲ, ਸੰਦੀਪ ਕੁਮਾਰ ਤਹਿਸੀਲਦਾਰ, ਹਰਜੀਤਪਾਲ ਸਿੰਘ ਐਕਸੀਅਨ, ਡਾਕਟਰ ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ, ਡਾਕਟਰ ਦਲਜੀਤ ਕੌਰ, ਈਸ਼ਾਨ ਚੋਧਰੀ ਬੀ.ਡੀ.ਪੀ.ਓ, ਅਮ੍ਰਿਤਬਾਲਾ ਜਿਲ੍ਹਾ ਸਮਾਜਿਕ ਤੇ ਸੁਰੱਖਿਆ ਅਫਸਰ, ਜਗਮੋਹਨ ਕੌਰ ਸੀ.ਡੀ.ਪੀ.ਓ, ਸੁਰਿੰਦਰ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ, ਰਾਹੁਲ ਗੋਤਮ ਜਿਲ੍ਹਾ ਪ੍ਰੋਗਰਾਮ ਅਫਸਰ, ਆਪ ਆਗੂ ਡਾਕਟਰ ਸੰਜੀਵ ਗੌਤਮ, ਦੀਪਕ ਸੋਨੀ, ਰਾਮ ਕੁਮਾਰ ਮੁਕਾਰੀ, ਜਸਪ੍ਰੀਤ ਜੇ.ਪੀ, ਹਰਮਿੰਦਰ ਸਿੰਘ ਢਾਹੇ, ਰਾਕੇਸ਼ ਚੋਧਰੀ ਚੇਅਰਮੈਨ, ਰੋਹਿਤ ਕਾਲੀਆ, ਐਡਵੋਕੇਟ ਨੀਰਜ, ਬਲਵੰਤ ਮੰਡੇਰ ਬਲਾਕ ਪ੍ਰਧਾਨ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਜਸਵਿੰਦਰ ਭੰਗਲਾ ਬਲਾਕ ਪ੍ਰਧਾਨ, ਰਾਕੇਸ਼ ਵਰਮਾ ਬਲਾਕ ਪ੍ਰਧਾਨ, ਰੋਕੀ ਸੁਖਸਾਲ, ਤਰਸੇਮ ਸੈਣੀ, ਪੱਮੂ ਢਿੱਲੋਂ, ਮਨਿੰਦਰ, ਨਿਤਿਨ ਪੁਰੀ ਭਲਾਣ, ਕਸ਼ਮੀਰੀ ਲਾਲ, ਸੁਰਿੰਦਰ ਸਿੰਘ ਬੇਲਾ ਧਿਆਨੀ ਆਦਿ ਹਾਜ਼ਰ ਸਨ।

**- ਕੁਲਦੀਪ ਚੰਦ**

## ਖ਼ਾਲਸਾ ਕਾਲਜ ਅੰਮ੍ਰਿਤਸਰ ਦੀ 15 ਦਸੰਬਰ 1914 ਦੀ ਅਣਗੌਲੀ ਪਰ ਇਤਿਹਾਸਿਕ ਘਟਨਾ

# ਮਾਸਟਰ ਚਤਰ ਸਿੰਘ ਨੇ ਜਦ ਕਾਲਜ ਦੇ ਅੰਗ਼ਰੇਜ ਪ੍ਰਿੰਸੀਪਲ ਨੂੰ ਮਾਰਨ ਦੀ ਕੋਸ਼ਿਸ਼ ਕੀਤੀ



**ਡਾ. ਚਰਨਜੀਤ ਸਿੰਘ ਗੁਮਟਾਲਾ**
**91-94175-33060**

ਅੰਗਰੇਜ਼ਾਂ ਵਿਰੁੱਧ ਗਦਰ ਲਹਿਰ ਭਾਵੇਂ ਸਫ਼ਲ ਨਾ ਹੋ ਸਕੀ ਪਰ ਇਹ ਦੇਸ਼ ਭਗਤਾਂ ਅੰਦਰ ਗਹਿਰਾ ਪ੍ਰਭਾਵ ਛੱਡ ਗਈ ਹੈ। ਨੌਜੁਆਨਾਂ ਅੰਦਰ ਅੰਗ਼ਰੇਜੀ ਹਕੂਮਤ ਵਿਰੁਧ ਕਿੰਨੀ ਨਫ਼ਰਤ ਸੀ ਦੀ ਮਿਸਾਲ ਮਾਸਟਰ ਚਤਰ ਸਿੰਘ ਦੀ ਜੀਵਨੀ ਤੋਂ ਮਿਲਦੀ ਹੈ। ਗਿਆਨੀ ਹੀਰਾ ਸਿੰਘ ਦਰਦ ਨੇ 25 ਫਰਵਰੀ 1958 ਈ. ਨੂੰ ਮਾਸਟਰ ਚਤਰ ਸਿੰਘ ਵਾਸੀ ਪਿੰਡ ਮਨੌਲੀ ਤਹਿਸੀਲ ਰੋਪੜ, ਜ਼ਿਲ੍ਹਾ ਅੰਬਾਲਾ ਨਾਲ ਮੁਲਾਕਾਤ ਕੀਤੀ ਜੋ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੁਆਰਾ ਪ੍ਰਕਾਸ਼ਿਤ ਪੁਸਤਕ 'ਗ਼ਦਰ ਲਹਿਰ ਦੀ ਕਹਾਣੀ, ਗ਼ਦਰੀ ਬਾਬਿਆਂ ਦੀ ਜ਼ੁਬਾਨੀ' ਵਿਚ ਦਰਜ ਹੈ। ਡਾ. ਹਰਜੀਤ ਸਿੰਘ ਸਾਬਕਾ ਮੁੱਖੀ, ਪੰਜਾਬੀ ਵਿਭਾਗ ਦੁਆਰਾ ਕਾਲਜ ਜਲੰਧਰ ਇਸ ਪੁਸਤਕ ਦੇ ਸੰਪਾਦਕ ਹਨ।

ਮਾਸਟਰ ਚਤਰ ਸਿੰਘ ਦਾ ਨਾਨਾ ਸਿੱਖ ਰਾਜ ਵਿੱਚ ਹਿੱਸੇਦਾਰ ਸੀ। ਉਸਦੀ ਨਾਨੀ ਉਸ ਨੂੰ ਨਾਨੇ ਦੀਆਂ ਕਹਾਣੀਆਂ ਸੁਣਾਉਂਦੀ ਹੁੰਦੀ ਸੀ ਜਿਨ੍ਹਾਂ ਦਾ ਉਸ ਪ੍ਰਭਾਵ ਉਪਰ ਡੂੰਘਾ ਪਿਆ। ਚਤਰ ਸਿੰਘ ਸਰਕਾਰੀ ਹਾਈ ਸਕੂਲ ਲਾਇਲਪੁਰ (ਹੁਣ ਪਾਕਿਸਤਾਨ ਵਿੱਚ) ਪੜ੍ਹਦਾ ਸੀ। ਉਹ ਉੱਥੇ ਸਰਕਾਰੀ ਬੋਰਡਿੰਗ ਹਾਊਸ ਵਿੱਚ ਰਹਿੰਦਾ ਸੀ, ਜਿੱਥੇ ਮੁਸਲਮਾਨਾਂ ਨੂੰ ਹਲਾਲ ਮਾਸ ਬਨਾਉਣ ਦੀ ਆਗਿਆ ਸੀ ਪਰ ਸਿੱਖਾਂ ਨੂੰ ਝਟਕਾ ਬਨਾਉਣ ਦੀ ਆਗਿਆ ਨਹੀਂ ਸੀ। ਸਿੱਖ ਵਿਦਿਆਰਥੀਆਂ ਦੀ ਮੰਗ ਨਾ ਮੰਨੀ ਗਈ ਤੇ ਉਹ ਬੋਰਡਿੰਗ ਛੱਡ ਕੇ ਬਾਹਰ ਆ ਗਏ। ਉਨ੍ਹਾਂ ਸਿੰਘ ਸਭਾ ਲਹਿਰ ਲਾਇਲਪੁਰ ਵਾਲਿਆਂ ਪਾਸੋਂ ਸਹਾਇਤਾ ਮੰਗੀ।

ਸਿੰਘ ਸਭਾ ਲਹਿਰ ਵਾਲੇ ਕਹਿਣ ਲੱਗੇ ਕਿ ਉਹ ਮੁੰਡੇ ਬਾਗੀ ਹਨ। ਵਿਦਿਆਰਥੀਆਂ ਨੂੰ ਗੁੱਸਾ ਆਇਆ ਕਿ ਇਹ ਸਿੰਘ ਸਭਾ ਵਾਲੇ ਨਾ ਤਾਂ ਆਪ ਲੜਦੇ ਹਨ ਤੇ ਨਾ ਹੀ ਸਾਡੀ ਮਦਦ ਕਰਦੇ ਹਨ। ਵਿਦਿਆਰਥੀ ਕਿਰਾਏ ਦੇ ਮਕਾਨ ਵਿੱਚ ਸ਼ਹਿਰ ਵਿੱਚ ਰਹਿਣ ਲੱਗੇ।

ਚਾਰ ਕੁ ਮਹੀਨੇ ਪਿੱਛੋਂ ਕੁਝ ਸੱਜਣਾਂ ਨੇ ਇਨ੍ਹਾਂ ਵਿਦਿਆਰਥੀਆਂ ਵੱਲ ਧਿਆਨ ਦਿੱਤਾ। ਸ. ਹਰੀ ਸਿੰਘ ਨਲੂਆ ਦਾ ਪੋਤਰਾ ਸ. ਤੀਰਥ ਸਿੰਘ ਉਨ੍ਹਾਂ ਅਨੁਸਾਰ ਸ਼ਾਇਦ ਤਹਿਸੀਲਦਾਰ ਸੀ, ਉਸ ਨੇ ਖਾਲਸਾ ਬੋਰਡਿੰਗ ਹਾਊਸ ਖੋਲਣ ਦਾ ਉਦਮ ਕੀਤਾ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੂੰ ਬੋਰਡਿੰਗ ਹਾਊਸ ਦਾ ਸੁਪਰਡੈਂਟ ਲਾਇਆ ਗਿਆ। 1908 ਈ. ਵਿੱਚ ਚਤਰ ਸਿੰਘ ਨੇ ਮੈਟ੍ਰਿਕ ਪਾਸ ਕੀਤੀ। 1909 ਈ. ਵਿੱਚ ਲਾਹੌਰ ਟ੍ਰੇਨਿੰਗ ਕਾਲਜ ਤੋਂ ਜੇ ਈ ਵੀ ਵਿੱਚ ਦਾਖਲਾ ਲੈ ਲਿਆ। ਮਾਸਟਰ ਸੁੰਦਰ ਸਿੰਘ, ਮਾਸਟਰ ਤਾਰਾ ਸਿੰਘ ਤੇ ਬਿਸ਼ਨ ਸਿੰਘ ਏਸੇ ਕਾਲਜ ਵਿੱਚ ਦਾਖਲ ਹੋ ਗਏ। ਇਨ੍ਹਾਂ ਸਾਰਿਆਂ ਵਿੱਚ ਪੰਥਕ ਸੇਵਾ ਦਾ ਬੜਾ ਚਾਅ ਸੀ। ਇਨ੍ਹਾਂ ਦੀ ਸੰਗਤ ਨਾਲ ਚਤਰ ਸਿੰਘ ਉਪਰ ਵੀ ਪੰਥਕ ਰੰਗ ਚੜ੍ਹ ਗਿਆ।

ਜਦੋਂ ਪਹਿਲੀ ਸਿੱਖ ਐਜੂਕੇਸ਼ਨਲ ਕਾਨਫਰੰਸ ਗੁੱਜਰਾਂਵਾਲਾ ਹੋਈ ਤਾਂ ਮਾਸਟਰ ਤਾਰਾ ਸਿੰਘ ਜੀ ਸਣੇ ਕੁਝ ਮਾਸਟਰਾਂ ਨੇ ਆਪਣੀਆਂ ਖਿਦਮਤਾਂ ਖਾਲਸਾ ਸਕੂਲ ਖੋਲ੍ਹਣ ਲਈ ਪੇਸ਼ ਕੀਤੀਆਂ। ਲਾਇਲਪੁਰ ਖਾਲਸਾ ਹਾਈ ਸਕੂਲ ਖੋਲ੍ਹਿਆ ਗਿਆ। ਮਾਸਟਰ ਤਾਰਾ ਸਿੰਘ ਹੈਡ ਮਾਸਟਰ ਲੱਗੇ । ਚਤਰ ਸਿੰਘ ਵੀ ਇਥੇ ਅਧਿਆਪਕ ਲੱਗ ਗਿਆ। ਦੂਜੀ ਸਿੱਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਦੇ ਮੌਕੇ 'ਤੇ ਮਾਸਟਰ ਸੁੰਦਰ ਸਿੰਘ ਨੇ ਉਕੀ ਖਾਲਸਾ ਕਾਲਜ ਸਿੱਖਾਂ ਦਾ ਹੈ?" ਨਾਂ ਦੀ ਪੁਸਤਕ ਛਪਵਾ ਕੇ ਵੰਡੀ । ਇਸ ਵਿੱਚ ਦੱਸਿਆ ਗਿਆ ਕਿ ਅੰਗਰੇਜ਼ਾਂ ਨੇ ਧੱਕੇ ਨਾਲ ਕਾਲਜ ਉੱਤੇ ਕਬਜ਼ਾ ਕੀਤਾ ਹੈ । ਇਹ ਪੜ੍ਹ ਕੇ ਚਤਰ ਸਿੰਘ ਦੇ ਦਿਲ ਵਿੱਚ ਅੰਗਰੇਜ਼ਾਂ ਵਿਰੁੱਧ ਹੋਰ ਗੁੱਸਾ ਪੈਦਾ ਹੋ ਗਿਆ। ਉਹ ਸੋਚਦਾ ਰਹਿੰਦਾ ਕਿ ਕੀ ਕੀਤਾ ਜਾਵੇ? ਕੁਝ ਸੁਝਦਾ ਨਾ । ਚਤਰ ਸਿੰਘ ਸਾਂਗਲੇ ਖਾਲਸਾ ਸਕੂਲ ਵਿੱਚ ਜਾ ਕੇ ਲੱਗ ਗਿਆ । ਇੱਥੇ ਹੀ ਮਾਸਟਰ ਸੁੰਦਰ ਸਿੰਘ ਵੀ ਸਨ । ਉਹ ਫਰੂਕੇ ਤੇ ਫਿਰ ਚਕ 41 ਚਲੇ ਗਏ ਸਨ । ਪਰ ਸਾਂਗਲੇ ਵੀ ਆਉਂਦੇ ਰਹਿੰਦੇ ਸਨ । ਖਾਲਸਾ ਕਾਲਜ ਮੁਕੰਮਲ ਤੌਰ 'ਤੇ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਸੀ । ਪ੍ਰਿੰਸੀਪਲ ਤੇ ਕਈ ਅੰਗਰੇਜ਼ ਪ੍ਰੋ.ਫਓਮਪ;ਸਰ ਸਨ , ਜਦ ਕਿ ਸਾਰਾ ਸਟਾਫ਼ ਹੀ ਸਿੱਖ ਚਾਹੀਦਾ ਹੈ ।ਪ੍ਰਬੰਧਕੀ ਕਮੇਟੀ ਨੇ ਕੁਝ ਸਿੱਖ ਪ੍ਰੋਫੈਸਰ ਕੱਢ ਦਿੱਤੇ। 1914 ਵਿਚ ਅਮਰੀਕਾ ਤੋਂ ਗ਼ਦਰ ਅਖ਼ਬਾਰ ਆਉਣ ਲੱਗ ਪਿਆ । ਇਸੇ ਸਾਲ ਕੋਮਾ ਗਾਟਾ ਮਾਰੂ ਦੀ ਘਟਨਾ ਵਾਪਰੀ । ਬਜ ਬਜ ਘਾਟ 'ਤੇ ਮੁਸਾਫ਼ਰਾਂ ਉਪਰ ਗੋਲੀ ਚਲੀ।ਕਈ ਗ਼ਦਰੀ ਜੇਲਾਂ ਵਿਚ ਸੁਟੇ ਗਏ। ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਈ ਗਈ, ਜਿਸ ਨਾਲ ਸਿੱਖਾਂ ਦੇ ਦਿੱਲਾਂ ਵਿਚ ਅੰਗ਼ਰੇਜਾਂ ਵਿਰੁੱਧ ਬੜੀ ਨਾਰਾਜ਼ਗੀ ਵੱਧ ਗਈ।

ਗ਼ਦਰ ਪਰਟੀ ਦੇ ਜੱਥੇ ਪੰਜਾਬ ਵਿੱਚ ਆਉਣ ਲੱਗ ਪਏ ਸਨ। ਕਈ ਫੜੇ ਗਏ ਸਨ। ਡਾ. ਮਥਰਾ ਸਿੰਘ ਪ੍ਰਸਿੱਧ ਇਨਕਲਾਬੀ ਉਸ ਕੋਲ ਆਉਂਦਾ, ਠਹਿਰਦਾ ਤੇ ਗ਼ਦਰ ਮਚਣ ਦੀਆਂ ਗੱਲਾਂ ਕਰਦਾ । ਹੋਰ ਵੀ ਕੁਝ ਗ਼ਦਰੀ ਜੋਧੇ ਉਸ ਨੂੰ ਖੁਫੀਆ ਮਿਲੇ । ਉਸ ਨੇ ਦਿਲ ਵਿੱਚ ਇਰਾਦਾ ਬਣਾ ਲਿਆ, ਕੁਝ ਕਰਨਾ ਚਾਹੀਦਾ ਹੈ। ਅੰਗਰੇਜ਼ੀ ਜ਼ੁਲਮ ਦੂਰ ਕਰਨ ਲਈ ਪੁਰਾਣੇ ਸ਼ਹੀਦਾਂ ਵਾਲਾ ਕੋਈ ਕਾਰਨਾਮਾ ਵਿਖਾਉਣਾ ਚਾਹੀਦਾ ਹੈ। ਮਾਸਟਰ ਸੁੰਦਰ ਸਿੰਘ ਨੂੰ ਛਡ ਕੇ ਉਸ ਨੇ ਦਿਲ ਦਾ ਇਰਾਦਾ ਕਿਸੇ ਨੂੰ ਨਾ ਦੱਸਿਆ। ਆਪਣੀ ਇਸਤਰੀ ਤੇ ਦੋ ਬੱਚਿਆਂ ਨੂੰ ਚੱਕ ਨੰਬਰ 25 ਜੜ੍ਹਾਂਵਾਲਾ ਭੇਜ ਦਿੱਤਾ। ਉਨ੍ਹਾਂ ਨੂੰ ਭੇਤ ਨਾ ਦੱਸਿਆ। ਕੇਵਲ ਇਹ ਕਿਹਾ ਮੈਂ ਕਿਸੇ ਜ਼ਰੂਰੀ ਕੰਮ ਜਾਣਾ ਹੈ। ਤਿਆਰੀ ਕਰ ਲਈ । ਇੱਕ ਛਵ੍ਹੀ ਲੈ ਲਈ । ਪਸਤੌਲ ਨਹੀਂ ਮਿਲਿਆ। ਜ਼ਹਿਰ ਦੀਆਂ ਗੋਲੀਆਂ ਡਾ. ਮਥਰਾ ਸਿੰਘ ਨੇ ਦਿੱਤੀਆਂ, ਕਿਸੇ ਲੋੜ ਸਮੇਂ ਖੁਦਕੁਸ਼ੀ ਕਰਨ ਲਈ। ਉਸ ਨੇ ਖਾਲਸਾ ਕਾਲਜ ਦੇ ਅੰਗਰੇਜ਼ ਪ੍ਰਿੰਸੀਪਲ ਨੂੰ ਮਾਰਨ ਦਾ ਇਰਾਦਾ ਬਣਾ ਲਿਆ । ਇਸ ਐਕਸ਼ਨ ਰਾਹੀਂ ਇੱਕ ਤਾਂ ਅੰਗਰੇਜ਼ਾਂ ਨੂੰ ਦੱਸਣਾ ਸੀ ਕਿ ਸਿੱਖ ਕੌਮ ਅੰਗਰੇਜ਼ਾਂ ਉੱਤੇ ਨਾਰਾਜ਼ ਹੈ । ਦੂਜੇ ਸਿੱਖ ਕੌਮ ਨੂੰ ਆਜ਼ਾਦੀ ਲਈ ਜਗਾਉਣਾ ਸੀ।

ਅੰਮ੍ਰਿਤਸਰ ਜਾਣ ਤੋਂ ਇੱਕ ਦਿਨ ਪਹਿਲਾਂ ਉਸ ਨੇ ਇੱਕ ਚਿੱਠੀ ਗਵਰਨਰ ਨੂੰ, ਦੂਜੀ ਡੀ ਸੀ ਅੰਮ੍ਰਿਤਸਰ ਨੂੰ ਲਿਖੀ ਕਿ ਤੁਸੀਂ ਖਾਲਸਾ ਕਾਲਜ ਉੱਪਰ ਧੱਕੇ ਨਾਲ ਕਬਜ਼ਾ ਕੀਤਾ ਹੈ। ਸਿੱਖ ਰਾਜ ਖੋਹਿਆ ਹੈ, ਕਾਮਾ ਗਾਟਾ ਮਾਰੂ ਉੱਤੇ ਗੋਲੀਆਂ ਚਲਾਈਆਂ ਹਨ, ਹਿੰਦ ਨੂੰ ਗੁਲਾਮ ਬਣਾਇਆ ਹੈ, ਖਾਲਸਾ ਕਾਲਜ ਵਿੱਚ ਅੰਗਰੇਜ਼ ਪ੍ਰਿੰਸੀਪਲ ਤੇ ਪ੍ਰੋਫ਼ੈਸਰ ਰੱਖੇ ਹਨ। ਮੈਂ ਪ੍ਰਿੰਸੀਪਲ ਨੂੰ ਕਤਲ ਕਰਕੇ ਸਿੱਖ ਕੌਮ ਦਾ ਰੋਸ ਪ੍ਰਗਟ ਕਰਾਂਗਾ। ਇਸ ਕਾਰਵਾਈ ਦਾ ਮੈਂ ਇਕੱਲਾ ਆਪ ਹੀ ਜ਼ਿੰਮੇਵਾਰ ਹਾਂ। 15 ਜਾਂ 16 ਦਸੰਬਰ 1914 ਈ. ਨੂੰ ਉਹ ਸਾਂਗਲੇ ਤੋਂ ਗੱਡੀ ਰਾਹੀਂ ਅੰਮ੍ਰਿਤਸਰ ਰਵਾਨਾ ਹੋ ਗਿਆ। ਸ਼ਾਮ ਵੇਲੇ ਅੰਮ੍ਰਿਤਸਰ ਪੁੱਜਾ, ਛਵ੍ਹੀ ਲੁਕੋ ਕੇ ਰੱਖ ਦਿੱਤੀ। ਪ੍ਰਿੰਸੀਪਲ ਦੀ ਕੋਠੀ ਪੁੱਛ ਕੇ ਗਿਆ। ਨੌਕਰ ਨੇ ਦੱਸਿਆ, ਉਹ ਪੋਲੋ ਖੇਡਣ ਗਿਆ ਹੈ। ਉਹ ਪ੍ਰਿੰਸੀਪਲ ਨੂੰ ਪਛਾਣਦਾ ਨਹੀਂ ਸੀ। ਉਹ ਬਾਹਰ ਬਗ਼ੀਚੇ ਵਿੱਚ ਛਵ੍ਹੀ ਤਿਆਰ ਕਰਕੇ ਛੁੱਪ ਗਿਆ। ਦਿਨ ਡੁੱਬਣ ਮਗਰੋਂ ਇੱਕ ਅੰਗਰੇਜ਼ ਕੋਠੀ ਅੰਦਰ ਗਿਆ। ਉਸ ਨੇ ਸਮਝਿਆ ਪ੍ਰਿੰਸੀਪਲ ਹੈ। ਪਰ ਉਹ ਮਿ: ਤਨਕਲਿਫ ਪ੍ਰੋਫ਼ੈਸਰ ਸੀ।ਬਾਦ ਵਿਚ ਇਹ ਜਾਣ ਕੇ ਉਸ ਨੂੰ ਕੁਝ ਅਫਸੋਸ ਹੋਇਆ ਕਿ ਅਸਲੀ ਨਿਸ਼ਾਨਾ ਖੁੰਝ ਗਿਆ। ਉਸ ਦੇ ਪਿੱਛੇ ਪੈ ਕੇ ਛਵ੍ਹੀ ਦੇ ਦੋ ਤਿੰਨ ਵਾਰ ਕੀਤੇ। ਉਹ ਜ਼ਖਮੀ ਹੋ ਕੇ ਡਿੱਗ ਪਿਆ। ਉਸ ਨੇ ਸਮਝਿਆ ਉਹ ਮਰ ਗਿਆ ਹੈ ਤੇ ਮੇਰਾ ਕੰਮ ਹੋ ਗਿਆ।

ਨੌਕਰਾਂ ਨੇ ਰੌਲਾ ਪਾਇਆ। ਉਸ ਉਪਰ ਆਦਮੀ ਆ ਪਏ।ਉਹ ਫੜਿਆ ਗਿਆ। ਪੁਲਸ ਪਹੁੰਚ ਗਈ। ਉਸ ਨੇ ਜ਼ਹਿਰ ਦੀਆਂ ਗੋਲੀਆਂ ਖਾ ਲਈਆਂ।ਪਰ ਉਸ ਨੂੰ ਦਸਤ ਤੇ ਕੈਅ ਸ਼ੁਰੂ ਹੋ ਗਏ। ਜ਼ਹਿਰ ਨਿਕਲ ਗਈ ਤੇ ਉਹ ਬੱਚ ਗਿਆ।ਮੁਲਾਕਾਤ ਵਿਚ ਉਹ ਦੱਸਦਾ ਕਿ ਮੈਂ ਸਮਝ ਲਿਆ, ਮੈਂ ਇੱਕ ਅੰਗਰੇਜ਼ ਅਫ਼ਸਰ ਨੂੰ ਮਾਰ ਕੇ ਆਪਣਾ ਫਰਜ਼ ਨਿਭਾਅ ਲਿਆ ਹੈ। ਬਾਕੀ ਕੰਮ ਦੇਸ਼ਵਾਸੀ ਕਰਨਗੇ।

ਉਸ ਨੇ ਪੁਲਿਸ ਨੂੰ ਸਾਫ ਸਾਫ ਇਕਬਾਲੀ ਬਿਆਨ ਦੇ ਦਿੱਤਾ। ਉਸ ਉੱਤੇ ਕਤਲ ਦੀ ਕੋਸ਼ਿਸ਼ ਦਾ ਇਲਜ਼ਾਮ ਲਾ ਕੇ ਮੁਕੱਦਮਾ ਚਲਾਇਆ ਗਿਆ। ਮੈਜਿਸਟਰੇਟ ਦੇ ਪੇਸ਼ੀ ਹੋਈ। ਪੁਲਿਸ ਦੀਅ ਗਵਾਹੀਆਂ ਮਗਰੋਂ ਉਸ ਨੇ ਆਪਣਾ ਬਿਆਨ ਦਿੱਤਾ। ਉਸ ਨੇ ਸਾਫ ਮੰਨਿਆ, ਕਿ ਮੈਂ ਪ੍ਰਿੰਸੀਪਲ ਨੂੰ ਕਤਲ ਕਰਨ ਦੇ ਇਰਾਦੇ ਨਾਲ ਆਇਆ ਸਾਂ। ਮੈਂ ਅੰਗਰੇਜ਼ਾਂ ਨੂੰ ਤਾੜਨਾ ਕਰਨਾ ਤੇ ਦੇਸ਼ਵਾਸੀਆਂ ਨੂੰ ਜਗਾਉਣਾ ਚਾਹੁੰਦਾ ਸਾਂ। ਮੈਜਿਸਟਰੇਟ ਨੇ ਕੇਸ ਸੈਸ਼ਨ ਸਪੁਰਦ ਕਰ ਦਿੱਤਾ ਹੋਇਆ ਸੀ। ਸੈਸ਼ਨ ਜੱਜ ਨੇ ਉਸ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿੱਤੀ। ਉਹ ਅਸਲ ਵਿੱਚ ਫਾਂਸੀ ਦਾ ਚਾਹਵਾਨ ਸੀ। ਕੇਸ 15 ਦਿਨਾਂ ਵਿੱਚ ਹੀ ਤਹਿ ਹੋ ਗਿਆ ਸੀ। ਅੰਮ੍ਰਿਤਸਰ ਸਜ਼ਾ ਮਿਲੀ। ਉਸ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ।ਉਸ ਨੂੰ ਖਤਰਨਾਕ ਅਪਰਾਧੀ ਸਮਝ ਕੇ ਛੇ ਮਹੀਨੇ ਲਈ ਕੋਠੀ ਬੰਦ ਕਰ ਦਿੱਤਾ ਗਿਆ। 1916 ਈ. ਸ਼ੁਰੂ ਵਿੱਚ ਉਸ ਨੂੰ ਹੱਥਕੜੀ-ਬੇੜੀ ਲਾ ਕੇ ਕਾਲੇ ਪਾਣੀ ਭੇਜਣ ਲਈ ਕਲਕੱਤੇ ਭੇਜਿਆ ਗਿਆ। ਕਲਕੱਤਾ ਜੇਲ੍ਹ ਵਿੱਚ ਸਭ ਗ਼ਦਰੀ ਦੇਸ਼ ਭਗਤ ਇਕੱਠੇ ਹੋ ਗਏ ਸਨ, ਜਿਨ੍ਹਾਂ ਨੂੰ ਕਾਲੇ ਪਾਣੀ ਭੇਜਣਾ ਸੀ। ਸਭ ਇਕ ਦੂਜੇ ਨੂੰ ਗਲੇ ਲੱਗ ਕੇ ਮਿਲੇ। ਕੈਦ ਵਿੱਚ ਵੀ ਇੱਕ ਮਿਲਾਪ ਦੀ ਅਥਾਹ ਖੁਸ਼ੀ ਪ੍ਰਾਪਤ ਹੋ ਗਈ। ਉਥੋਂ ਜਹਾਜ਼ ਵਿੱਚ ਬਿਠਾ ਕੇ ਸਭ ਨੂੰ ਕਾਲੇ ਪਾਣੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਉਸ ਨੂੰ ਠੀਕ ਯਾਦ ਨਹੀਂ, ਸ਼ਾਇਦ 1924-25 ਈ. ਵਿੱਚ ਉਸ ਨੂੰ ਲਾਹੌਰ ਭੇਜ ਦਿੱਤਾ ਗਿਆ। ਉਸ ਦੀ 12 ਵਰ੍ਹੇ ਕੈਦ ਪੂਰੀ ਹੋਣ 'ਤੇ ਦਸੰਬਰ 1926 ਈ. ਵਿੱਚ ਉਸ ਨੂੰ ਰਿਹਾਅ ਕਰਕੇ ਚਕ ਨੰਬਰ 25 (ਜੜ੍ਹਾਂਵਾਲਾ) ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। 1930 ਈ. ਤੱਕ ਉਹ ਪਿੰਡ ਵਿੱਚ ਨਜ਼ਰਬੰਦ ਹੱਦਬੰਦ ਰਿਹਾ।

ਉਹ ਆਗਿਆ ਲੈ ਕੇ ਬਾਹਰ ਜਾਂਦਾ ਸੀ। 1930 ਈ. ਵਿੱਚ ਜ਼ਿਲ੍ਹਾ ਅੰਬਾਲਾ ਆਪਣੇ ਪਹਿਲੇ ਪਿੰਡ ਮਨੇਲੀ ਵਿੱਚ ਆ ਕੇ ਰਹਿਣ ਲੱਗ ਪਿਆ।ਖੇਤੀ ਕਰਨ ਲੱਗ ਪਿਆ। ਜਦ ਰਿਹਾਅ ਹੋ ਕੇ ਆਇਆ, 400 ਰੁਪਏ ਬਾਬਾ ਵਸਾਖਾ ਸਿੰਘ ਜੀ ਨੇ ਦੇਸ਼ ਭਗਤ ਸਹਾਇਕ ਕਮੇਟੀ ਵਲੋਂ ਮਦਦ ਦਿੱਤੀ। ਭਾਵੇਂ ਪਾਕਿਸਤਾਨੀ ਘੱਲੂਘਾਰੇ ਨਾਲ ਬੜਾ ਦੁੱਖ ਹੋਇਆ ਪਰ 1947 ਈ. ਵਿੱਚ ਦੇਸ਼ ਨੂੰ ਪ੍ਰਾਪਤ ਹੋਈ ਆਜ਼ਾਦੀ ਦੀ ਬੜੀ ਖੁਸ਼ੀ ਹੋਈ। ਸਰਕਾਰ ਨੇ ਉਸ ਨੂੰ ਰਾਜਸੀ ਪੀੜਤ ਹੋਣ ਦੀ ਹੈਸੀਅਤ ਚਕ ਨਿਵਾਸ, ਜ਼ਿਲ੍ਹਾ ਹਿਸਾਰ ਵਿੱਚ ਅੱਧਾ ਮੁਰੱਬਾ ਜ਼ਮੀਨ ਦਿੱਤੀ। ਮੁਲਾਕਾਤ ਵਿਚ ਉਹ ਗਿਆਨੀ ਹੀਰਾ ਸਿੰਘ ਦਰਦ ਨੂੰ ਦਸਦਾ ਹੈ ਕਿ ਉਹ ਹੁਣ ਪਿੰਡ ਹੀ ਹੀ ਰਹਿੰਦਾ, ਖੇਤੀ ਕਰਦਾ ਤੇ ਪ੍ਰਾਪਤ ਹੋਈ ਆਜ਼ਾਦੀ ਵਿੱਚ ਦੇਸ਼ ਨੂੰ ਉਨਤੀ ਕਰਦਾ ਵੇਖਦਾ ਤੇ ਪ੍ਰਸੰਨ ਹੁੰਦਾ ਹੈ। ਕਿਤਾਬ ਵਿਚ ਉਸ ਦੀ ਮੌਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

# ਭਾਸ਼ਾ ਵਿਭਾਗ ਵੱਲੋਂ ਉਰਦੂ ਸਿਖਲਾਈ ਲਈ ਦਾਖ਼ਲਾ ਸ਼ੁਰੂ - ਸੰਦੀਪ ਸਿੰਘ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਭਾਸ਼ਾ ਵਿਭਾਗ ਪੰਜਾਬ ਵਲੋਂ ਨਿੱਤ ਦਿਨ ਸਾਹਿਤਕ ਸਰਗਰਮੀਆਂ ਕੀਤੀਆਂ ਜਾਂਦੀਆਂ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਦੇ ਨਾਲ-ਨਾਲ ਉਰਦੂ ਭਾਸ਼ਾ ਦੀ ਸਿਖਲਾਈ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸਿੰਘ ਦੱਸਿਆ ਕਿ ਭਾਸ਼ਾ ਵਿਭਾਗ ਪੰਜਾਬ ਵਲੋਂ ਉਰਦੂ ਸਿੱਖਣ ਦੇ ਚਾਹਵਾਨ ਵਿਅਕਤੀਆਂ ਲਈ ਉਰਦੂ ਕੋਰਸ 1 ਜਨਵਰੀ 2024 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਕੋਰਸ ਦੀ ਮਿਆਦ 6 ਮਹੀਨੇ ਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਕਿਸੇ ਵੀ ਉਮਰ ਦਾ ਵਿਅਕਤੀ ਇਸ ਕੋਰਸ ਵਿੱਚ ਦਾਖ਼ਲਾ ਲੈ ਸਕਦਾ ਹੈ। ਇਸ ਕੋਰਸ ਦੀ ਕੁੱਲ ਫ਼ੀਸ ਸਿਰਫ਼ 500 ਰੁਪਏ ਹੈ। ਕਲਾਸ ਦਾ ਸਮਾਂ ਸ਼ਾਮ 5 ਤੋਂ 6 ਵਜੇ ਤੱਕ ਹੋਵੇਗਾ।ਉਰਦੂ ਸਿੱਖਣ ਦੇ ਚਾਹਵਾਨ ਇਸ ਕੋਰਸ ਲਈ ਦਾਖ਼ਲਾ ਫ਼ਾਰਮ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ਕਮਰਾ ਨੰਬਰ 23 ਵਿਖੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਮੁਫ਼ਤ ਪ੍ਰਾਪਤ ਕਰ ਸਕਦੇ ਹਨ। ਫ਼ਾਰਮ ਭਰਨ ਦੀ ਮਿਤੀ 14 ਦਸੰਬਰ 2023 ਤੋਂ 22 ਦਸੰਬਰ 2023 ਹੈ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸਿੰਘ ਦੇ ਮੋਬਾਇਲ ਨੰਬਰ 84376-26373 'ਤੇ ਸੰਪਰਕ ਕੀਤਾ ਜਾ ਸਕਦਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮਿਚੌਂਗ ਚੱਕਰਵਾਤ ਦੀ ਭਾਰਤ ਉੱਤੇ ਮਾਰ



ਡਾ. ਗੁਰਿੰਦਰ ਕੌਰ
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

ਮਿਚੌਂਗ ਚੱਕਰਵਾਤ 5 ਦਸੰਬਰ 2023 ਨੂੰ ਦਿਨ ਵੇਲੇ ਆਂਧਰਾ ਪ੍ਰਦੇਸ਼ ਦੇ ਬਾਪਤਲਾ ਜ਼ਿਲ੍ਹੇ ਦੇ ਤੱਟਵਰਤੀ ਖੇਤਰ ਨਾਲ ਟਕਰਾ ਗਿਆ। ਮਿਚੌਂਗ ਚੱਕਰਵਾਤ ਨੇ ਤਾਮਿਲਨਾਡੂ, ਪੁੱਡੂਚੇਰੀ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਓਡੀਸ਼ਾ ਆਦਿ ਰਾਜਾਂ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਰਾਹੀਂ ਭਾਰੀ ਨੁਕਸਾਨ ਕੀਤਾ ਹੈ। ਸਭ ਤੋਂ ਜ਼ਿਆਦਾ ਨੁਕਸਾਨ ਤਾਮਿਲਨਾਡੂ ਦੇ ਚੇਨੱਈ ਸ਼ਹਿਰ ਵਿੱਚ ਹੋਇਆ ਹੈ। ਤਾਮਿਲਨਾਡੂ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਲਗਭਗ 11 ਵਿਅਕਤੀ ਫੱਟੜ ਹੋ ਗਏ ਹਨ ਅਤੇ 18 ਵਿਅਕਤੀਆਂ ਦੀ ਮੌਤ ਹੋ ਗਈ। ਚੇਨੱਈ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਪਾਣੀ ਭਰ ਗਿਆ ਅਤੇ ਸੜਕਾਂ ਉੱਤੇ ਪਾਣੀ ਭਰਨ ਕਾਰਨ ਆਵਾਜਾਈ ਵਿੱਚ ਭਾਰੀ ਰੁਕਾਵਟ ਆ ਰਹੀ ਹੈ ਜਿਸ ਕਾਰਨ ਚੇਨੱਈ ਵਿੱਚ ਸਕੂਲ ਅਤੇ ਕਾਲਜ ਦੀ ਤਿੰਨ ਦਿਨਾਂ ਲਈ ਬੰਦ ਕਰਨੇ ਪਏ। ਬਿਜਲੀ, ਪਾਣੀ, ਮੋਬਾਇਲ ਆਦਿ ਦੀਆਂ ਸੇਵਾਵਾਂ ਵੀ ਕਈ ਥਾਵਾਂ ਉੱਤੇ ਠੱਪ ਹੋ ਗਈਆਂ ਸਨ। ਮਿਚੌਂਗ ਚੱਕਰਵਾਤੀ ਤੂਫ਼ਾਨ ਨਾਲ 90 ਤੋਂ 100 ਕਿਲੋਮੀਟਰ ਦੀ ਰਫ਼ਤਾਰ ਵਾਲੀਆਂ ਤੇਜ਼ ਹਵਾਵਾਂ ਚੱਲੀਆਂ ਜਿਸ ਕਾਰਨ ਹਜ਼ਾਰਾਂ ਏਕੜ ਫਸਲ, ਇਮਾਰਤਾਂ ਅਤੇ ਬੁਨਿਆਦੀ ਢਾਂਚੇ ਦਾ ਭਾਰੀ ਨੁਕਸਾਨ ਹੋਇਆ ਹੈ।

2023 ਵਿਚ ਮਿਚੌਂਗ ਚੱਕਰਵਾਤ ਹਿੰਦ ਮਹਾਸਾਗਰ ਵਿੱਚ ਆਉਣ ਵਾਲਾ ਛੇਵਾਂ ਚੱਕਰਵਾਤੀ ਤੂਫਾਨ ਹੈ। ਇਸ ਤੋਂ ਪਹਿਲਾਂ ਮੌਚਾ, ਬਿਪਰਜੋਏ, ਤੇਜ਼, ਹਮੂਨ, ਅਤੇ ਮਿਥਲੀ ਚੱਕਰਵਾਤੀ ਤੂਫਾਨ ਹਿੰਦ ਮਹਾਸਾਗਰ ਵਿੱਚ ਆਏ ਸਨ। ਇਨ੍ਹਾਂ ਵਿੱਚੋਂ ਚਾਰ ਬੰਗਾਲ ਦੀ ਖਾੜੀ ਵਿੱਚ ਆਏ ਸਨ। ਭਾਰਤ ਵਿੱਚ ਚੱਕਰਵਾਤੀ ਤੂਫ਼ਾਨ ਆਮ ਤੌਰ ਉੱਤੇ ਮੌਨਸੂਨ ਆਉਣ ਤੋਂ ਪਹਿਲਾਂ ਮਈ-ਜੂਨ ਦੇ ਮਹੀਨਿਆਂ ਵਿੱਚ ਅਤੇ ਮੌਨਸੂਨ ਮੁੜਨ ਤੋਂ ਬਾਅਦ ਅਕਤੂਬਰ-ਨਵੰਬਰ ਦੇ ਮਹੀਨਿਆਂ ਵਿੱਚ ਆਉਂਦੇ ਹਨ। ਮਿਚੌਂਗ ਚੱਕਰਵਾਤ ਦਸੰਬਰ ਵਿੱਚ ਆਇਆ ਹੈ ਜੋ ਆਂਧਰਾ ਪ੍ਰਦੇਸ਼ ਦੇ ਤੱਟ ਨਾਲ ਟਕਰਾਇਆ ਹੈ। ਦਸੰਬਰ ਵਿੱਚ ਆਉਣ ਵਾਲੇ ਚੱਕਰਵਾਤੀ ਤੂਫ਼ਾਨ ਆਮ ਤੌਰ ਉੱਤੇ ਕੰਮਜ਼ੋਰ ਅਤੇ ਘੱਟ ਹਵਾ ਦੀ ਗਤੀ ਵਾਲੇ ਹੁੰਦੇ ਹਨ। ਭਾਰਤ ਦੇ ਮੌਸਮ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਦਸੰਬਰ ਵਿੱਚ ਤੇਜ਼ ਗਤੀ ਦੇ ਚੱਕਰਵਾਤ ਦਾ ਮੁੱਖ ਕਾਰਨ ਸਮੁੰਦਰ ਦੀ ਸਤ੍ਹਾ ਦੇ ਪਾਣੀ ਦਾ ਤਾਪਮਾਨ ਦਾ ਔਸਤ ਨਾਲੋਂ ਉੱਚਾ ਹੋਣਾ ਹੈ।

ਵੱਖ-ਵੱਖ ਸੰਸਥਾਵਾਂ ਦੀਆਂ ਰਿਪੋਰਟਾਂ ਅਨੁਸਾਰ ਦੁਨੀਆ ਦੇ ਸਾਰੇ ਸਮੁੰਦਰਾਂ ਦਾ ਪਾਣੀ ਤੇਜ਼ੀ ਨਾਲ ਗਰਮ ਹੋ ਰਿਹਾ ਹੈ। ਇੰਟਰਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ ਦੀ 2021 ਦੀ "ਦਿ ਫ਼ਿਜ਼ਿਕਲ ਸਾਇੰਸ ਬੇਸਿਸ" ਦੀ ਰਿਪੋਰਟ ਅਨੁਸਾਰ ਹਿੰਦ ਮਹਾਸਾਗਰ ਦੇ ਸਮੁੰਦਰ ਦੇ ਪਾਣੀ ਦਾ ਔਸਤ ਤਾਪਮਾਨ ਦੂਜੇ ਮਹਾਸਾਗਰਾਂ ਦੇ ਪਾਣੀ ਦੇ ਔਸਤ ਤਾਪਮਾਨ ਤੋਂ ਜ਼ਿਆਦਾ ਵਧਿਆ ਹੈ। ਹਿੰਦ ਮਹਾਸਾਗਰ ਦੇ ਸਮੁੰਦਰੀ ਸਤ੍ਹਾ ਦੇ ਪਾਣੀ ਦੇ ਤਾਪਮਾਨ ਵਿੱਚ ਉਦਯੋਗਿਕ ਇਨਕਲਾਬ ਸਮੇਂ ਤੇ ਪਹਿਲਾਂ ਦੇ ਔਸਤ ਤਾਪਮਾਨ ਨਾਲੋਂ 1.1 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਹੈ ਜਦੋਂ ਕਿ ਦੂਜੇ ਮਹਾਸਾਗਰਾਂ ਵਿੱਚ ਇਹ ਵਾਧਾ 0.7 ਡਿਗਰੀ ਸੈਲਸੀਅਸ ਰਿਕਾਰਡ ਹੋਇਆ ਹੈ। ਸਮੁੰਦਰ ਧਰਤੀ ਦੇ ਲਗਭਗ 70 ਫ਼ੀਸਦ ਹਿੱਸੇ ਉੱਤੇ ਫੈਲੇ ਹੋਏ ਹਨ ਅਤੇ ਇਨ੍ਹਾਂ ਨੇ ਮਨੁੱਖੀ ਗਤੀਵਿਧੀਆਂ ਦੁਆਰਾ ਪੈਦਾ ਕੀਤੀਆਂ ਗਈਆਂ ਗਰੀਨਹਾਊਸ ਗੈਸਾਂ ਦਾ 90 ਫ਼ੀਸਦ ਹਿੱਸਾ ਆਪਣੇ ਅੰਦਰ ਜ਼ਜ਼ਬ ਕਰ ਲਿਆ ਹੋਇਆ ਹੈ ਜਿਸ ਦੇ ਨਤੀਜੇ ਵਜੋਂ ਹੁਣ ਤੱਕ ਇਕ ਪਾਸੇ ਤਾਂ ਇਹ ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧਾ ਹੋਣ ਦੀ ਰਫ਼ਤਾਰ ਧੀਮੀ ਕਰ ਰਹੇ ਹਨ, ਦੂਜੇ ਪਾਸੇ ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿੱਚ ਵਾਧਾ ਹੋਣ ਨਾਲ ਚੱਕਰਵਾਤਾਂ ਅਤੇ ਸੁਨਾਮੀ ਵਰਗੀਆਂ ਸਮੁੰਦਰੀ ਆਫ਼ਤਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿੱਚ ਇੱਕ ਡਿਗਰੀ ਸੈਲਸੀਅਸ ਦੇ ਵਾਧੇ ਨਾਲ ਚੱਕਰਵਾਤ ਵਿੱਚਲੀ ਹਵਾ ਦੀ ਗਤੀ ਵਿੱਚ 5 ਫ਼ੀਸਦ ਦਾ ਵਾਧਾ ਹੋ ਜਾਂਦਾ ਹੈ। ਵੱਧ ਗਤੀ ਵਾਲੀ ਹਵਾ ਵਾਲਾ ਚੱਕਰਵਾਤੀ ਤੂਫ਼ਾਨ ਵਧੇਰੇ ਤਬਾਹੀ ਮਚਾਉਂਦਾ ਹੈ। ਮੌਕਾ, ਬਿਪਰਜੋਏ, ਮਿਚੌਂਗ, ਫਰੈਡੀ, ਸੋਲਾ, ਦੌਕਸੁਰੀ, ਲੈਨ ਆਦਿ ਸਮੁੰਦਰੀ ਤੂਫ਼ਾਨਾਂ ਨੇ ਦੁਨੀਆ ਦੇ ਵੱਖ-ਵੱਖ ਦੇਸਾਂ ਵਿੱਚ 2023 ਵਿੱਚ ਭਾਰੀ ਤਬਾਹੀ ਮਚਾਈ ਹੈ।

ਭਾਰਤ ਦੇ ਮੌਸਮ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ 1891-2017 ਦੇ ਅਰਸੇ ਦੌਰਾਨ ਹਿੰਦ ਮਹਾਸਾਗਰ ਵਿੱਚ ਹਰ ਸਾਲ ਔਸਤਨ 5 ਚੱਕਰਵਾਤੀ ਤੂਫ਼ਾਨ ਆਉਂਦੇ ਸਨ ਜਿਨ੍ਹਾਂ ਵਿੱਚੋਂ ਚਾਰ ਬੰਗਾਲ ਦੀ ਖਾੜੀ ਵਿੱਚ ਅਤੇ ਸਿਰਫ਼ ਇੱਕ ਅਰਬ ਸਾਗਰ ਵਿੱਚ ਆਉਂਦਾ ਸੀ ਜਿਸ ਦਾ ਮਤਲਬ ਹੈ ਕਿ ਬੰਗਾਲ ਦੀ ਖਾੜੀ ਵਿੱਚ ਜ਼ਿਆਦਾ ਅਤੇ ਅਰਬ ਸਾਗਰ ਵਿੱਚ ਘੱਟ ਚੱਕਰਵਾਤੀ ਤੂਫ਼ਾਨ ਆਉਂਦੇ ਸਨ। ਅਰਬ ਸਾਗਰ ਵਿੱਚ ਆਉਣ ਵਾਲੇ ਚੱਕਰਵਾਤੀ ਤੂਫ਼ਾਨ ਬੰਗਾਲ ਦੀ ਖਾੜੀ ਦੇ ਤੂਫ਼ਾਨਾਂ ਦੇ ਮੁਕਾਬਲੇ ਘੱਟ ਤੀਬਰਤਾ ਵਾਲੇ ਹੁੰਦੇ ਸਨ। ਹਿੰਦ ਮਹਾਸਾਗਰ ਦੇ ਸਮੁੰਦਰ ਦੀ ਸਤ੍ਹਾ ਦੇ ਪਾਣੀ ਦੇ ਔਸਤ ਤਾਪਮਾਨ ਵਿੱਚ ਵਾਧਾ ਹੋਣ ਨਾਲ 2018 ਤੋਂ ਬਾਅਦ ਅਰਬ ਸਾਗਰ ਵਿੱਚ ਵੀ ਚੱਕਰਵਾਤਾਂ ਦੀ ਗਿਣਤੀ ਵਿੱਚ ਵਾਧਾ ਹੋਣ ਦੇ ਨਾਲ ਨਾਲ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿੱਚ ਵੀ ਵਾਧਾ ਹੋਣ ਲੱਗ ਪਿਆ ਹੈ। ਇੰਡੀਅਨ ਇਨਸਟੀਚਿਊਟ ਆਫ਼ ਟਰੋਪੀਕਲ ਮੈਟਰੋਲੋਜੀ ਦੀ ਇੱਕ ਖੋਜ ਅਨੁਸਾਰ ਅਰਬ ਸਾਗਰ ਵਿੱਚ ਵੀ ਹੁਣ ਬੰਗਾਲ ਦੀ ਖਾੜੀ ਦੀ ਤਰ੍ਹਾਂ ਵੱਧ ਤੀਬਰਤਾ ਵਾਲੇ ਅਤੇ ਜ਼ਿਆਦਾ ਚੱਕਰਵਾਤ ਬਣਨ ਲੱਗ ਪਏ ਹਨ।



ਹਿੰਦ ਮਹਾਸਾਗਰ ਵਿੱਚ ਤੇਜ਼ ਗਤੀ ਵਾਲੇ ਚੱਕਰਵਾਤਾਂ ਦੀ ਵਧ ਰਹੀ ਗਿਣਤੀ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ। ਪਿੱਛਲੇ ਪੰਜ ਦਹਾਕਿਆਂ ਵਿੱਚ ਲਗਭਗ 60 ਚੱਕਰਵਾਤੀ ਤੂਫ਼ਾਨ ਭਾਰਤ ਦੇ ਤੱਟੀ ਖੇਤਰਾਂ ਨਾਲ ਟਕਰਾਏ ਸਨ ਜਿਨ੍ਹਾਂ ਵਿੱਚੋਂ 40 ਅਕਤੂਬਰ ਅਤੇ ਨਵੰਬਰ, 14 ਮਈ ਅਤੇ ਜੂਨ ਅਤੇ ਸਿਰਫ਼ 6 ਦਸੰਬਰ ਵਿੱਚ ਬਣੇ ਸਨ। ਦਸੰਬਰ ਵਿੱਚ ਤੇਜ਼ ਗਤੀ ਵਾਲੇ ਮਿਚੌਂਗ ਚੱਕਰਵਾਤ ਦਾ ਬਣਨਾ ਅਤੇ ਤਾਮਿਲਨਾਡੂ ਤੋਂ ਲੈ ਕੇ ਓਡੀਸ਼ਾ ਰਾਜਾਂ ਤੱਕ ਤਬਾਹੀ ਕਰਨਾ ਵੀ ਭਾਰਤ ਲਈ ਮੌਸਮੀ ਤਬਦੀਲੀ ਦੀ ਇੱਕ ਅਹਿਮ ਅਤੇ ਗੰਭੀਰ ਚਿਤਾਵਨੀ ਹੈ। ਭਾਰਤ ਦੇ ਦੱਖਣ ਵੱਲ ਤਿੰਨੇ ਪਾਸੇ ਸਮੁੰਦਰ ਹੈ ਅਤੇ ਇੱਥੋਂ ਦੇ 10 ਰਾਜ 4 ਕੇਂਦਰੀ ਸ਼ਾਸ਼ਤ ਰਾਜ ਸਮੁੰਦਰ ਦੇ ਤੱਟਵਰਤੀ ਖੇਤਰਾਂ ਵਿੱਚ ਸਥਿਤ ਹਨ। ਇਨ੍ਹਾਂ ਰਾਜਾਂ ਵਿੱਚ ਭਾਰਤ ਦੀ 40 ਫ਼ੀਸਦ ਆਬਾਦੀ ਰਹਿੰਦੀ ਹੈ। ਇਨ੍ਹਾਂ ਰਾਜਾਂ ਵਿੱਚ ਵੱਸੇ ਲੋਕਾਂ ਨੂੰ ਸਮੁੰਦਰੀ ਆਫ਼ਤਾਂ (ਚੱਕਰਵਾਤਾਂ ਅਤੇ ਸੁਨਾਮੀਆਂ) ਦੀ ਮਾਰ ਝੱਲਣ ਦੇ ਨਾਲ ਨਾਲ ਸਮੁੰਦਰ ਦੇ ਉੱਚੇ ਉੱਠ ਰਹੇ ਜਲ ਪੱਧਰ ਦੀ ਮਾਰ ਵੀ ਝੱਲਣੀ ਪੈਂਦੀ ਹੈ।

ਭਾਰਤ ਦੇ ਮੌਸਮ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ ਚੱਕਰਵਾਤਾਂ ਕਾਰਨ 1980-2000 ਦੇ ਅਰਸੇ ਦੌਰਾਨ ਹਰ ਸਾਲ ਦੇਸ ਦੇ 320 ਮਿਲੀਅਨ ਲੋਕ ਪ੍ਰਭਾਵਿਤ ਹੋਏ ਸਨ। ਜਨੇਵਾ ਦੇ ਇਨਟਰਨਲ ਡਿਸਪਲੇਸਮੈਂਟ ਮੋਨੀਟਰਿੰਗ ਸੈਂਟਰ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਹੜ੍ਹਾਂ ਅਤੇ ਚੱਕਰਵਾਤਾਂ ਨਾਲ 2022 ਵਿੱਚ 2.5 ਮਿਲੀਅਨ ਲੋਕ ਪ੍ਰਭਾਵਿਤ ਹੋਏ ਸਨ। ਨੇਚਰ ਕਮਿਊਨੀਕੇਸ਼ਨ ਨਾਂ ਦੇ ਜਨਰਲ ਵਿੱਚ ਛਪੀ ਇੱਕ ਖੋਜ ਅਨੁਸਾਰ ਸਮੁੰਦਰ ਦਾ ਜਲ ਪੱਧਰ ਉੱਚਾ ਹੋਣ ਕਾਰਨ ਨਾਲ ਭਾਰਤ ਦੀ 36 ਮਿਲੀਅਨ ਆਬਾਦੀ 2050 ਤੱਕ ਸਮੁੰਦਰੀ ਆਫ਼ਤਾਂ ਦੀ ਲਪੇਟ ਆ ਜਾਵੇਗੀ ਅਤੇ ਸਦੀ ਦੇ ਅੰਤ ਤੱਕ ਇਹ ਗਿਣਤੀ 44 ਮਿਲੀਅਨ ਹੋ ਸਕਦੀ ਹੈ। ਇਸ ਤੋਂ ਇਲਾਵਾ ਭਾਰਤ ਦੀ ਕੌਂਸਿਲ ਔਨ ਅਨਰਜੀ, ਇਨਵਾਰਿਨਮੈਂਟ ਐਂਡ ਵਾਟਰ ਦੇ 2020 ਦੇ ਇੱਕ ਅਧਿਐਨ ਅਨੁਸਾਰ ਦੇਸ ਦੇ 75 ਫ਼ੀਸਦ ਜ਼ਿਲ੍ਹੇ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਦੀ ਲਪੇਟ ਵਿੱਚ ਆ ਚੁੱਕੇ ਹਨ ਅਤੇ ਪਿੱਛਲੇ ਇੱਕ ਦਹਾਕੇ ਵਿੱਚ ਦੇਸ ਦੇ 258 ਜ਼ਿਲ੍ਹੇ ਚੱਕਰਵਾਤਾਂ ਦੀ ਆਮਦ ਨਾਲ ਪ੍ਰਭਾਵਿਤ ਹੋਏ ਸਨ। 2005 ਤੋਂ ਬਾਅਦ ਚੱਕਰਵਾਤਾਂ ਦੀ ਮਾਰ ਥੱਲੇ ਆਉਣ ਵਾਲੇ ਜ਼ਿਲ੍ਹਿਆਂ ਦੀ ਗਿਣਤੀ 1970 ਨਾਲੋਂ ਤਿੰਨ ਗੁਣਾ ਅਤੇ ਉਨ੍ਹਾਂ ਨਾਲ ਹੋਣ ਵਾਲੀ ਤਬਾਹੀ ਦੋ ਗੁਣਾ ਹੋ ਗਈ ਹੈ। ਇਸ ਤਰ੍ਹਾਂ ਕੁਦਰਤ ਭਾਰਤ ਨੂੰ ਬਾਰ ਬਾਰ ਚਿਤਾਵਨੀ ਦੇ ਰਹੀ ਹੈ ਕਿ ਤੱਟਵਰਤੀ ਇਲਾਕਿਆਂ ਵਿੱਚ ਕੁਦਰਤੀ ਸਰੋਤਾਂ ਨਾਲ ਆਰਥਿਕ ਵਿਕਾਸ ਦੀ ਆੜ ਵਿੱਚ ਜ਼ਿਆਦਾ ਛੇੜਛਾੜ ਨਾ ਕੀਤੀ ਜਾਵੇ, ਜੇਕਰ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਇਹ ਦੇਸ ਨੂੰ ਬਹੁਤ ਮਹਿੰਗੀ ਪੈ ਸਕਦੀ ਹੈ।

ਭਾਰਤ ਵਿੱਚ ਭਾਵੇਂ ਲੋਕਾਂ ਨੂੰ ਚੱਕਰਵਾਤਾਂ ਦੀ ਅਗਾਊਂ ਚਿਤਾਵਨੀ ਦੇ ਕੇ ਉਨ੍ਹਾਂ ਦੀਆਂ ਕੀਮਤੀ ਜਾਨਾਂ ਨੂੰ ਬਚਾ ਲਿਆ ਜਾਂਦਾ ਹੈ ਜੋ ਭਾਰਤ ਦੇ ਮੌਸਮ ਵਿਭਾਗ ਅਤੇ ਕੌਮੀ ਆਫ਼ਤ ਪ੍ਰਬੰਧਨ ਫ਼ੋਰਸ ਦਾ ਇੱਕ ਸ਼ਲਾਘਾਯੋਗ ਉਪਰਾਲਾ ਹੈ, ਪਰ ਚੱਕਰਵਾਤਾਂ ਰਾਹੀਂ ਹੋਣ ਵਾਲਾ ਮਾਲੀ ਨੁਕਸਾਨ ਹਰ ਸਾਲ ਵਧ ਰਿਹਾ ਹੈ ਜਿਸ ਲਈ ਤੱਟਵਰਤੀ ਰਾਜਾਂ ਦੀਆਂ ਸਰਕਾਰਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਤਾਮਿਲਨਾਡੂ ਦੇ ਚੇਨੱਈ ਸ਼ਹਿਰ ਵਿੱਚ ਮਿਚੌਂਗ ਚੱਕਰਵਾਤ ਦੇ ਪ੍ਰਭਾਵ ਨਾਲ ਭਾਰੀ ਮੀਂਹ ਪਿਆ ਜਿਸ ਨਾਲ ਮਾਲੀ ਨੁਕਸਾਨ ਦੇ ਨਾਲ ਨਾਲ ਲਗਭਗ 15 ਵਿਅਕਤੀਆਂ ਦੀ ਮੌਤ ਵੀ ਹੋ ਗਈ ਹੈ।

ਚੇਨੱਈ ਵਿੱਚ ਭਾਰੀ ਨੁਕਸਾਨ ਹੋਣ ਦਾ ਮੁੱਖ ਕਾਰਨ ਜਲ ਸਰੋਤਾਂ (ਝੀਲਾਂ, ਤਲਾਬਾਂ, ਜਲਗਾਹਾਂ, ਅਤੇ ਬਰਸਾਤੀ ਨਾਲਿਆਂ) ਉੱਤੇ ਉਸਾਰੀਆਂ ਹੋਈਆਂ ਹਨ। ਹਰ ਤਰ੍ਹਾਂ ਦੇ ਜਲ ਸਰੋਤ ਮੀਂਹ ਦੇ ਵਾਧੂ ਪਾਣੀ ਨੂੰ ਜਾਂ ਤਾਂ ਸਪੰਜ ਦੀ ਤਰ੍ਹਾਂ ਆਪਣੇ ਵਿੱਚ ਸਮੋ ਲੈਂਦੇ ਹਨ ਜਾਂ ਫਿਰ ਉਨ੍ਹਾਂ ਨੂੰ ਸਮੁੰਦਰ, ਝੀਲਾਂ ਜਾਂ ਤਲਾਬਾਂ ਤੱਕ ਪਹੁੰਚਾ ਦਿੰਦੇ ਹਨ। ਚੇਨੱਈ ਦੀ ਅੰਨਾ ਯੂਨੀਵਰਸਿਟੀ ਦੀ ਇੱਕ ਖੋਜ ਅਨੁਸਾਰ 1893 ਤੋਂ 2017 ਦੇ ਅਰਸੇ ਵਿੱਚ ਚੇਨੱਈ ਦੀਆਂ ਜਲਗਾਹਾਂ ਦਾ ਖੇਤਰਫਲ 12.6 ਵਰਗ ਕਿਲੋਮੀਟਰ ਤੋਂ ਘਟ ਕੇ ਸਿਰਫ਼ 3.2 ਵਰਗ ਕਿਲੋਮੀਟਰ ਰਹਿ ਗਿਆ ਹੈ।

ਇੰਟਰਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ ਦੀ ਪੰਜਵੀਂ ਅਤੇ ਛੇਵੀਂ ਰਿਪੋਰਟ ਅਨੁਸਾਰ ਭਾਰਤ ਦੀ ਭੂਗੋਲਿਕ ਸਥਿਤੀ ਕਾਰਨ ਭਾਰਤ ਉੱਤੇ ਹਰ ਤਰ੍ਹਾਂ ਦੀ ਕੁਦਰਤੀ ਆਫ਼ਤ ਬਾਕੀ ਨਾਲੋਂ ਜ਼ਿਆਦਾ ਮਾਰ ਕਰੇਗੀ।

ਧਰਤੀ ਅਤੇ ਸਮੁੰਦਰ ਦੀ ਸਤ੍ਹਾ ਦੇ ਪਾਣੀ ਦੇ ਤਾਪਮਾਨ ਵਿੱਚ ਵਾਧੇ ਨਾਲ ਕੁਦਰਤੀ ਆਫ਼ਤਾਂ ਦੀ ਵਧਦੀ ਹੋਈ ਗਿਣਤੀ ਨੂੰ ਦੇਖਦੇ ਹੋਏ ਤੱਟਵਰਤੀ ਰਾਜਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਆਪਣੇ ਆਪਣੇ ਰਾਜਾਂ ਦੇ ਬਨਸਪਤੀ ਅਤੇ ਜਲ ਸਰੋਤਾਂ ਵਰਗੇ ਕੁਦਰਤੀ ਸਰੋਤਾਂ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰਨ ਕਿਉਂਕਿ ਉਹ ਕੁਦਰਤ ਵੱਲੋਂ ਬਣਾਏ ਗਏ ਆਫ਼ਤ-ਨਿਰੋਧਕ ਹਨ।

ਤੱਟਵਰਤੀ ਇਲਾਕਿਆਂ ਵਿੱਚ ਉਦਯੋਗਿਕ ਇਕਾਈਆਂ, ਵੱਡੇ ਵੱਡੇ ਸ਼ਹਿਰ ਵਸਾਉਣ ਅਤੇ ਸੈਰ-ਸਪਾਟੇ ਵਾਲੀਆਂ ਥਾਵਾਂ ਬਣਾਉਣ ਤੋਂ ਗੁਰੇਜ਼ ਕਰਨ। ਇਸ ਤਰ੍ਹਾਂ ਦਾ ਵਿਕਾਸ ਕਰਨ ਨਾਲ ਉੱਥੋਂ ਦੀ ਕੁਦਰਤੀ ਬਨਸਪਤੀ ਕੱਟੀ ਜਾਵੇਗੀ ਅਤੇ ਇਸ ਤਰ੍ਹਾਂ ਦੇ ਖੇਤਰਾਂ ਦਾ ਕੁਦਰਤੀ ਆਫ਼ਤਾਂ ਨਾਲ ਆਮ ਖੇਤਰਾਂ ਨਾਲੋਂ ਵਧੇਰੇ ਨੁਕਸਾਨ ਹੋਵੇਗਾ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਤੱਟਵਰਤੀ ਖੇਤਰਾਂ ਵਿੱਚ ਉਸਾਰੀ ਦੇ ਨਿਯਮਾਂ ਵਿੱਚ ਢਿੱਲ ਨਾ ਦੇਵੇ ਜਿਵੇਂ ਉਸ ਨੇ 2018 ਵਿੱਚ 2011 ਦੇ ਕੋਸਟਲ ਰੇਗੂਲੇਸ਼ਨ ਜ਼ੋਨ ਦੇ ਨਿਯਮਾਂ ਦੇ ਸੰਬੰਧ ਵਿੱਚ ਕੀਤਾ ਹੈ। ਇਸ ਤਰ੍ਹਾਂ ਕਰਨ ਨਾਲ ਪਹਿਲਾਂ ਤੋਂ ਹੀ ਸੰਵੇਦਨਸ਼ੀਲ ਤੱਟਵਰਤੀ ਖੇਤਰ ਹੋਰ ਵੱਧ ਕੁਦਰਤੀ ਆਫ਼ਤਾਂ ਦੇ ਸਨਮੁੱਖ ਹੋ ਜਾਣਗੇ। ਕੁਦਰਤੀ ਆਫ਼ਤਾਂ ਨਾਲ ਸਿੱਝਣ ਲਈ ਕੁਦਰਤ ਨਾਲ ਦੋਸਤੀ ਅਤੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਨੀ ਪਵੇਗੀ। ਕਿਸੇ ਵੀ ਥਾਂ ਦਾ ਵਿਕਾਸ ਮਨੁੱਖਾਂ ਲਈ ਹੋਣਾ ਚਾਹੀਦਾ ਹੈ, ਜੇਕਰ ਉਹ ਹੀ ਆਫ਼ਤਾਂ ਵਿੱਚ ਘੇਰੇ ਰਹੇ ਤਾਂ ਵਿਕਾਸ ਦਾ ਕੋਈ ਅਰਥ ਨਹੀਂ ਹੈ। ਇਸ ਲਈ ਵਿਕਾਸ ਕੁਦਰਤ ਅਤੇ ਲੋਕ-ਪੱਖੀ ਹੋਣਾ ਚਾਹੀਦਾ ਹੈ।

# ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਦੇ ਮਾਮਲੇ ਬਾਰੇ ਪੰਜਾਬੀ ਯੂਨੀਵਰਸਿਟੀ ਚੁੱਪ



ਮੇਜਰ ਸਿੰਘ ਨਾਭਾ
91-94635-53962

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 2022 ਜਨਵਰੀ ਵਿੱਚ ਆਪਣੇ ਅਧੀਨ ਚਲ ਰਹੇ ਕੰਸਟੀਚਿਊਟ ਕਾਲਜਾਂ ਦੀਆਂ ਲੰਬੇ ਸਮੇਂ ਤੋਂ ਪਈਆਂ ਖਾਲੀ ਪੋਸਟਾਂ , ਜਿਨ੍ਹਾਂ ਨੂੰ ਸਮੇਂ ਸਮੇਂ ਸਿਰ ਆਰਜ਼ੀ ਪ੍ਰਬੰਧਾਂ ਨਾਲ ਬੁੱਤਾ ਸਾਰਿਆ ਜਾ ਰਿਹਾ ਹੈ, ਨੂੰ ਭਰਨ ਲਈ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਪਰ ਹੁਣ ਦੋ ਸਾਲ ਦੇ ਕਰੀਬ ਸਮਾਂ ਨਿਕਲ ਗਿਆ ਅਜੇ ਅੱਗੇ ਕੀ ਬਣੇਗਾ ਇਹ ਵੀ ਅਨਿਸਚਤ ਹੀ ਹੈ ।ਇਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਆਪਣੇ ਅਧੀਨ ਚਲ ਰਹੇ ਕੰਸਟੀਚਿਊਟ ਕਾਲਜਾਂ ਵਿੱਚ 6 ਪ੍ਰਿੰਸੀਪਲ ਅਤੇ 133 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੱਕੀਆਂ ਆਸਾਮੀਆਂ ਲਈ ਵਿਗਿਆਪਨ ਦਿੱਤਾ ਗਿਆ। ਯੋਗ ਉਮੀਦਵਾਰਾਂ ਵਿੱਚ ਅਪਲਾਈ ਕਰਨ ਵੇਲੇ ਬੜਾ ਉਤਸ਼ਾਹ ਵੇਖਿਆ ਗਿਆ। ਖੋਜ-ਪੱਤਰਾਂ, ਕਿਤਾਬਾਂ , ਪੇਪਰ ਰੀਡਿੰਗ ਆਦਿ ਥੱਬਾ-ਥੱਬਾ ਦਸਤਾਵੇਜ਼ ਕਿਲੋਆਂ ਦੇ ਭਾਰ 'ਚ ਵੀ ਜਮ੍ਹਾਂ ਕਰਵਾਏ ।ਅਪਲਾਈ ਕਰਨ ਦੀ ਆਖਰੀ ਤਾਰੀਖ 14 ਜਨਵਰੀ 2022 ਸੀ ਅਤੇ ਅਰਜ਼ੀ ਫੀਸ ਐਸ.ਟੀ. /ਐਸ.ਸੀ./ ਬੀ.ਸੀ. ਲਈ 750 ਰੁ: ਪਲੱਸ ਜੀ .ਐਸ. ਟੀ. ਕੁਲ 885 ਰੁ:, ਐਕਸ-ਸਰਵਿਸਮੈਨ / ਈ .ਡਬਲਿਊ . ਐਸ . ਲਈ 590 ਰੁ: ( ਸਮੇਤ ਜੀ.ਐਸ.ਟੀ.) ਅਤੇ ਜਨਰਲ / ਦੂਜੀਆਂ ਸ੍ਰੇਣੀਆਂ ਲਈ (1770 ਰੁ: ਸਮੇਤ ਟੈਕਸ ) ਰੱਖੀ ਗਈ ਜਿਸ ਨਾਲ ਲੱਖਾਂ ਰੁਪਿਆ ਯੂਨੀਵਰਸਿਟੀ ਕੋਲ ਜਮ੍ਹਾਂ ਹੋਇਆ। ਫਾਰਮ ਜਮ੍ਹਾਂ ਕਰਵਾਉਣ ਸਮੇਂ ਟਿਕਟਾਂ ਲੱਗੇ ਦੋ-ਦੋ ਲਿਫਾਫੇ ਵੀ ਲਏ ਗਏ। ਇਹ ਸਾਰਾ ਕੁਝ ਯੂ.ਜੀ.ਸੀ. ਗਾਈਡ ਲਾਈਨਜ਼ ਅਨੁਸਾਰ ਕਰਨ ਦੀ ਗੱਲ ਕੀਤੀ ਗਈ। ਆਸ ਸੀ ਨਵੇਂ ਆਏ ਵੀ. ਸੀ. ਨੇ ਸਿਖਿਆ ਸੁਧਾਰ ਲਈ ਇਨ੍ਹਾਂ ਕਾਲਜਾਂ ਵਿੱਚ ਉਸੇ ਸ਼ੈਸ਼ਨ ਦੌਰਾਨ ਭਰਤੀ ਕਰ ਕੇ ਪੜ੍ਹਾਈ ਆਰੰਭ ਕਰਵਾਈ ਜਾਵੇਗੀ ਪਰ ਊਠ ਦਾ ਬੁੱਲ੍ਹ ਲਟਕਦਾ ਹੀ ਰਹਿ ਗਿਆ। ਇਸ ਤਰ੍ਹਾਂ ਦੇ ਕਦਮ



ਨੌਜਵਾਨਾਂ ਅੰਦਰ ਨਿਰਾਸ਼ਾ ਪੈਦਾ ਕਰਨ ਤੋਂ ਇਲਾਵਾ ਹੋਰ ਕੀ ਕਰਨਗੇ ।ਜੇਕਰ ਯੂਨੀਵਰਸਿਟੀ ਨੂੰ ਕੋਈ ਪੈਸੇ ਦੀ ਦਿੱਕਤ ਹੈ ਤਾਂ ਆਪ ਸਰਕਾਰ ਨੂੰ ਵੀ ਇਸ ਬਾਰੇ ਲੋੜੀਂਦੇ ਫੰਡ ਜਾਰੀ ਕਰਨ 'ਚ ਝਿਜਕ ਨਹੀਂ ਕਰਨੀ ਚਾਹੀਦੀ। ਉਚੇਰੀ ਸਿੱਖਿਆ ਮੰਤਰੀ ਉਚੇਰੀ ਸਿਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਗੰਭੀਰ ਹਨ ਸੋ, ਉਨ੍ਹਾਂ ਨੂੰ ਵੀ ਇਸ ਮਾਮਲੇ ਜਲਦੀ ਤੋਂ ਜਲਦੀ ਭਰਤੀ ਪ੍ਰਕ੍ਰਿਆ ਸ਼ੁਰੂ ਕਰਾਉਣ 'ਚ ਆਪਣਾ ਬਣਦਾ ਰੋਲ ਅਦਾ ਕਰਨਾ ਚਾਹੀਦਾ ਹੈ। ਯੂਨੀਵਰਸਿਟੀ ਨੇ ਇਨ੍ਹਾਂ ਕਾਲਜਾਂ ਨੂੰ ਸ਼ੁਰੂ ਕਰਕੇ ਪੇਂਡੂ ਖੇਤਰ ਵਿੱਚ ਵਿੱਦਿਆ ਦੇ ਪਾਸਾਰ ਕਰਨ ਲਈ ਉਪਰਾਲਾ ਕੀਤਾ ਸੀ ਜਿਸ ਨਾਲ ਗਰੀਬ ਪਰਿਵਾਰਾਂ ਦੇ ਬੱਚਿਆਂ ਅਤੇ ਖਾਸ ਕਰਕੇ ਪੇਂਡੂ ਲੜਕੀਆਂ ਲਈ ਲਾਹੇਵੰਦ ਹਨ। ਪਰ ਇਨ੍ਹਾਂ ਕਾਲਜਾਂ ਅੰਦਰ ਸਟਾਫ ਦੀ ਕਮੀ ਰੜਕ ਰਹੀ ਹੈ ਜਿਸ ਨਾਲ ਮਿਆਰੀ ਸਿੱਖਿਆ ਨੌਜਵਾਨਾਂ ਨੂੰ ਨਹੀਂ ਮਿਲ ਰਹੀ। ਹਜ਼ਾਰਾਂ ਯੋਗ ਬੇਰੁਜ਼ਗਾਰ ਉੱਚ ਡਿਗਰੀਆਂ, ਤਜ਼ਰਬੇ ਆਦਿ ਚੁੱਕੀਂ ਫਿਰਦੇ ਹਨ । ਪਿਛਲੀ ਸਰਕਾਰ ਨੇ ਜਾਂਦੇ ਜਾਂਦੇ ਕਾਹਲੀ ਨਾਲ ਅਸਿਟੈਂਟ ਪ੍ਰੋਫੈਸਰਾਂ ਦੀ ਭਰਤੀ ਮੁਕੰਮਲ ਕਰਕੇ ਨਿਯੁਕਤੀ ਪੱਤਰ ਦੇਣੇ ਸ਼ੁਰੂ ਕਰ ਦਿੱਤੇ ਸੀ ਪਰ ਇਹ ਭਰਤੀ ਮਾਨਯੋਗ ਹਾਈ ਕੋਰਟ ਨੇ ਸਟੇਅ ਕਰਕੇ ਬਾਅਦ 'ਚ ਭਰਤੀ ਰੱਦ ਕਰਨ ਦਾ ਫੈਸ਼ਲਾ ਸੁਣਾ ਦਿੱਤਾ ਸਰਕਾਰ ਨੇ ਹੁਣ ਡਬਲ ਬੈਂਚ 'ਚ ਅਪੀਲ ਪਾਈ ਹੋਈ ਦੇਖੋ ਸਰਕਾਰ ਦੀ ਕੀ ਕਾਮਯਾਬੀ ਹੁੰਦੀ ਹੈ।ਹੁਣ ਫੈਸਲੇ ਦੀ ਬੇਸਬਰੀ ਨਾਲ ਯੋਗ ਉਮੀਦਵਾਰ ਉਡੀਕ ਰਹੇ ਹਨ ।ਇਸ ਮਾੜੇ ਵਰਤਾਰੇ ਕਾਰਨ ਇੱਕ ਨਿਯੁਕਤ ਹੋਈ ਮਹਿਲਾ ਅਸਿਸਟੈਂਟ ਪ੍ਰੋਫੈਸਰ ਨੇ ਆਤਮ ਹੱਤਿਆ ਕਰਕੇ ਉਚੇਰੀ ਸਿੱਖਿਆ ਦੇ ਸੁਧਾਰ ਦੀ ਗੱਲ ਨੂੰ ਝੁਠਲਾਉਂਦੇ ਹੋਏ ਸਰਕਾਰ ਦੇ ਮੱਥੇ ਉੱਪਰ ਕਲੰਕ ਜਰੂਰ ਲਾ ਦਿੱਤਾ ਹੈ ।

ਪੰਜਾਬੀ ਯੂਨੀਵਰਸਿਟੀ ਦੀ ਵੈਬਸਾਈਟ ਤੇ ਇਸ ਸਬੰਧੀ ਕੋਈ ਜਿਕਰ ਨਹੀਂ ਕੀਤਾ ਗਿਆ। ਫਾਰਮ ਵੀ ਮੈਨੁਅਲ ਭਰਵਾ ਕੇ ਹੀ ਲਏ ਸੀ , ਇਸ ਦਾ ਕੀ ਰਾਜ਼ ਹੈ ਇਹ ਤਾਂ ਯੂਨੀਵਰਸਿਟੀ ਹੀ ਦੱਸ ਸਕਦੀ ਜਦੋਂ ਹੋ ਪੋਸਟਾਂ ਲਈ ਆਨ ਲਾਈਨ ਅਪਲਾਈ ਕਰਵਾਇਆ ਜਾਂਦਾ ਹੈ। ਹੁਣ ਡੇਢ ਸਾਲ ਦਾ ਸਮਾਂ ਲੰਘਣ ਉਪਰੰਤ ਮਾਨਯੋਗ ਸਿੱਖਿਆ ਮੰਤਰੀ ਨੂੰ ਵੀ ਇਸ ਭਰਤੀ ਨੂੰ ਜਲਦੀ ਨੇਪੜ੍ਹੇ ਚਾੜ੍ਹਨ ਲਈ ਹਦਾਇਤ ਕਰਨੀ ਚਾਹੀਦੀ ਹੈ। ਪੰਜਾਬ ਸਰਕਾਰ ਨੇ ਅਸਿਸਟੈਟ ਪ੍ਰੋਫੈਸਰਾਂ ਦੀਆਂ ਨਵੀਆਂ ਪੋਸਟਾਂ ਭਰਨ ਨੂੰ ਪ੍ਰਵਾਨਗੀ ਦਿੱਤੀ ਹੈ ਜੋ ਉਚੇਰੀ ਸਿੱਖਿਆ ਦੇ ਸੁਧਾਰ ਲਈ ਜਰੂਰੀ ਹੈ। ਆਸ ਸੀ ਇਹ ਪ੍ਰਕ੍ਰਿਆ ਜਲਦੀ ਨਵੇਂ ਸ਼ੈਸ਼ਨ ਤੋਂ ਪਹਿਲਾਂ ਮੁਕੰਮਲ ਜਾਵੇਗੀ ਪਰ ਇਹ ਹੋ ਨਾ ਸਕੀ, ਇਥੇ ਇਹ ਗੱਲ ਜਰੂਰ ਸਰਕਾਰ ਦੇ ਸਿੱਖਿਆ ਸੁਧਾਰ ਦੇ ਵਾਅਦੇ ਨੂੰ ਪਹਿਲ ਦੇ ਆਧਾਰ ਤੇ ਲੈਣ ਨੂੰ ਝੁਠਲਾਉਂਦੀ ਨਜ਼ਰ ਆਉਂਦੀ ਹੈ।

ਇਸੇ ਤਰ੍ਹਾਂ ਤਕਨੀਕੀ ਸਿੱਖਿਆ ਵਿਭਾਗ ਵਲੋਂ ਪੋਲੈਟਿਕਨਿਕ ਕਾਲਜਾਂ ਵਿੱਚ ਖਾਲੀ ਪਈਆਂ ਪੋਸਟਾਂ ਨੂੰ ਭਰਨ ਲਈ ਅਪਲਾਈ ਕਰਵਾਇਆ ਹੋਇਆ ਹੈ , ਉਹ ਵੀ ਅਜੇ ਤੱਕ ਸ਼ੁਰੂ ਹੀ ਨਹੀਂ ਹੋ ਸਕੀ। ਇਨ੍ਹਾਂ ਸਾਰੀਆਂ ਭਰਤੀਆਂ ਦੇ ਸਿਰੇ ਚਾੜ੍ਹਨ ਨੂੰ ਅਜੇ ਪਤਾ ਨਹੀਂ ਸਰਕਾਰ ਦਾ ਕਿੰਨਾ ਸਮਾਂ ਲਗੇਗਾ।ਸੋ ਸਰਕਾਰ ਨੂੰ ਉਚੇਰੀ ਸਿੱਖਿਆ ਦੇ ਸੁਧਾਰ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

# ਅਧਿਆਪਕ ਦੀ ਥਕਾਵਟ ਵਿਦਿਆਰਥੀ ਦਾ ਨੁਕਸਾਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਅੰਗਰੇਜ਼ੀ ਦਾ ਇੱਕ ਸ਼ਬਦ ਹੈ- 'ਬਰਨਆਊਟ'। ਅੱਜਕੱਲ੍ਹ ਇਹ ਹਿੰਦੀ ਵਿੱਚ ਵੀ ਵਰਤਿਆ ਜਾਣ ਲੱਗਾ ਹੈ। ਇਸ ਦਾ ਮਤਲਬ ਹੈ ਬਹੁਤ ਜ਼ਿਆਦਾ ਕੰਮ ਕਰਨ ਕਾਰਨ ਪੈਦਾ ਹੋਈ ਥਕਾਵਟ ਕਾਰਨ ਉਦਾਸੀ, ਚਿੜਚਿੜਾਪਨ ਅਤੇ ਹਰ ਸਮੇਂ ਥਕਾਵਟ ਮਹਿਸੂਸ ਕਰਨਾ। ਜਿਵੇਂ ਕੋਈ ਵਾਹਨ ਈਂਧਨ ਖਤਮ ਹੋ ਕੇ ਰੁਕ ਜਾਂਦਾ ਹੈ। ਜੇਕਰ ਕੋਈ ਵਿਅਕਤੀ ਬਹੁਤ ਜ਼ਿਆਦਾ ਕੰਮ ਕਰਕੇ ਇਸ ਤਰ੍ਹਾਂ ਦੀ ਸਥਿਤੀ ਵਿੱਚ ਫਸ ਜਾਂਦਾ ਹੈ, ਤਾਂ ਉਸਨੂੰ 'ਬਰਨਆਊਟ' ਦਾ ਸ਼ਿਕਾਰ ਕਿਹਾ ਜਾਵੇਗਾ। ਕਾਰਪੋਰੇਟ ਜਗਤ ਵਿੱਚ ਇਹ ਇੱਕ ਆਮ ਗੱਲ ਹੈ। ਛੋਟੀ ਉਮਰ ਵਿੱਚ ਹੀ ਲੋਕ ਥੱਕ ਜਾਂਦੇ ਹਨ ਅਤੇ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਜ਼ਿਕਰਯੋਗ ਹੈ ਕਿ ਦੇਸ਼ ਦੇ ਸੀਭਾਰਤ ਵਿੱਚ ਅਧਿਆਪਨ ਕਿੱਤੇ ਵਿੱਚ ‘ਬਰਨਆਊਟ’ ਦੀ ਗੰਭੀਰ ਸਮੱਸਿਆ ਹੈ, ਪਰ ਸ਼ਾਇਦ ਹੀ ਕੋਈ ਇਸ ਵੱਲ ਗੰਭੀਰਤਾ ਨਾਲ ਧਿਆਨ ਦੇ ਰਿਹਾ ਹੈ। ਅਧਿਆਪਕ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਸ਼ਾਇਦ ਇਹ ਗੱਲ ਸਾਰੇ ਸਕੂਲਾਂ 'ਤੇ ਲਾਗੂ ਨਹੀਂ ਹੁੰਦੀ, ਫਿਰ ਵੀ ਕਈ ਅਜਿਹੇ ਸਕੂਲ ਹਨ, ਜਿਨ੍ਹਾਂ 'ਚ ਇਹ ਸਥਿਤੀ ਹਮੇਸ਼ਾ ਦੇਖਣ ਨੂੰ ਮਿਲਦੀ ਹੈ। ਅਧਿਆਪਕ ਤਣਾਅ ਮਹਿਸੂਸ ਕਰਦੇ ਹਨ, ਸਰੀਰਕ ਅਤੇ ਮਾਨਸਿਕ ਥਕਾਵਟ ਦਾ ਅਨੁਭਵ ਕਰਦੇ ਹਨ, ਅਤੇ ਅਕਸਰ ਆਪਣੇ ਕੰਮ ਵਿੱਚ ਉਦਾਸੀਨ ਹੋ ਜਾਂਦੇ ਹਨ। ਨੌਕਰੀ ਵਿੱਚ ਕੋਈ ਆਨੰਦ ਨਹੀਂ ਹੈ, ਪਰ ਨੌਕਰੀ ਕਰਨੀ ਵੀ ਮਜਬੂਰੀ ਹੈ। ਇਸ ਦਾ ਸਭ ਤੋਂ ਭੈੜਾਇਹ ਉਹਨਾਂ ਬੱਚਿਆਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਸਕੂਲ ਜਾਂ ਕਾਲਜ ਵਿੱਚ ਪੜ੍ਹ ਰਹੇ ਹਨ। ਅਜਿਹੀਆਂ ਸਥਿਤੀਆਂ ਵਿੱਚ, ਅਧਿਆਪਕ ਅਕਸਰ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੌਰ 'ਤੇ ਥੱਕ ਜਾਂਦੇ ਹਨ। ਇਸ ਸਥਿਤੀ ਵਿੱਚ ਨਿਰਲੇਪਤਾ ਅਤੇ ਉਦਾਸੀਨਤਾ ਵੀ ਪੈਦਾ ਹੁੰਦੀ ਹੈ। ਬਹੁਤ ਜ਼ਿਆਦਾ ਅਧਿਆਪਕ ਥਕਾਵਟ ਦੇ ਕਈ ਕਾਰਨ ਹਨ। ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਅਕਸਰ ਲੋੜ ਤੋਂ ਘੱਟ ਹੁੰਦੀ ਹੈ। ਜਦੋਂ ਕੁਝ ਅਧਿਆਪਕ ਗੈਰ-ਹਾਜ਼ਰ ਰਹਿੰਦੇ ਹਨ ਤਾਂ ਸਮੱਸਿਆ ਵਧ ਜਾਂਦੀ ਹੈ। ਬਾਕੀ ਅਧਿਆਪਕਾਂ ਨੂੰ ਗੈਰ-ਹਾਜ਼ਰ ਅਧਿਆਪਕਾਂ ਦੀਆਂ ਕਲਾਸਾਂ ਸੰਭਾਲਣੀਆਂ ਪੈਂਦੀਆਂ ਹਨ, ਜਿਸ ਦਾ ਮਤਲਬ ਹੈ ਵਾਧੂ ਜ਼ਿੰਮੇਵਾਰੀ ਅਤੇ ਸਕੂਲਾਂ ਵਿੱਚ ਅਧਿਆਪਕਾਂ ਨੂੰ ਅਕਸਰ ਦੋਹਰੇ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ।ਪ੍ਰਸ਼ਾਸਨਿਕ ਕੰਮ ਵੀ ਸੌਂਪਿਆ ਗਿਆ ਹੈ। ਅਕਸਰ ਅਜਿਹਾ ਹੁੰਦਾ ਹੈ ਕਿ ਨਵੇਂ ਵਿਦਿਆਰਥੀਆਂ ਦੇ ਦਾਖ਼ਲੇ ਸਮੇਂ ਜਾਂ ਨਵੇਂ ਸੈਸ਼ਨ ਦੀ ਸ਼ੁਰੂਆਤ ਵੇਲੇ ਜਦੋਂ ਦੇਸ਼ ਵਿੱਚ ਚੋਣਾਂ ਜਾਂ ਮਹਾਂਮਾਰੀ ਵਰਗੀ ਕੋਈ ਘਟਨਾ ਵਾਪਰਦੀ ਹੈ ਤਾਂ ਅਧਿਆਪਕਾਂ ਨੂੰ ਵੀ ਅਜਿਹੇ ਕੰਮ ’ਤੇ ਲਾਇਆ ਜਾਂਦਾ ਹੈ, ਜਿਸ ਵਿੱਚ ਨਾ ਤਾਂ ਉਨ੍ਹਾਂ ਨੂੰ ਤਜਰਬਾ ਹੁੰਦਾ ਹੈ ਅਤੇ ਨਾ ਹੀ ਦਿਲਚਸਪੀ। ।। ਕਈ ਵਾਰ ਕਿਸੇ ਨੂੰ ਸ਼ਹਿਰ ਜਾਂ ਕਿਤੇ ਦੂਰ ਵਿਸ਼ੇਸ਼ ਸਿਖਲਾਈ ਲਈ ਜਾਣਾ ਪੈਂਦਾ ਹੈ। ਇਹ ਸਭ ਕੰਮ ਦਾ ਬੋਝ ਵਧਾਉਂਦਾ ਹੈ।ਅਜਿਹੇ ਰੁਝੇਵਿਆਂ ਕਾਰਨ ਅਧਿਆਪਕ ਨਾ ਤਾਂ ਆਪਣੇ ਵੱਲ ਧਿਆਨ ਦੇ ਸਕਦੇ ਹਨ ਅਤੇ ਨਾ ਹੀ ਬੱਚਿਆਂ ਦਾ ਭਲਾ ਕਰ ਸਕਦੇ ਹਨ। ਕੋਰਸ ਪੂਰਾ ਕਰਨ ਦਾ ਕੰਮ ਸੀਮਤ ਅਤੇ ਤਣਾਅਪੂਰਨ ਹੈ।ਇਹ ਹੁੰਦਾ ਹੈ। ਕੁਝ ਨਵਾਂ ਕਰਨ ਦਾ ਦਬਾਅ ਹੀ ਨਵੇਂ ਤਣਾਅ ਦਾ ਕਾਰਨ ਬਣਦਾ ਹੈ। ਅਧਿਆਪਨ ਦੇ ਕਿੱਤੇ ਵਿੱਚ, ਇੱਕ ਅਧਿਆਪਕ ਨੂੰ ਲਗਾਤਾਰ ਬੱਚਿਆਂ ਦੇ ਸੰਪਰਕ ਵਿੱਚ ਰਹਿਣਾ ਹੁੰਦਾ ਹੈ ਅਤੇ ਉਨ੍ਹਾਂ ਨਾਲ ਸੰਚਾਰ ਬਣਾਈ ਰੱਖਣਾ ਹੁੰਦਾ ਹੈ। ਇਸ ਦਾ ਭਾਵਨਾਤਮਕ ਦਬਾਅ ਉੱਚਾ ਰਹਿੰਦਾ ਹੈ। ਬੱਚਿਆਂ ਵਿੱਚ ਬਾਲਗਾਂ ਨਾਲੋਂ ਬਹੁਤ ਜ਼ਿਆਦਾ ਊਰਜਾ ਹੁੰਦੀ ਹੈ ਅਤੇ ਅਧਿਆਪਕ ਲਗਾਤਾਰ ਉਨ੍ਹਾਂ ਦੇ ਨਾਲ ਰਹਿ ਕੇ ਥੱਕ ਜਾਂਦੇ ਹਨ। ਰਿਹਾਇਸ਼ੀ ਸਕੂਲਾਂ ਵਿੱਚ ਇਹ ਸਮੱਸਿਆ ਬਹੁਤ ਗੰਭੀਰ ਹੈ। ਹਰ ਉਮਰ ਦੇ ਬੱਚਿਆਂ ਦੀਆਂ ਆਪਣੀਆਂ ਸਮੱਸਿਆਵਾਂ ਹੁੰਦੀਆਂ ਹਨ, ਖਾਸ ਕਰਕੇ ਜਦੋਂ ਵਾਰਡਨ ਅਤੇ ਅਧਿਆਪਕ ਇੱਕੋ ਵਿਅਕਤੀ ਹੁੰਦੇ ਹਨ। ਕੁਝ ਰੋਹੀ ਹਨ, ਕੁਝ ਬਹੁਤ ਗੁੱਸੇ ਹਨ, ਕੁਝਉਹ ਇਕੱਠੇ ਕੰਮ ਕਰਨ ਵਿੱਚ ਅਸਮਰੱਥ ਹਨ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਦੋਸਤ ਬਣਾਉਣ ਵਿੱਚ ਮੁਸ਼ਕਲ ਆਉਂਦੀ ਹੈ। ਹਾਈ ਸਕੂਲ ਦੇ ਅਧਿਆਪਕ ਜੋ ਕਿਸ਼ੋਰ ਬੱਚਿਆਂ ਨੂੰ ਪੜ੍ਹਾਉਂਦੇ ਹਨ, ਉਨ੍ਹਾਂ ਨੂੰ ਵੱਖ-ਵੱਖ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸਨੂੰ ਇੱਕ ਕਿਸਮ ਦੇ ਮਨੋਵਿਗਿਆਨਕ ਸਲਾਹਕਾਰ ਵਜੋਂ ਵੀ ਕੰਮ ਕਰਨਾ ਜਾਰੀ ਰੱਖਣਾ ਹੈ। ਇਸ ਤਰ੍ਹਾਂ, ਅਧਿਆਪਕ ਬੱਚਿਆਂ ਵਿੱਚ ਭਾਵਨਾਤਮਕ ਤੌਰ 'ਤੇ ਬਹੁਤ ਜ਼ਿਆਦਾ ਨਿਵੇਸ਼ ਕਰਦੇ ਹਨ ਅਤੇ ਨਤੀਜਾ ਉਹੀ ਹੁੰਦਾ ਹੈ - ਲਗਾਤਾਰ ਬਰਨਆਊਟ ਦੀ ਸਥਿਤੀ। ਸਕੂਲਾਂ ਵਿੱਚ ਸਮਾਜਿਕ ਅਤੇ ਆਰਥਿਕ ਤਰੱਕੀ ਦੇ ਸੀਮਤ ਮੌਕਿਆਂ ਅਤੇ ਸਕੂਲ ਪ੍ਰਬੰਧਨ ਵੱਲੋਂ ਨਾਕਾਫ਼ੀ ਸਹਾਇਤਾ ਵੀ ਅਧਿਆਪਕਾਂ ਲਈ ਦੁੱਖ ਦਾ ਕਾਰਨ ਬਣਦੀ ਹੈ। ਅਕਸਰ ਅਧਿਆਪਕ ਸਕੂਲ ਦੇ ਮਾਹੌਲ ਵਿੱਚ ਅਲੱਗ-ਥਲੱਗ ਮਹਿਸੂਸ ਕਰਨ ਲੱਗਦੇ ਹਨ। ਬੱਚੇ, ਮਾਤਾ-ਪਿਤਾ, ਪ੍ਰਬੰਧਨ ਸਾਰਿਆਂ ਨੂੰ ਉਨ੍ਹਾਂ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ ਅਤੇ ਇਹ ਉਨ੍ਹਾਂ ਲਈ ਵਾਧੂ ਦਬਾਅ ਦਾ ਕਾਰਨ ਵੀ ਬਣਦਾ ਹੈ। ਅਜਿਹੀ ਸਥਿਤੀ ਵਿੱਚ, ਸਕੂਲਾਂ ਵਿੱਚ ਪੇਸ਼ੇਵਰ ਮਨੋਵਿਗਿਆਨਕ ਸਲਾਹ ਜਾਂ ਕਾਉਂਸਲਿੰਗ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਤਣਾਅ ਪ੍ਰਬੰਧਨ 'ਤੇ ਵਾਰ-ਵਾਰ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ। ਕੈਨੇਡਾ ਵਿੱਚ, ਜੇਕਰ ਕੋਈ ਅਧਿਆਪਕ ਬਹੁਤ ਜ਼ਿਆਦਾ ਤਣਾਅ ਵਿੱਚ ਰਹਿੰਦਾ ਹੈ, ਤਾਂ ਉਹ ਇੱਕ ਸਾਲ ਤੱਕ ਦੀ ਛੁੱਟੀ ਲੈ ਸਕਦਾ ਹੈ। ਇਸ ਨੂੰ 'ਤਣਾਅ ਦੀ ਛੁੱਟੀ' ਕਿਹਾ ਜਾਂਦਾ ਹੈ ਅਤੇ ਇਸ ਦੌਰਾਨ ਉਸ ਨੂੰ ਆਪਣੀ ਤਨਖਾਹ ਦਾ 80 ਫੀਸਦੀ ਹਿੱਸਾ ਮਿਲਦਾ ਹੈ।ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਜ਼ਿੰਮੇਵਾਰ ਅਧਿਆਪਕਾਂ ਦੇ ਕੰਮ ਦਾ ਬੋਝ ਵੱਧ ਜਾਂਦਾ ਹੈ। ਇਹ ਸਹੀ ਨਹੀਂ ਹੈ। ਕੰਮ ਦੇ ਬੋਝ ਦੀ ਇੱਕ ਚੰਗੀ ਤਰ੍ਹਾਂ ਯੋਜਨਾਬੱਧ, ਬਰਾਬਰ ਵੰਡ ਹੋਣੀ ਚਾਹੀਦੀ ਹੈ। ਜਿਹੜੇ ਅਧਿਆਪਕ ਬਹੁਤ ਜ਼ਿੰਮੇਵਾਰ ਨਹੀਂ ਹਨ, ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ, ਤਾਂ ਜੋ ਉਹ ਆਪਣਾ ਕੰਮ ਸਮੇਂ ਸਿਰ ਅਤੇ ਸਹੀ ਢੰਗ ਨਾਲ ਕਰ ਸਕਣ। ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਦਾ ਕੰਮ ਵੀ ਕਿਸੇ ਜ਼ਿੰਮੇਵਾਰ ਸਾਥੀ ਨੂੰ ਸੌਂਪ ਦਿੱਤਾ ਜਾਵੇ। ਅਜਿਹੀ ਵਿਵਸਥਾ ਵੀ ਹੋਣੀ ਚਾਹੀਦੀ ਹੈ ਕਿ ਕੰਮ ਕਰਨ ਤੋਂ ਬਾਅਦ ਅਧਿਆਪਕ ਆਪਣੇ ਨਿੱਜੀ ਅਤੇ ਪਰਿਵਾਰਕ ਜੀਵਨ 'ਤੇ ਪੂਰਾ ਧਿਆਨ ਦੇ ਸਕਣ। ਕੰਮ ਅਤੇ ਜੀਵਨ ਵਿੱਚ ਸੰਤੁਲਨ ਬਹੁਤ ਮਹੱਤਵਪੂਰਨ ਹੈ ਅਤੇ ਇਸਨੂੰ ਅਣਡਿੱਠ ਕਰਨਾ ਬਹੁਤ ਵੱਡਾ ਹੈ।ਵਿਅਕਤੀਗਤ ਅਤੇ ਸੰਸਥਾ ਦੋਵਾਂ ਲਈ, ਇੱਕ ਕੀਮਤ ਅਦਾ ਕਰਨੀ ਪੈਂਦੀ ਹੈ। ਜੇਕਰ ਅਧਿਆਪਕਾਂ 'ਤੇ ਪ੍ਰਸ਼ਾਸਨਿਕ ਕੰਮ ਦਾ ਬੋਝ ਹੈ, ਤਾਂ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਉਹ ਕੰਮ ਕਰਨ ਲਈ ਤਿਆਰ ਹਨ। ਅਜਿਹੀ ਸਥਿਤੀ ਵਿੱਚ ਉਨ੍ਹਾਂ ਨੂੰ ਵਿੱਤੀ ਲਾਭ ਮਿਲਣਾ ਚਾਹੀਦਾ ਹੈ, ਜਾਂ ਉਨ੍ਹਾਂ ਨੂੰ ਵਾਧੂ ਕੰਮ ਦੇ ਬਦਲੇ ਛੁੱਟੀ ਦਿੱਤੀ ਜਾਣੀ ਚਾਹੀਦੀ ਹੈ। ਅਧਿਆਪਕਾਂ ਨੂੰ ਪੇਸ਼ੇਵਰ ਵਿਕਾਸ ਲਈ ਢੁਕਵੇਂ ਮੌਕੇ ਮਿਲਣੇ ਚਾਹੀਦੇ ਹਨ। ਇਸ ਨਾਲ ਉਨ੍ਹਾਂ ਦੇ ਹੁਨਰ ਵਿੱਚ ਨਿਖਾਰ ਆਵੇਗਾ ਅਤੇ ਉਹ ਸਿੱਖਿਆ ਦੇ ਖੇਤਰ ਵਿੱਚ ਹੋ ਰਹੇ ਨਵੇਂ ਪ੍ਰਯੋਗਾਂ ਤੋਂ ਜਾਣੂ ਹੋ ਸਕਣਗੇ। ਅਧਿਆਪਕਾਂ ਦੇ ਅਜਿਹੇ ਗਰੁੱਪ ਹੋਣੇ ਚਾਹੀਦੇ ਹਨ ਜਿਸ ਵਿੱਚ ਉਹ ਇੱਕ ਦੂਜੇ ਦੀ ਮਦਦ ਕਰ ਸਕਣ। ਇਸ ਨਾਲ ਉਨ੍ਹਾਂ 'ਤੇ ਕਾਫੀ ਦਬਾਅ ਪੈਂਦਾ ਹੈਕੁਝ ਹੱਦ ਤੱਕ ਘਟੇਗਾ। ਆਪਸੀ ਸਹਿਯੋਗ ਦਾ ਸੱਭਿਆਚਾਰ ਸਕੂਲ ਨੂੰ ਹਰ ਖੇਤਰ ਵਿੱਚ ਮਦਦ ਕਰੇਗਾ। ਆਪਸੀ ਗਲਤਫਹਿਮੀਆਂ ਦੂਰ ਹੋਣਗੀਆਂ ਅਤੇ ਬੇਲੋੜਾ ਤਣਾਅ ਵੀ ਘੱਟ ਹੋਵੇਗਾ। ਸਕੂਲ ਦੀਆਂ ਮੁੱਢਲੀਆਂ ਸਹੂਲਤਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ। ਸ਼ਹਿਰਾਂ ਵਿੱਚ ਕਈ ਸਕੂਲ ਬਹੁ-ਮੰਜ਼ਲੀ ਹਨ। ਅਜਿਹੀ ਸਥਿਤੀ ਵਿੱਚ ਅਧਿਆਪਕ ਨੂੰ ਵਾਰ-ਵਾਰ ਉੱਪਰ-ਹੇਠਾਂ ਜਾਣਾ ਪੈ ਸਕਦਾ ਹੈ। ਪੁਰਾਣੇ ਅਧਿਆਪਕਾਂ ਨੂੰ ਹੇਠਲੀਆਂ ਮੰਜ਼ਿਲਾਂ 'ਤੇ ਜ਼ਿਆਦਾ ਕਲਾਸਾਂ ਲਗਵਾਉਣੀਆਂ ਚਾਹੀਦੀਆਂ ਹਨ, ਸਮਾਂ ਸਾਰਣੀ ਬਣਾਉਣ ਵਾਲੇ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਅਧਿਆਪਕ ਖੁਸ਼ ਰਹਿਣ ਤਾਂ ਸਿੱਖਿਆ ਦਾ ਪੱਧਰ ਬਹੁਤ ਸੁਧਰ ਸਕਦਾ ਹੈ। ਜੇਕਰ ਕੋਈ ਅਧਿਆਪਕ ਆਪਣਾ ਬਹੁਤਾ ਸਮਾਂ ਤਣਾਅ, ਆਪਸੀ ਮਤਭੇਦਾਂ ਅਤੇ ਨਾਲ ਨਜਿੱਠਣ ਵਿੱਚ ਬਿਤਾਉਂਦਾ ਹੈਜੇਕਰ ਪੈਸੇ ਦੀ ਬਰਬਾਦੀ ਹੁੰਦੀ ਹੈ ਤਾਂ ਇਸ ਦਾ ਸਭ ਤੋਂ ਵੱਧ ਅਸਰ ਬੱਚਿਆਂ ਦੀ ਪੜ੍ਹਾਈ 'ਤੇ ਪਵੇਗਾ। ਖੁਸ਼ਹਾਲ, ਹੱਸਮੁੱਖ ਅਧਿਆਪਕ ਆਪਣੇ ਵਿਸ਼ੇ ਵਿੱਚ ਨਿਪੁੰਨ ਹੁੰਦਾ ਹੈ ਅਤੇ ਬੱਚੇ ਵੀ ਉਸ ਦਾ ਵਿਸ਼ਾ ਪਸੰਦ ਕਰਨ ਲੱਗ ਪੈਂਦੇ ਹਨ। ਬੱਚੇ ਵਿਸ਼ੇ ਨੂੰ ਅਧਿਆਪਕ ਦੀ ਸ਼ਖ਼ਸੀਅਤ ਨਾਲ ਜੋੜਦੇ ਹਨ। ਜੇਕਰ ਅਧਿਆਪਕ ਸਰਲ ਅਤੇ ਆਸਾਨ ਹੈ ਤਾਂ ਵਿਸ਼ਾ ਵੀ ਸਰਲ ਅਤੇ ਆਸਾਨ ਹੈ, ਜੇਕਰ ਅਧਿਆਪਕ ਗੁੰਝਲਦਾਰ ਹੈ ਤਾਂ ਵਿਸ਼ਾ ਬਹੁਤ ਔਖਾ ਹੈ। ਇਹ ਸਮੀਕਰਨ ਬੱਚਿਆਂ ਦੇ ਮਨਾਂ ਵਿੱਚ ਵਸਿਆ ਰਹਿੰਦਾ ਹੈ। ਇਹ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਸਕਾਰਾਤਮਕ ਸਕੂਲ ਸੱਭਿਆਚਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਲਈ ਕਿੰਨਾ ਲਾਹੇਵੰਦ ਹੋਵੇਗਾ। ਇਹ ਅਧਿਆਪਕਾਂ ਲਈ ਆਪਣੇ ਰੋਜ਼ਾਨਾ ਜੀਵਨ ਵਿੱਚ ਮਹੱਤਵਪੂਰਨ ਹੈਅਜਿਹਾ ਸਮਾਂ ਆਉਣਾ ਚਾਹੀਦਾ ਹੈ ਜਦੋਂ ਉਨ੍ਹਾਂ ਨੂੰ ਸਕੂਲ, ਵਿਦਿਆਰਥੀਆਂ ਅਤੇ ਕੰਮ ਬਾਰੇ ਬਿਲਕੁਲ ਵੀ ਸੋਚਣ ਦੀ ਲੋੜ ਨਾ ਪਵੇ। ਇਹ ਜ਼ਿੰਮੇਵਾਰੀ ਉਨ੍ਹਾਂ ਦੀ ਆਪਣੀ ਹੈ। ਉਨ੍ਹਾਂ ਨੂੰ ਅਜਿਹਾ ਸਮਾਂ ਆਪਣੀ ਅਤੇ ਆਪਣੇ ਪਰਿਵਾਰ ਦੀ ਦੇਖਭਾਲ ਲਈ ਬਿਤਾਉਣਾ ਚਾਹੀਦਾ ਹੈ। ਪਰਿਵਾਰਕ ਮੈਂਬਰਾਂ ਵਿਚਕਾਰ ਸਿਹਤਮੰਦ ਰਿਸ਼ਤੇ ਕੰਮ ਦੇ ਤਣਾਅ ਨੂੰ ਵੀ ਘਟਾਉਂਦੇ ਹਨ। ਥਕਾਵਟ ਜ਼ਰੂਰ ਹੁੰਦੀ ਹੈ, ਪਰ ਇਸ ਨੂੰ ਰੋਕਿਆ ਜਾ ਸਕਦਾ ਹੈ। ਸਹੀ ਸਾਥੀ ਹੋਣ ਅਤੇ ਵਧੀਆ ਮਾਹੌਲ ਸਿਰਜਣ ਨਾਲ ਇਸ ਤੋਂ ਬਚਿਆ ਜਾ ਸਕਦਾ ਹੈ। ਇਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਉਹਨਾਂ ਦੇ ਕੰਮ ਬਾਰੇ ਬਹੁਤ ਕੁਝ ਸਕਾਰਾਤਮਕ ਹੈ। ਸ਼ੁਕਰਗੁਜ਼ਾਰੀ ਦੀ ਭਾਵਨਾ ਜੀਵਨ ਅਤੇ ਉਪਜੀਵਕਾ ਦੋਵਾਂ ਨੂੰ ਘੱਟ ਬੋਝ ਅਤੇ ਵਧੇਰੇ ਸੁੰਦਰ ਬਣਾ ਸਕਦੀ ਹੈ।

# ਲਾਹੌਰ ’ਚ ਤਿੰਨ ਦਿਨਾ ਕੌਮਾਂਤਰੀ ਪੰਜਾਬੀ ਕਾਨਫਰੰਸ 20 ਤੋਂ





**ਅੰਮ੍ਰਿਤਸਰ–** ਲਾਹੌਰ ਦੀ ਪੰਜਾਬੀ ਪ੍ਰਚਾਰ ਸੰਸਥਾ ਵੱਲੋਂ 20 ਤੋਂ 22 ਦਸੰਬਰ ਤੱਕ ਲਾਹੌਰ ਦੇ ਪਿਲਾਕ ਕਦਾਫੀ ਸਟੇਡੀਅਮ ਵਿਖੇ ਕੌਮਾਂਤਰੀ ਪੰਜਾਬੀ ਕਾਨਫਰੰਸ ਕਰਵਾਈ ਜਾਵੇਗੀ। ਇਸ ਕਾਨਫਰੰਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਪ੍ਰਚਾਰ ਸੰਸਥਾ ਦੇ ਪ੍ਰਧਾਨ ਅਹਿਮਦ ਰਜ਼ਾ ਪੰਜਾਬੀ, ਜਨਰਲ ਸਕੱਤਰ ਅੰਜੁਮ ਗਿੱਲ ਅਤੇ ਪ੍ਰੋ. ਤਾਰਿਕ ਜ਼ਟਾਲਾ ਨੇ ਦੱਸਿਆ ਕਿ ਇਸ ਕਾਨ-ਫਰੰਸ ਵਿਚ ਵੱਖ-ਵੱਖ ਦੇਸ਼ਾਂ ਤੋਂ ਅਹਿਮ ਸ਼ਖਸੀਅਤਾਂ ਹਾਜ਼ਰੀਆਂ ਭਰਨਗੀਆਂ।

ਇਸ ਦੇ ਇਲਾਵਾ ਪੰਜਾਬੀ ਪ੍ਰਚਾਰ ਦੇ ਖਲੀਲ ਔਜਲਾ, ਬਾਬਰ ਜਲੰਧਰੀ ਅਤੇ ਜ਼ਹੀਰ ਵੱਟੂ ਨੇ ਦੱਸਿਆ ਕਿ ਕਾਨਫਰੰਸ ’ਚ ਲਹਿੰਦੇ ਪੰਜਾਬ ਦੇ ਕੇਅਰ ਟੇਕਰ ਮੁੱਖ ਮੰਤਰੀ ਮੋਹਸਿਨ ਰਜ਼ਾ ਨਕਵੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।




# ਧੁੰਦ ਦੌਰਾਨ ਵਾਹਨ ਚਲਾਉਂਦੇ ਸਮੇਂ ਚੌਕੰਨੇ ਰਹੋ



ਗੋਬਿੰਦਰ ਸਿੰਘ ਢੀਂਡਸਾ
https://www.youtube.com/@navisaver

ਸਰਦੀਆਂ ਦੀ ਆਮਦ ਨਾਲ ਹੀ ਧੁੰਦ ਨੇ ਵੀ ਦਸਤਕ ਦੇ ਦਿੱਤੀ ਹੈ। ਅਖ਼ਬਾਰਾਂ ਅਤੇ ਚੈਨਲਾਂ ਉੱਪਰਰੋਜ਼ਾਨਾਂ ਹੀ ਸੜਕੀ ਹਾਦਸੇ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਹਨ ਅਤੇ ਕਿਸੇ ਨਾ ਕਿਸੇ ਘਰ ਸੱਥਰ ਵਿਛਾ ਛੱਡਦੇ ਹਨ।

ਸਾਲ 2022 ਵਿੱਚ ਭਾਰਤ ਵਿੱਚ ਕੁੱਲ 4,61,312 ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ 1,68,491 ਲੋਕਾਂ ਦੀ ਜਾਨ ਚਲੀ ਗਈ ਅਤੇ ਕੁੱਲ 4,43,366 ਲੋਕ ਜ਼ਖ਼ਮੀ ਹੋਏ।ਪਿਛਲੇ ਸਾਲਾਂ ਦੇ ਮੁਕਾਬਲੇ ਹਾਦਸਿਆਂ ਵਿੱਚ 11.9 ਫੀਸਦੀ, ਮੌਤਾਂ ਵਿੱਚ 9।4 ਫੀਸਦੀ ਅਤੇ ਜ਼ਖ-ਮੀਆਂ ਦੀ ਗਿਣਤੀ ਵਿੱਚ 15.3 ਫੀਸਦੀ ਵਾਧਾ ਹੋਇਆ ਹੈ।ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀ ਤਾਜ਼ਾ ਰਿਪੋਰਟ ਅਨੁਸਾਰ 2021 ਅਤੇ 2022 ਵਿੱਚ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਸੱਟਾਂ ਨਾਲੋਂ ਵੱਧ ਮੌਤਾਂ ਹੋਈਆਂ।ਸਾਲ 2022 ਵਿੱਚ ਦੁਰਘਟਨਾ ਪੀੜਤਾਂ ਵਿੱਚੋਂ 66।5 ਫੀਸਦੀ 18 ਤੋਂ 45 ਸਾਲ ਦੀ ਉਮਰ ਦੇ ਨੌਜਵਾਨ ਸਨ।ਪੰਜਾਬ ਵਿੱਚ 2022 ਵਿੱਚ, 6,122 ਸੜਕ ਹਾਦਸਿਆਂ ਵਿੱਚ 4,688 ਮੌਤਾਂ ਅਤੇ 3,372 ਜ਼ਖ਼ਮੀ ਹੋਏ। ਪਿਛਲੇ ਸਾਲ 6,097 ਸੜਕ ਹਾਦਸਿਆਂ ਵਿੱਚ 4,516 ਮੌਤਾਂ ਅਤੇ 3,034 ਜ਼ਖ਼ਮੀ ਹੋਏ ਸਨ।ਸੜਕ ਹਾਦਸਿਆਂ ਤੋਂ ਬਚਾਅ ਅਤੇ ਆਵਾਜਾਈ ਨੂੰ ਸੁਚਾਰੂ ਰੂਪ ਵਿੱਚ ਬਣਾਈ ਰੱਖਣ ਲਈ ਯਾਤਾਯਾਤ ਦੇ ਨਿਯਮ ਬਣਾਏ ਗਏ ਹਨ। ਇਹ ਨਿਯਮ ਹਰ ਵਿਅਕਤੀ ਦੁਆਰਾ ਪਾਲਣਾ ਕਰਨ ਲਈ ਹੁੰਦੇ ਹਨ ਜੋ ਸੜਕਾਂ ਤੇ ਚਲਦੇ ਹਨਅਤੇ ਟ੍ਰੈਫਿਕ ਦਾ ਹਿੱਸਾ ਬਣਦੇ ਹਨ।



ਸੜਕੀ ਹਾਦਸਿਆਂ ਪਿੱਛੇ ਜ਼ਿਆਦਾਤਰ ਸਿੱਧੇ ਤੌਰ ਤੇ ਲੋਕਾਂ ਦੀ ਯਾਤਾਯਾਤ ਨਿਯਮਾਂ ਸੰਬੰਧੀ ਵਰਤੀ ਜਾਂਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਦਿੱਤੀ ਜਾਂਦੀ ਢਿੱਲ ਜਿੰਮੇਵਾਰ ਹੈ।ਲੋਕਾਂ ਨੂੰ ਦੋ-ਪਹੀਆ ਵਾਹਨਾਂ ਨੂੰ ਬਿਨ੍ਹਾਂ ਹੈਲਮੈਟ ਚਲਾਉਂਦੇ ਆਮ ਵੇਖਿਆ ਜਾਂਦਾ ਹੈ। ਇਹ ਵੀ ਕੋਈ ਅੱਤਕੱਥਨੀ ਨਹੀਂ ਕਿ ਸੜਕਾਂ ਉੱਤੇ ਵਾਹਨਾਂ ਨੂੰ ਚਲਾ ਰਹੇ ਲੋਕ ਬਹੁਤੇ ਆਵਾਜਾਈ ਦੇ ਨਿਯਮਾਂ ਤੋਂ ਅਣਜਾਣ ਹੀ ਹੁੰਦੇ ਹਨ ਅਤੇ ਪਿੰਡਾਂ ਸ਼ਹਿਰਾਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਵਾਹਨ ਚਲਾਉਂਦੇ ਆਮ ਨਜਰੀਂ ਪੈ ਜਾਂਦੇ ਹਨ।

ਮੌਜੂਦਾ ਸਮੇਂ ਧੁੰਦ ਕਾਰਨ ਵਿਜੀਵਿਲਿਟੀ ਉਂਝ ਹੀ ਘੱਟ ਹੋ ਜਾਂਦੀ ਹੈ ਸੋ ਆਵਾਯਾਈ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸਫਰ ਕੀਤਾ ਜਾ ਸਕੇ। ਜ਼ਰੂਰਤ ਅਨੁਸਾਰ ਹੀ ਨਿੱਜੀ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਸਫ਼ਰ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ। ਕਦੇ ਵੀ ਤੇਜ ਰਫ਼ਤਾਰ ਜਾਂ ਨਸ਼ਾ ਆਦਿ ਕਰਕੇ ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ।ਯਾਤਾਯਾਤ ਦੇ ਹੋਰ ਨਿਯਮਾਂ ਦੇ ਨਾਲ ਨਾਲ ਹਾਰਨਾਂ ਦੀ ਢੁੱਕਵੀਂ ਵਰਤੋਂ, ਗੱਡੀਆਂ ਵਿੱਚ ਸੀਟ ਬੈਲਟਾਂ ਦੀ ਵਰਤੋਂ, ਚੌਂਕਾਂ ਵਿੱਚ ਲੱਗੀਆਂ ਬੱਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪੈਦਲ ਚੱਲਦੇ ਸਮੇਂ ਜੈਬਰਾ ਕਰਾਸਿੰਗ ਤੋਂ ਮੁੱਖ ਸੜਕਾਂ ਨੂੰ ਪਾਰ ਕਰਨਾ ਚਾਹੀਦਾ ਹੈ ਕਿਉਂਕਿ ਕਿਸੇ ਹੋਰ ਥਾਂ ਤੋਂ ਸੜਕ ਪਾਰ ਕਰਨਾ ਦੁਰਘਟਨਾ ਨੂੰ ਸਿੱਧਾ ਸੱਦਾ ਸਾਬਤ ਹੋ ਸਕਦੀ ਹੈ। ਸਰਦੀਆਂ ਦੇ ਮੌਸਮ ਵਿੱਚ ਵੱਖੋ ਵੱਖਰੇ ਸਮਾਗਮ ਚੱਲਦਿਆਂ ਸੜਕਾਂ ਤੇ ਚਾਹ ਆਦਿ ਦਾ ਲੰਗਰ ਲਾਉਣਾ ਆਮ ਗੱਲ ਹੈ ਪਰੰਤੂ ਇੱਥੇ ਜ਼ਰੂਰੀ ਹੈ ਕਿ ਮੁੱਖ ਸੜਕ ਤੋਂ ਥੋੜਾ ਪਿੱਛੇ ਹੱਟਕੇ ਲੰਗਰ ਲਾਇਆ ਜਾਵੇ ਅਤੇ ਲੋਕਾਂ ਨੂੰ ਰੋਕਣ ਲਈ ਜੋ ਮਿੱਟੀ ਦੇ ਉੱਚੇ ਉੱਚੇ ਬੰਨ੍ਹਨੁਮਾ ਹੰਪ ਬਣਾਏ ਜਾਂਦੇ ਹਨ ਉਹਨਾਂ ਤੋਂ ਪਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਸੜਕ ਦੁਰਘਟਨਾ ਨਾ ਵਾਪਰੇ।

ਸਿਹਤ ਪ੍ਰਤੀ ਸੁਚੇਤ ਨਾਗਰਿਕ ਚੰਗੀ ਗੱਲ ਹੈ ਪਰੰਤੂ ਸੜਕਾਂ ਤੇ ਸੈਰ ਕਰਨਾ ਕਦੇ ਵੀ ਸਹੀ ਨਹੀਂ ਕਿਹਾ ਜਾ ਸਕਦਾ, ਇਸਦੇ ਲਈ ਮੈਦਾਨ ਜਾਂ ਪਾਰਕ ਆਦਿ ਵਿੱਚ ਸੈਰ, ਟਹਿਲ ਕਦਮੀ ਆਦਿ ਕੀਤੀ ਜਾ ਸਕਦੀ ਹੈ। ਲੋਕਾਂ ਵਿੱਚ ਸਵੈ ਜਾਗਰੂਕਤਾ, ਅਨੁਸ਼ਾਸਨ ਅਤੇ ਜਿੰਮੇਵਾਰੀ ਦੀ ਭਾਵਨਾ ਦੀਭਾਰੀ ਘਾਟ ਰੜਕਦੀ ਹੈ। ਸੜਕੀ ਨਿਯਮਾਂ ਸੰਬੰਧੀ ਅਣਗਹਿਲੀ ਲੋਕਾਂ ਦੇ ਸੁਭਾਅ ਦਾ ਹਿੱਸਾ ਬਣ ਗਈ ਹੈ ਪਰੰਤੂ ਜਿੱਥੇ ਸਖਤੀ ਹੁੰਦੀ ਹੈ ਉੱਥੇ ਇਹ ਤੀਰ ਵਾਂਗੂੰ ਸਿੱਧੇ ਹੋ ਜਾਂਦੇ ਹਨ ਕਿਉਂਕਿ ਚੰਡੀਗੜ ਵਿੱਚ ਪ੍ਰਸ਼ਾਸਨਿਕ ਸਖਤੀ ਦੇ ਚੱਲਦਿਆਂ ਆਪਣੇ ਵਾਹਨਾਂ ਨੂੰ ਚੰਡੀਗੜ ਦੇ ਖੇਤਰ ਵਿੱਚ ਲੈ ਕੇ ਜਾਂਦਿਆਂ ਹੀ ਇੱਕ ਦਮ ਜਿਆਦਾਤਰ ਲੋਕ ਯਾਤਾਯਾਤ ਦੇ ਨਿਯਮਾਂ ਦੀ ਪਾਲਣਾ ਕਰਨ ਲੱਗ ਜਾਂਦੇ ਹਨ ਅਤੇ ਪੰਜਾਬ ਵਿੱਚ ਉਹੀ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਰੱਖਦੇ ਹਨ।

ਸੜਕੀ ਨਿਯਮਾਂ ਦੀ ਪਾਲਣਾ ਦੂਜਿਆਂ ਦੇ ਨਾਲ ਨਾਲ ਸਾਡੀ ਆਪਣੀ ਜਾਨ ਦੀ ਸੁਰੱਖਿਆ ਲਈ ਜਰੂਰੀ ਹੈ। ਸੜਕੀ ਨਿਯਮਾਂ ਨੂੰ ਅਣਗੌਲਿਆਂ ਕਰਨ ਤੇ ਆਪਣੀ ਜਾਨ ਦੇ ਨਾਲ ਨਾਲ ਦੂਜੇ ਵਿਅਕਤੀਆਂ ਲਈ ਵੀ ਅਸੀਂ ਖਤਰਾ ਬਣ ਜਾਂਦੇ ਹਾਂ। ਆਦਰਸ਼ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸੜਕੀ ਨਿਯਮਾਂ ਪ੍ਰਤੀ ਸੁਚੇਤ ਰਹੇ ਅਤੇ ਪਾਲਣਾ ਯਕੀਨੀ ਬਣਾਏ।

ਧੁੰਦ ਵਿੱਚ ਡ੍ਰਾਈਵਿੰਗ ਕਰਦਿਆਂਵਾਹਨ ਤੋਂ ਵਾਹਨ ਦਾ ਫਾਸਲਾ ਜਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਜਰੂਰ ਰੱਖਿਆ ਜਾਵੇ। ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ ਵਿੱਚ ਵਹੀਕਲ ਚਲਾਉਣ ਲੱਗਿਆ ਪੂਰਾ ਧਿਆਨ ਅੱਗੇ ਰੱਖੋ, ਧੁੰਦ ਵਿੱਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਇਡ ’ਤੇ ਹੀ ਰੋਕੋ ਅਤੇ ਵਹੀਕਲ ਚਲਾਉਂਦੇ ਸਮੇਂ ਲਾਇਟਾਂ ਚਲਾ ਕੇ ਰੱਖੋ। ਵਾਹਨਾਂ ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ।

ਸੁਰੱਖਿਅਤ ਸਫਰ ਅਤੇ ਸੁਚੱਜੀ ਆਵਾਜਾਈ ਲਈ ਯਾਤਾਯਾਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜਰੂਰੀ ਹੈ ਕਿ ਲੋਕਾਂ ਵਿੱਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕੀਤੀ ਜਾਵੇ ਅਤੇ ਪ੍ਰਸ਼ਾਸਨ ਤਰਫੋਂ ਵਰਤੀ ਜਾਂਦੀ ਢਿੱਲ ਦੀ ਥਾਂ ਪੂਰੀ ਸਖਤੀ ਨੂੰ ਵੀ ਲਾਗੂ ਕੀਤਾ ਜਾਵੇ, ਇਹੀ ਸਮਾਜ ਅਤੇ ਲੋਕਾਂ ਦੇ ਹਿੱਤ ਵਿੱਚ ਹੈ ਅਤੇ ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਕਈ ਘਰਾਂ ਵਿੱਚ ਸੋਗ ਪਸਰਨ ਤੋਂ ਬਚਾ ਹੋ ਸਕਦਾ ਹੈ।

# ਚਮਕੌਰ ਦੀ ਜੰਗ (21 ਦਸੰਬਰ 1704)



ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ ਜਹਾਂਗੀਰ 3 ਨਵੰਬਰ, 1605 ਨੂੰ ਤਖਤ 'ਤੇ ਬੈਠਾ। ਉਸਦੇ ਜਬਰੀ ਧਰਮ ਪ੍ਰੀਵਰਤਨ ਦੇ ਖੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਰੂਹਾਨੀ ਅਗਵਾਈ ਦੂਸਰੀ ਸੰਸਾਰਕ ਅਗਵਾਈ ਦੀ। ਉਹਨਾਂ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋ ਕੇ ਸੰਤ-ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਿਤ ਫੌਜ ਵਜੋਂ ਜਥੇਬੰਦ ਕੀਤਾ। ਜਿਸ ਹੇਠ ਗੁਰੂ ਸਾਹਿਬ ਜੀ ਨੇ ਜੰਗਾਂ ਵੀ ਜਿੱਤੀਆਂ।

ਮਾਰਚ 30, 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਮੁਗਲ ਬਾਦਸ਼ਾਹ ਔਰੰਗਜੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸਨੇ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਹੋਈ ਸੀ। ਜ਼ੁਲਮ ਦਾ ਭਿਆਨਕ ਸਮਾਂ ਆਉਂਦਾ ਜਾਣ ਕੇ ਉਹਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸ਼ਤਰ ਅਤੇ ਸ਼ਾਸਤਰ ਅਭਿਆਸ ਵਿਚ ਨਿਪੁੰਨ ਕੀਤਾ। ਇਕ ਅਜਿਹੀ ਦ੍ਰਿੜ੍ਹ ਸ਼ਖਸੀਅਤ ਬਣਾਇਆ ਕਿ ਆਪਣੇ ਗੁਰ-ਪਿਤਾ ਜੀ ਨੂੰ ਧਰਮ ਦੀ ਰੱਖਿਆ ਕਰਨ ਲਈ ਕੁਰਬਾਨ ਹੋਣ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਹਨਾਂ ਦਾ ਸਾਹਿਬਜ਼ਾਦਾ ਸਿੱਖ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਲਾਸਾਨੀ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ। ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਉਹਨਾਂ ਜਾਣ ਲਿਆ ਕਿ ਹੁਣ ਧਰਮ ਅਤੇ ਸਵੈ-ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ ਜੂਝਣ ਤੋਂ ਬਿਨਾਂ ਕੋਈ ਚਾਰਾ ਨਹੀਂ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਸਾਹਿਬ ਜੀ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦਾ ਡੂੰਘਾ ਅਧਿਐਨ ਕੀਤਾ। ਉਹ ਮੁਗਲਾਂ ਦੇ ਸਮੇਂ ਸਮੇਂ ਕੀਤੇ ਜ਼ੁਲਮਾਂ ਤੋਂ ਜਾਣੂ ਹੋਏ। ਗੁਰੂ ਸਾਹਿਬ ਜੀ ਨੇ ਅਜਿਹੇ ਹਾਲਾਤਾਂ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਕੌਮ ਵਿਚ ਚੜ੍ਹਦੀਕਲਾ ਦਾ ਜਜ਼ਬਾ ਭਰਨ ਲਈ 1699 ਈ: ਵਿਚ ਖਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ ਤੇ ਪਹਿਰਾ ਦਿੱਤਾ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖਾਲਸਾ ਫੌਜੀ ਬਣਾਉਣਾ ਸੀ। ਵਿਉਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਜੀ ਨੂੰ ਉਥੇ ਹੀ ਟਿਕ ਜਾਣ ਲਈ ਜਗ੍ਹਾ ਦਿੱਤੀ। ਗੁਰੂ ਸਾਹਿਬ ਜੀ ਨੇ ਪਾਉਂਟਾ ਕਿਲਾ ਉਸਾਰ ਲਿਆ। ਗੁਰੂ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈਅ-ਭੀਤ ਸਨ। ਮੁਗਲ ਬਾਦਸ਼ਾਹ ਔਰੰਗਜੇਬ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਖੂਨੀ ਇਰਾਦਾ ਬਣਾ ਲਿਆ। ਇਸ ਲਈ ਜ਼ੁਲਮ ਖਿਲਾਫ ਟੱਕਰ ਹੋਣੀ ਲਾਜਮੀ ਸੀ। ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਜਿਵੇਂ ਭੰਗਾਣੀ, ਨੰਦੌਨ, ਗੁਲੇਰ ਹੁਸੈਨੀ, ਆਨੰਦਪੁਰ ਦੀ ਪਹਿਲੀ ਜੰਗ, ਨਿਰਮੋਹ, ਸਤਲੁਜ, ਬਸੌਲੀ, ਆਨੰਦਪੁਰ ਦੀ ਦੂਜੀ ਜੰਗ, ਸ਼ਾਹੀ ਟਿੱਬਾ, ਸਿਰਸਾ, ਖਿਦਰਾਣਾ ਅਤੇ ਵਿਸ਼ੇ ਅਧੀਨ ਚਮਕੌਰ ਸਾਹਿਬ ਦੀ ਜੰਗ।

ਚਲਦੀਆਂ ਜੰਗਾਂ ਵਿਚ ਆਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਸੈਨਿਕ ਤੰਗ ਆ ਚੁੱਕੇ ਸਨ। ਮੁਗਲ ਫੌਜਾਂ ਨੇ ਆਨੰਦਪੁਰ ਦਾ ਕਿਲਾ ਗੁਰੂ ਸਾਹਿਬ ਪਾਸੋਂ ਖਾਲੀ ਕਰਵਾਉਣ ਲਈ ਖਾਸ ਸਿਖਲਾਈ ਪ੍ਰਾਪਤ ਕੀਤੀ ਹੋਈ ਸੀ। ਫੌਜ ਦੇ ਘੇਰੇ ਵਿਚ ਗੁਰੂ ਸਾਹਿਬ ਜੀ ਕਿਲੇ ਵਿਚ ਡਟੇ ਹੇ। ਲੰਮੀ ਉਡੀਕ ਤੋਂ ਬਾਅਦ ਵੈਰੀ ਮਕਾਰੀ ਤੇ ਉਤਾਰ ਆਏ। ਉਹਨਾਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਸਾਹਿਬ ਜੀ ਆਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਨੇ 20 ਦਸੰਬਰ 1704 ਦੀ ਸਰਦ ਰਾਤ ਨੂੰ 400 ਸਿੰਘਾਂ ਸਮੇਤ ਆਨੰਦਪੁਰ ਛੱਡ ਦਿੱਤਾ।

ਸਿਆਲ ਦੀ ਕਕਰੀਲੀ ਤੂਫਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਿਰਸਾ ਨਦੀ ਤੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਦੁਸ਼ਮਣ ਦਾ ਰਾਹ ਰੋਕ ਕੇ ਲੜਦੇ ਰਹੇ। ਬਾਕੀਆਂ ਨੂੰ ਸਿਰਸਾ ਪਾਰ ਕਰਵਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ। ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਇਸ ਅਸਥਾਨ ਤੇ ਇਹਨਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਉਥੇ ਗੁਰਦੁਆਰਾ ਸਾਹਿਬ 'ਪਰਿਵਾਰ ਵਿਛੋੜਾ' ਸੁਸ਼ੋਭਿਤ ਹੈ। ਸਿਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਕੇ ਠਾਹਰ ਬਣਾਈ।

ਚੌਧਰੀ ਬੁਧੀਚੰਦ ਜ਼ਿਮੀਦਾਰ ਨੇ ਕਿਹਾ ਕਿ ਗੁਰੂ ਜੀ ਦੁਸ਼ਮਣ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉਚੀ ਹਵੇਲੀ ਕੱਚੀ-ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖਾਲਸੇ ਦਾ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣਾ ਹੈ। ਇੱਥੇ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਜੀ ਨ ਆਪਣੀ ਫੌਜੀ ਸੂਝ ਨਾਲ ਕੱਚੀ ਗੜ੍ਹੀ ਨੂੰ ਰਣਨੀਤੀ ਦੇ ਆਧਾਰ ਤੇ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਲਾਗਲੇ ਮੈਦਾਨਾਂ ਵਿਚ ਪਹੁੰਚ ਚੁੱਕੀਆਂ ਸਨ। ਇਕ ਪਾਸੇ ਗੁਰੂ ਜੀ ਦੇ ਨਾਲ ਲੰਮੇ ਜੰਗਾਂ ਦੀ ਥਕਾਵਟ ਨਾਲ ਸਤਾਏ ਭੁੱਖਣਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਸਨ। ਗੁਰੂ ਜੀ ਨੇ ਕਥਨ ਅਨੁਸਾਰ ਦੁਸ਼ਮਣ ਦੀ ਫੌਜ ਦੀ ਗਿਣਤੀ 10 ਲੱਖ ਸੀ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇੱਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਦੁਸ਼ਮਣ ਦੇ ਮੁੱਖ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਤੀਰ ਨਾਲ ਉਸਨੂੰ ਉਡਾ ਦਿੱਤਾ। ਫਿਰ ਗਨੀ ਖਾਨ ਅੱਗੇ ਆਇਆ। ਗੁਰੂ ਜੀ ਨੇ ਉਸਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈ-ਭੀਤ ਹੋ ਗਈਆਂ। ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇੱਕੋ ਹੱਲੇ ਨਾਲ ਕੱਚੀ ਗੜ੍ਹੀ ਸਰ ਕਰ ਲਈ ਜਾਵੇ ਤਾਂ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ। ਤਦ ਜਰਨੈਲ ਹਦਾਇਤ ਖਾਂ, ਇਜ਼ਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜ਼ਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉਚੀ ਮਮਟੀ ਤੇ ਚਲੇ ਗਏ। ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਗੜ੍ਹੀ ਦੇ ਮੁੱਖ ਦੁਆਰ ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜ਼ੇ ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀਕਲਾ ਵਿਚ ਸਨ। ਉਹਨਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਯੁੱਧਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਖੰਡਾ ਖੜਕਿਆ। ਤੀਰ ਨੇਜ਼ੇ ਤਲਵਾਰਾਂ ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਯੁੱਧ ਦਾ ਮੈਦਾਨ ਮਘ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਦਾ ਹੈ। ਚਮਕੌਰ ਦੀ ਧਰਤੀ ਖੂਨ ਨਾਲ ਰੰਗੀ ਗਈ। ਖੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਦਿਖਾਉਂਦੇ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜੱਥਾ ਮੈਦਾਨ ਵਿਚ ਉਤਾਰਿਆ, ਉਹ ਵੀ ਅਨੇਕਾਂ ਦੁਸ਼ਮਣਾਂ ਦਾ ਮੁਕਾਬਲੇ ਕਰਦੇ ਮਾਰ ਮੁਕਾਉਂਦੇ ਸ਼ਹੀਦੀ ਪਾ ਗਿਆ।

ਹੁਣ ਸਿੰਘ ਜਾਣ ਗਏ ਸਨ ਕਿ ਇੰਨੇ ਵੱਡੇ ਲਾਮ ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸਚਿਤ ਹਨ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ- ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ। ਗੁਰਾਂ ਨੇ ਆਪਣੇ ਹੱਥੀਂ ਸ਼ਸ਼ਤਰ ਦੇ ਕੇ ਅੱਠ ਸਿੰਘਾਂ ਦਾ ਜਥਾ ਨਾਲ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਤੇ ਵੈਰੀ ਦੀਆਂ ਛਾਤੀਆਂ ਵਿੰਨ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਗਏ ਪਰ ਸਾਹਿਬਜ਼ਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟਦੇ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ ਘੋੜਾ ਜ਼ਖਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਠੇ ਪੈ ਗਏ, ਵੈਰੀ ਨੇ ਇਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ ਪਰ ਸਾਹਿਬਜ਼ਾਦੇ ਦੇ ਜੌਹਰ ਤੇ ਉਹਨਾਂ ਨੂੰ ਮਾਣ ਸੀ। ਉਹਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਹਨਾਂ ਨੇ ਗੁਰ ਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਨਾਲ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜ਼ਾਂ ਸੂਤ ਲਿਆ। ਉਹ ਜਿੱਧਰ ਵੀ ਨੇਜ਼ਾ ਘੁੰਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। 'ਸਵਾ ਲਾਖ ਸੇ ਏਕ ਲੜਾਊਂ" ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਉਹ ਫਿਰ ਵੀ ਤੇਗ ਵਾਹੁੰਦੇ ਗਏ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਦੇ ਛਿਪਣ ਤੱਕ ਜੰਗ ਜਾਰੀ ਰਹੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਮੈਂ ਅਕਾਲ ਪੁਰਖ ਦੀ ਅਮਾਨਤ ਅਦਾ ਕੀਤੀ।

ਸੂਰਜ ਛਿਪਣ ਤੇ ਜੰਗ ਖਤਮ ਹੋਈ। ਸਿੰਘ ਗੁਰੂ ਜੀ ਨਾਲ ਕੱਚੀ-ਗੜ੍ਹੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਜੰਗ ਜਾਰੀ ਰਹੇਗੀ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਹੁਣ ਖਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਦਿਖਾਉਣੀ। ਧਰਮ ਹੇਤ ਕੁਰਬਾਨ ਹੋਣਾ ਹੈ। ਕੱਚੀ ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਓ।ਪੰਜ ਪਿਆਰਿਆਂ ਦੀ ਗੁਰੂ ਜੀ ਨਾਲ ਗੱਲ ਕਰਨ ਦੀ ਚੋਣ ਨਾਲ ਭਾਈ ਦਯਾਸਿੰਘ ਜੀ ਦੀ ਅਗਵਾਈ ਹੇਠ, ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਸੁਰੱਖਿਅਤ ਚਲੇ ਜਾਓ। ਪੰਜ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਗੁਰੂ ਜੀ ਨੇ ਦ੍ਰਿੜ੍ਹ ਹੋ ਕੇ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਸੁਣਾਇਆ। ਆਪਣੇ ਹਮ ਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ਼ ਉਤੇ ਖੜ੍ਹੇ ਹੋ ਕੇ ਵੰਗਾਰਿਆ ਕਿ 'ਪੀਰੇ ਹਿੰਦ ਮੇ ਰਵੱਦ'- ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਇੱਕਦਮ ਹੜਬੜੀ ਮੱਚ ਗਈ। ਰਾਹ ਵਿਚ ਮਿਸ਼ਾਲਚੀ ਪਹਿਰੇ ਤੇ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਫਿਰ ਤੋਂ 23 ਦਸੰਬਰ, 1704 ਦੀ ਸਵੇਰ ਨੂੰ ਦੁਸ਼ਮਣ ਨੇ ਹੱਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲ ਆਏ। ਜਮ ਕੇ ਟਾਕਰਾ ਹੋਇਆ। ਸਿੰਘਾਂ ਨੇ ਕਈ ਦੁਸ਼ਮਣਾਂ ਨੂੰ ਮਾਰ ਮੁਕਾਇਆ। ਗੁਰੂ ਦੇ ਰਾਹ ਤੇ ਗੁਰੂ ਦੇ ਵਾਅਦੇ ਤੇ ਵਾਰੋ-ਵਾਰੀ ਸ਼ਹੀਦੀਆਂ ਪਾ ਗਏ। ਉਹਨਾਂ ਨਿਡਰ ਯੋਧਿਆਂ ਦੀ ਲਾਸਾਨੀ ਕੁਰਬਾਨੀ ਕੌਮ ਵਿਚ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖਬਰ ਹੋਈ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ ਹਨ। ਪਰ ਇਹ ਤਾਂ ਇਕ ਭੁਲੇਖਾ ਸੀ।

ਗੁਰੂ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ ਸਨ। ਕੁਝ ਦਿਨਾਂ ਬਾਅਦ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਵੀ ਗੁਰੂ ਜੀ ਦੇ ਕੋਲ ਜਾ ਪਹੁੰਚੇ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ, ਗੁਰੂ ਜੀ ਨੂੰ ਇੱਥੇ ਹੀ ਮਿਲੀ। ਗੁਰੂ ਜੀ ਨੇ 'ਕਾਈ ਦੇ ਬੂਟੇ' ਨੂੰ ਉਖੇੜ ਕੇ ਫੁਰਮਾਇਆ ਕਿ ''ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।'

ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਕਵਿਤਾ ਵਿਚ ਚਿੱਠੀ ਲਿਖੀ, ਜਿਸਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ। ਉਸ ਵਿਚ ਵੀ ਚਮਕੌਰ ਦੀ ਜੰਗ ਦਾ ਬਿਰਤਾਂਤ ਹੈ।

# ਰਸਭਿੰਨਾ ਕੀਰਤਨ ਕਰਨ ਵਾਲੇ ਰਾਗੀ ਭਾਈ ਬਲਵਿੰਦਰ ਸਿੰਘ ਕੌਲ ਵਾਲੇ

ਪੰਜਾਬ ਦੇ ਵੰਡ ਵਾਰੇ ਸਮੇਂ ਭਾਰਤ ਅਤੇ ਪਕਿਸਤਾਨ ਦੇ ਲੋਕਾਂ ਦਾ ਦਰਦਨਾਕ ਮੰਜ਼ਰ ਦੇਖਣ ਨੂੰ ਮਿਲਿਆ। ਬਹੁਤ ਸਾਰੇ ਪਰਿਵਾਰ ਉੱਜੜ ਕੇ ਦੋਹਾਂ ਪਾਸੀਂ ਗਏ ਜਿਨ੍ਹਾਂ 'ਚੋਂ ਬਹੁਤਾਤ ਪੂਰਬੀ ਅਤੇ ਪੱਛਮੀ ਪੰਜਾਬ ਦੇ ਲੋਕਾਂ ਦੀ ਸੀ। ਇਨ੍ਹਾਂ ਵਿੱਚੋਂ ਹੀ ਸਵ: ਗਿਆਨੀ ਖਜ਼ਾਨ ਸਿੰਘ ਦਾ ਧਾਰਮਿਕ ਬਿਰਤੀ ਵਾਲਾ ਪਰਿਵਾਰ ਸੀ ਜੋ ਵੱਖ ਵੱਖ ਥਾਵਾਂ ਉੱਤੇ ਅਡੋਲਤਾ ਨਾਲ ਠਹਿਰਦਾ ਹੋਇਆ 1947 ਵਿੱਚ ਹੀ ਨਾਭਾ (ਪਟਿਆਲਾ) ਨੇੜਲੇ ਪਿੰਡ ਕੌਲ ਵਿਖੇ ਆ ਵੱਸਿਆ। ਉਨ੍ਹਾਂ ਇਥੇ ਗੁਰਦੁਆਰਾ ਸਾਹਿਬ ਦੀ ਨਿੱਤਨੇਮ ਦੀ ਸੇਵਾ ਸੰਭਾਲ ਲਈ। ਇਥੇ ਹੀ ਉਨ੍ਹਾਂ ਪੱਕੀ ਰਿਹਾਇਸ ਕਰ ਲਈ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਗਿਆਨੀ ਰਛਪਾਲ ਸਿੰਘ ਸੇਵਾ ਨਿਭਾ ਰਹੇ ਹਨ ।ਪਿੰਡ ਵਾਸੀ ਇਸ ਪਰਿਵਾਰ ਦਾ ਪੂਰਾ ਸਤਿਕਾਰ ਕਰਦੇ ਹਨ ਅਤੇ ਆਪਸੀ ਪਰਿਵਾਰਕ ਸਾਂਝ ਬਣੀ ਹੋਈ ਹੈ। ਗਿਆਨੀ ਰਛਪਾਲ ਸਿੰਘ ਦੇ ਵੱਡੇ ਬੇਟੇ ਬਲਵਿੰਦਰ ਸਿੰਘ ਨੇ ਪਰਿਵਾਰਕ ਧਾਰਮਿਕ ਸੰਸਕਾਰਾਂ ਸਦਕਾ ਅੰਡਰ ਮੈਟ੍ਰਿਕ ਸਮੇਂ ਹਰਮੋਨੀਅਮ ਸਿੱਖਿਆ ਉਸਤਾਦ ਅਜੈਬ ਸਿੰਘ ਸਫਰੀ ਪਾਸੋਂ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ । ਤਕਰੀਬਨ ਸੱਤ ਸਾਲ ਸਿੱਖਿਆ ਲੈਣ ਉਪਰੰਤ ਉਨ੍ਹਾਂ ਨੇ ਛੋਟੇ ਭਰਾ ਪਰਮਜੀਤ ਸਿੰਘ ਤਬਲਾ ਵਾਦਕ ਨਾਲ ਆਪਣਾ ਕੀਰਤਨੀ ਜੱਥਾ ਬਣਾ ਲਿਆ। ਉਨ੍ਹਾਂ ਦਾ ਵਿਆਹ 1889 ਵਿੱਚ ਬੀਬੀ ਹਰਜਿੰਦਰ ਕੌਰ ਪੁੱਤਰੀ ਸ੍ਰ. ਚਾਨਣ ਸ਼ਿੰਘ ਜਲੰਧਰ ਨਿਵਾਸੀ ਨਾਲ ਹੋਇਆ।ਦੋ ਭੈਣਾਂ ਬਲਵੀਰ ਕੌਰ ਅਤੇ ਕੁਲਵਿੰਦਰ ਕੌਰ ਆਪਣੇ ਘਰੀਂ ਸੁਖੀ ਵਸ ਰਹੀਆਂ ਹਨ। ਉਨ੍ਹਾਂ ਦੀ ਬੇਟੀ ਗੁਰਪ੍ਰੀਤ ਕੌਰ ਦਿੜਬਾ ਵਿਖੇ ਆਪਣੇ ਪਤੀ ਲਖਵਿੰਦਰ ਸਿੰਘ ਅਤੇ ਦੋ ਬੇਟਿਆਂ ਪ੍ਰਭਜੋਤ ਸਿੰਘ ਅਤੇ ਪ੍ਰਭਜਾਪ ਸਿੰਘ ਨਾਲ ਰਹਿ ਰਹੀ ਹੈ। ਉਨ੍ਹਾਂ ਦਾ ਬੇਟਾ ਹਰਪ੍ਰੀਤ ਸਿੰਘ ਪਟਿਆਲਾ ਵਿਖੇ ਗੁਰਸਿੱਖ ਪਰਿਵਾਰ 'ਚ ਰਾਗੀ ਸਿੰਦਰਪਾਲ ਸਿੰਘ ਦੀ ਬੇਟੀ ਰਾਜਦੀਪ ਕੌਰ ਨਾਲ ਵਿਆਹਿਆ ਹੋਇਆ ਹੈ। ਆਪਣੀ ਨੂੰਹ ਨੂੰ ਉਹ ਧੀ ਸਮਾਨ ਸਮਝਦੇ ਹਨ , ਜੋ ਪਰਿਵਾਰ ਨੂੰ ਸੁੱਚਜੇ ਢੰਗ ਨਾਲ ਚਲਾ ਰਹੀ ਹੈ। ਉਨ੍ਹਾਂ ਦਾ ਪੋਤਰਾ ਗੁਰਫਤਿਹ ਸਿੰਘ ਅਤੇ ਪੋਤਰੀ ਏਕਮਪ੍ਰੀਤ ਕੌਰ ਘਰ ਦੀ ਰੌਣਕ ਹਨ।



ਭਾਈ ਬਲਵਿੰਦਰ ਸਿੰਘ ਦੀ ਮਿੱਠੀ ਰਸੀਲੀ ਰਸਭਿੰਨੀ ਆਵਾਜ਼ ਸਦਕਾ ਉਨ੍ਹਾਂ ਨੂੰ ਮੁੰਬਈ, ਕਲਕੱਤਾ, ਗੁਜਰਾਤ, ਗੋਆ, ਅਹਿਮਦਾਬਾਦ, ਨਾਗਪੁਰ, ਰਾਂਚੀ, ਜੈਪੁਰ, ਜੋਧਪੁਰ, ਵੈਲਗੋਂ ਵਿਖੇ ਕੀਰਤਨ ਕਰਨ ਦਾ ਮੌਕਾ ਮਿਲਿਆ ਅਤੇ ਸਨਮਾਨ ਪ੍ਰਾਪਤ ਕੀਤੇ। ਉਨ੍ਹਾਂ ਨੇ 2007 ਵਿੱਚ ਸਿੰਗਾਪੁਰ, ਮਲੇਸ਼ੀਆ, ਥਾਈਲੈਂਡ ਵਿਖੇ ਕੀਰਤਨ ਕਰਨ ਦੀ ਸੇਵਾ ਨਿਭਾਈ ਅਤੇ ਸੰਗਤਾਂ ਦਾ ਬਹੁਤ ਪ੍ਰੇਮ ਪਿਆਰ ਅਤੇ ਸਤਿਕਾਰ ਮਿਲ਼ਿਆ। ਉਹ ਚਾਲੀ ਸਾਲ ਤੋਂ ਕੀਰਤਨ ਦੀ ਸੇਵਾ ਨਿਭਾ ਰਹੇ ਹਨ , ਇਲਾਕੇ ਵਿੱਚ ਕੀਰਤਨ ਸਮਾਗਮਾਂ ਵਿੱਚ ਉਨ੍ਹਾਂ ਦੀ ਹਾਜ਼ਰੀ ਤਕਰੀਬਨ ਹੁੰਦੀ ਹੈ। ਭਤੀਜਾ ਮੋਹਨ ਸਿੰਘ ਉਨ੍ਹਾਂ ਨਾਲ ਸਹਾਇਕ ਰਾਗੀ ਦੀ ਸੇਵਾ ਨਿਭਾ ਰਿਹਾ ਹੈ। ਫਤਿਹ ਟੀਵੀ ਨੇ ਉਨ੍ਹਾਂ ਦਾ ਸਬਦ 'ਦੁੱਖ ਭੰਜਨ ਤੇਰਾ ਨਾਮ' ਰਿਕਾਰਡ ਕੀਤਾ ਹੈ। ਪੰਜ ਸ਼ਬਦਾਂ ਦੀ ਰਿਕਾਰਡਿੰਗ ਨੂੰ ਯੂ-ਟਿਊਬ ਉੱਪਰ ਸੁਣਿਆ ਜਾ ਸਕਦਾ ਹੈ। ਉਨ੍ਹਾਂ ਦੇ ਬੇਟੇ ਹਰਪ੍ਰੀਤ ਸਿੰਘ ਨੇ ਤਬਲਾ ਵਾਦਕ ਦੀ ਸਿੱਖਿਆ ਲੈ ਲਈ ਜਿਸ ਨੇ ਦਰਬਾਰ ਵੀ ਸੇਵਾ ਨਿਭਾਈ ਅਤੇ ਹੁਣ ਕਨੇਡਾ ਵਿਖੇ ਗੁਰਦੁਆਰਾ ਸਾਹਿਬ ਵਿਖੇ ਸੇਵਾ ਨਿਭਾ ਰਿਹਾ ਹੈ । ਸਾਰਾ ਪਰਿਵਾਰ ਗੁਰਸਿੱਖੀ ਜੀਵਨ ਪੰਜ ਪੀੜ੍ਹੀਆਂ ਤੋਂ ਨਿਭਾਉਂਦਾ ਆ ਰਿਹਾ , ਵਾਹਿਗੁਰੂ ਜੀ ਇਸੇ ਤਰ੍ਹਾਂ ਅੱਗੇ ਤੋਂ ਵੀ ਪਰਿਵਾਰ ਨੂੰ ਸੇਵਾ ਬਖਸ਼ਿਸ ਕਰਨ ।

ਭਾਈ ਬਲਵਿੰਦਰ ਸਿੰਘ ਆਪਣੇ ਪਰਿਵਾਰ ਨਾਲ ਕਰਤਾਰ ਕਲੋਨੀ ਵਿਖੇ ਰਹਿ ਰਹੇ ਹਨ। ਉਨ੍ਹਾਂ ਦਾ ਸੰਪਰਕ ਨੰ. 9592065217 ਹੈ । ਉਨ੍ਹਾਂ ਦਾ ਸੁਭਾਅ ਬੜਾ ਮਿੱਠਾ ਮਿਲਣਸਾਰ ਨਿਮਰਤਾ ਵਾਲਾ ਹੈ। ਵਾਹਿਗੁਰੂ ਜੀ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖ਼ਸ਼ਣ ।

- ਮੇਜਰ ਸਿੰਘ ਨਾਭਾ (9463553962)

# ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ



ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ
ਬਖ਼ਸ਼ੇ ਮੋਤੀ ਅਨਮੋਲ ਮਨੁੱਖਤਾ ਨੂੰ,
ਗਾਵੇ ਕਿਉਂ ਨਾ ਗੁਣ ਸੰਸਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

1. ਅੰਮ੍ਰਿਤ ਸਰੋਵਰ ਵਿੱਚ ਕਮਲ ਦੇ ਫੁੱਲ ਵਾਂਗੂੰ,
ਮੇਰੇ ਸ਼ਹਿਨਸ਼ਾਹ ਹਰੀ ਦਾ ਦੁਆਰ ਰਚਿਆ।
ਚਹੁੰ ਕੂਟਾਂ ਦੀ ਸਾਰੀ ਮਨੁੱਖਤਾ ਲਈ,
ਸਰਬ ਸਾਂਝਾ ਤੈਂ ਗੁਰੂ ਦਰਬਾਰ ਰਚਿਆ।
ਚਾਰਾਂ ਵਰਨਾ 'ਚੋਂ ਆਏ ਨਿਸੰਗ ਕੋਈ,
ਹਰਿਮੰਦਰ ਸੱਭ ਲਈ ਸਾਂਝਾ ਇਕਸਾਰ ਰਚਿਆ।
"ਡਿੱਠੇ ਥਾਨ ਸੱਭੇ", ਨਹੀਓਂ ਏਸ ਵਰਗਾ,
ਅਨੂਠਾ, ਨੂਰੀ,ਇਲਾਹੀ ਸੰਸਾਰ ਰਚਿਆ।
"ਵਿਸ਼ਵ ਕੁਟੰਬ" ਲਈ ਰਚਿਆ ਅਸਥਾਨ ਸਾਂਝਾ,
ਸਦਕੇ ਜਾਵਾਂ ਮੈਂ, ਸਦਾ ਬਲਿਹਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

2. ਰਾਖੇ ਮਨੁੱਖਤਾ ਦੇ, ਹਾਮੀ ਏਕਤਾ ਦੇ,
ਸਾਂਝੀਵਾਲਤਾ ਦੇ ਆਲਮਬਰਦਾਰ ਜਿਹੜੇ।
ਜਾਤ-ਪਾਤ ਦੀ ਸੋਚ ਤੋਂ ਬਹੁਤ ਉੱਚੇ,
ਕਰ ਗਏ ਵਰਨਾਂ ਨੂੰ ਦਰਕਿਨਾਰ ਜਿਹੜੇ।
ਵਿਸ਼ਵ ਸ਼ਾਂਤੀ ਸਰਬੱਤ ਦੇ ਭਲੇ ਖ਼ਾਤਰ,
"ਸੰਤ" ਕਰਦੇ ਸਨ ਧਰਮ ਪ੍ਰਚਾਰ ਜਿਹੜੇ।
ਊਚ-ਨੀਚ ਦਾ ਭਰਮ ਮਿਟਾਉਣ ਖ਼ਾਤਰ,
ਤੁਰੇ ਸੱਚ ਦਾ ਕਰਨ ਵਪਾਰ ਜਿਹੜੇ।
ਰਚਿਆ ਗ੍ਰੰਥ ਸਾਂਝਾ, ਲੈ ਕੇ "ਗੁਰੂ ਬਾਣੀ"
ਮਿਲ਼ ਗਏ ਜਿਨ੍ਹਾਂ ਨਾਲ਼ ਸੁੱਚੇ ਵਿਚਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

3. ਸੁੱਚੇ ਗ੍ਰੰਥ ਦੀ ਤਾਬਿਆ ਪੰਥ ਕਰਕੇ,
ਦਾਤ ਕੀਰਤਨ ਦੀ ਬਖ਼ਸ਼ੀ ਅਨਮੋਲ ਦਾਤਾ।
ਬਰਸੇ ਨੂਰ ਇਲਾਹੀ ਹਮੇਸ਼ ਏਥੇ,
ਵਰ੍ਹਦੇ ਸਦਾ ਅਗੰਮੀ ਨੇ ਬੋਲ ਦਾਤਾ।
ਤਪਦੇ ਦਿਲਾਂ ਨੂੰ ਮਿਲ਼ੇ ਸਕੂਨ ਏਥੇ,
ਝਰਨੇ ਅੰਮ੍ਰਿਤ ਦੇ ਦਿੱਤੇ ਤੈਂ ਖੋਲ੍ਹ ਦਾਤਾ।
ਤੇਰੇ ਦਰ ਦੀ ਸਰਦਲ 'ਤੇ ਰੱਖ ਮੱਥਾ,
ਮਿਲ਼ਦੀ ਸ਼ਾਂਤੀ, ਆਪਾ ਪੜਚੋਲ ਦਾਤਾ।
ਸੁਣਕੇ ਗੁਰੂ ਬਾਣੀ, "ਕਾਗਹੁ ਹੰਸ" ਬਣਦੇ,
ਬਣਦੇ "ਮਨੁੱਖਾਂ ਤੋਂ ਦਿਉਤੇ" ਦਰਬਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

4. ਛੂਤਛਾਤ ਤੇ ਜਾਤਾਂ ਦਾ ਵੱਢ ਫ਼ਸਤਾ,
ਸੰਗਤ ਪੰਗਤ ਦਾ, ਰਸਤਾ ਅਖ਼ਤਿਆਰ ਕੀਤਾ ।
"ਭਗਤ-ਬਾਣੀ" ਨੂੰ ਦੇਕੇ ਖ਼ਿਤਾਬ ਉੱਚਾ,
ਆਪ ਨੀਵਾਂ ਹੋ, ਧਰਮ ਪ੍ਰਚਾਰ ਕੀਤਾ ।
ਕੂੜ, ਕੁਸੱਤ, ਕੁਰਹਿਤਾਂ 'ਤੇ ਰੋਕ ਲਾ ਕੇ,
ਮਾਨਵ ਜਾਤੀ ਨਾਲ਼ ਦਿਲੋਂ ਪਿਆਰ ਕੀਤਾ।
ਲਾਗੂ ਕਰਨ ਲਈ "ਨਾਨਕ ਦਾ ਮਿਸ਼ਨ" ਸੁੱਚਾ,
ਹਰ ਵੰਗਾਰ ਲਈ ਆਪਾ ਤਿਆਰ ਕੀਤਾ।
ਜਰ ਸਕੇ ਨਾ ਦੋਖੀ ਮਨੁੱਖਤਾ ਦੇ,
ਮਾਨਵ ਪ੍ਰੀਤ ਨਾ਼ਲ ਬਚਨ ਸਰਸ਼ਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

5. ਦੀਨ ਦੁੱਖੀ ਸਰਬੱਤ ਦੇ ਭਲੇ ਖ਼ਾਤਰ,
ਤੈਂ ਜੋ ਮਾਨਵ ਨੂੰ ਸੱਚਾ ਉਪਦੇਸ਼ ਦਿੱਤਾ।
"ਹਲੇਮੀ ਰਾਜ" ਦਾ ਸੁਪਨਸਾਜ ਬਣਕੇ,
ਬੇਗ਼ਮਪੁਰੇ ਦਾ ਸਾਂਝਾ ਸੰਦੇਸ਼ ਦਿੱਤਾ।
ਧਰਤੀ ਮੁਕਤ ਹੋਵੇ, ਤਸਕਰ ਲੋਟੂਆਂ ਤੋਂ,
ਨਗਰ-ਨਗਰ ਦਿੱਤਾ,ਦੇਸ਼ ਬਦੇਸ਼ ਦਿੱਤਾ।
ਰਾਸ ਆਏ ਨਾ ਮਨੂੰ ਦੇ ਪੁੱਤਰਾਂ ਨੂੰ ,
ਮਾਨਵ ਹਿਤੈਸ਼ੀਆ! ਸੁੱਚੇ ਵਿਚਾਰ ਤੇਰੇ।
ਤੈਨੂੰ ਸਿਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

6. ਮਾਨਵ ਦੋਖੀਆਂ ਜ਼ਬਰ ਦੀ ਹੱਦ ਕੀਤੀ,
ਤੂੰ ਵੀ ਸਬਰ ਦੀ ਹੱਦ ਮੁਕਾ ਦਿੱਤੀ।
ਜਿਉਣਾ ਕਿਵੇਂ ਹੈ, ਜਿਉਣ ਦੀ ਜੁਗਤ ਦੱਸੀ,
ਮਰਨਾ ਕਿਵੇ ਹੈ ਜਾਚ ਸਿੱਖਲਾ ਦਿੱਤੀ।
ਸੱਚ, ਧਰਮ ਤੇ ਅਣਖ ਦਾ ਬਣ ਪਾਂਧੀ,
ਦੀਨ ਦੁਖੀਆਂ ਲਈ ਜ਼ਿੰਦਗੀ ਲਾ ਦਿੱਤੀ।
ਪਰਚਮ ਸੱਚ ਦਾ ਰੱਖਿਆ ਸਦਾ ਉੱਚਾ,
ਜਾ਼ਬਰ ਜ਼ਾਲਮ ਦੀ ਧੌਣ ਝੁਕਵਾ ਦਿੱਤੀ।
ਐਸੀ ਬੀਜੀ ਤੈਂ ਫ਼ਸਲ ਸ਼ਹਾਦਤਾਂ ਦੀ,
ਬਗ਼ੀਚੇ, ਸ਼ਹੀਦਾਂ ਦੀ ਖਿੜੀ ਗੁਲਜ਼ਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

7. "ਬੋਹਿਥਾ ਬਾਣੀ" ਦਾ" ਗਿਆਨ ਦਾ ਮਹਾਂਸਾਗਰ",
ਸੂਰਜ ਸੱਚ ਦਾ, ਸੁੱਚਾ ਪ੍ਰਕਾਸ਼ ਤੇਰਾ।
ਸੁਮੇਰਪਰਬਤ ਤੋਂ ਉੱਚਾ ਕਿਰਦਾਰ ਤੇਰਾ,
ਗੁਣ- ਸਿਤਾਰਿਆਂ ਭਰਿਆ ਆਕਾਸ਼ ਤੇਰਾ।
ਦਿੱਤਾ ਆਸਰਾ ਬੰਦੇ ਨਿਆਸਰੇ ਨੂੰ,
ਬੇ-ਧਰਵਾਸੇ ਨੂੰ ਮਿਲ਼ਿਆ ਧਰਵਾਸ ਤੇਰਾ।
ਪਹਿਰੇਦਾਰ ਤੂੰ ਬਣਿਆ ਮਨੁੱਖਤਾ ਦਾ,
ਲੱਗਿਆ ਲੋਕ ਲੇਖੇ ਇੱਕ ਇੱਕ ਸਵਾਸ ਤੇਰਾ।
ਪ੍ਰਤੱਖ ਹਰੀ ਦੀ ਮੂਰਤ ਤੈਂ ਗੁਰੂ ਅਰਜਨ,
ਕਿਵੇਂ ਗੁਣ ਗਿਣੇ 'ਲਾਲ', ਦਾਤਾਰ ਤੇਰੇ।
ਤੈਨੂੰ ਸਿੱਜਦਾ ਲੱਖ ਕਰੋੜ ਵਾਰੀ
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ ।



ਲਾਲ ਸਿੰਘ ਸੁਲਹਾਣੀ
91-98721-55120

# ਸ਼ਰਮਾ ਭਾਬੀ ਜੀ



ਸੁਖਚਰਨ ਸਿੰਘ ਸਾਹੋਕੇ

ਉਹ ਇਕ ਨੇਕ ਦਿਨ ਇਨਸਾਨ ਅੱਜ ਮੈਨੂੰ ਆਪਣੇ ਖਿਆਲਾਂ ਵਿਚ ਸਤਾ ਰਹੀ ਸੀ ਅਤੇ ਬੜੀ ਹੀ ਯਾਦ ਆ ਰਹੀ ਸੀ।

ਭਾਵੇਂ ਉਹ ਪੰਡਿਤ ਸੀ ਪਰ ਜਾਤਾਂ-ਪਾਤਾਂ, ਊਚ-ਨੀਚ ਦੇ ਭੇਤਨੂੰ ਨਕਾਰਨ ਵਾਲੀ ਅਜਿਹੀ ਔਰਤ ਜੋ ਆਪਣੇ ਕੰਮ ਦੇ ਨਾਲ ਨਾਲ ਗੱਲਾਂ ਵੀ ਕਰੀਂ ਜਾਂਦੀ ਅਤੇ ਪਤਾ ਨਹੀਂ ਸੀ ਲੱਗਦਾ ਕਿ ਕਦੋਂ ਉਸਨੇ ਖਾਣਾ ਤਿਆਰ ਕਰਕੇ ਵੀ ਪਰੋਸ ਦਿੰਦੀ। 1984 ਦੇ ਦਿਨ ਸਨ, ਸ਼ਹਿਰ ਵਿਚ ਕਰਫਿਊ ਲੱਗਿਆ ਹੋਇਆ ਸੀ, ਅੱਤ ਗਰਦੀ ਦੇ ਦਿਨ ਸਨ- ਜੇਠ-ਾੜ ਦੇ।ਸਾਡਾ ਪਰਿਵਾਰ ਕਦੇ ਉਨ੍ਹਾਂ ਦੇ ਘਰ ਖਬਰਾਂ ਟੀ. ਵੀ. ਤੇ ਦੇਖਦਾ ਅਤੇ ਸਵੇਰ ਦਾ ਨਾਸ਼ਤਾ, ਦੁਪਹਿਰ ਦਾ ਖਾਣਾ ਵੀ ਖਾ ਲੈਂਦਾ ਅਤੇ ਫਿਰ ਉਹ ਵੀ ਸਾਡੇ ਘਰ ਰਾਤ ਦੇ ਖਾਣੇ ਤੇ ਆ ਜਾਂਦੇ, ਪਰ ਡਰ ਅਤੇ ਸਹਿਮ ਚਾਰੇ ਪਾਸੇ ਛਾਇਆ ਹੋਇਆ ਸੀ। ਬੱਤੀ ਵੀ ਵਾਰ ਵਾਰ ਜਾਂਦੀ ਰਹਿੰਦੀ ਸੀ। ਕੇਵਲ ਰੇਡੀਓ ਜਾਂ ਟੈਲੀਵਿਜ਼ਨ ਤੇ ਕੋਈ ਖਬਰ ਦੇਖਣ ਨੂੰ ਮਿਲਦਾ ਜੋ ਉਹ ਵੀ ਸੈਂਸਰ ਕਰ ਦਿੱਤੀ ਸੀ ਤਾਂ ਜੋ ਪੰਜਾਬ ਅਤੇ ਦੇਸ਼ ਦਾ ਸ਼ਾਂਤੀ ਮਾਹੌਲ ਖਰਾਬ ਨਾ ਹੋਵੇ। ਸ਼ਰਮਾ ਭਾਈ ਪੇਸ਼ੇ ਵਜੋਂ ਪ੍ਰਾਇਮਰੀ ਟੀਚਰ ਸੀ ਜੋ ਬਾਅਦ ਵਿਚ ਬੀ. ਓ. ਦੇ ਤੌਰ 'ਤੇ ਤਰੱਕੀ ਹੋ ਗਈ ਸੀ। ਬੱਚੇ ਉਨ੍ਹਾਂ ਨੂੰ "ਮੋਇਆ ਮਰ ਜਾਣਾ" ਕਹਿੰਦੇ ਸਨ, ਕਿਉਜੋ ਇਹ ਸ਼ਬਦ ਉਸਦਾ ਤਕੀਆ ਕਲਾਮ ਸੀ ਪਰ ਬਹੁਤ ਪਿਆਰ ਨਾਲ ਪੜ੍ਹਾਉਂਦੀ ਅਤੇ ਇਹ ਕਹਿਕੇ ਨਰਮ ਜਿਹੀ ਘੂਰ ਵੀ ਦੇ ਦਿੰਦੀ ਸੀ, ਤਾਂ ਜੋ ਅਨੁਸ਼ਾਸਨ ਵਿਚ ਵਿਘਨ ਨਾ ਪਵੇ। ਜਦੋਂ ਮਿਲਦੀ "ਪੁੱਤਰ ਮੈਂ ਤੇਰੇ ਵਾਸਤੇ ਵਰਤ ਰੱਖੇ ਹਨ ਅਤੇ ਮਾਤਾ ਮਨਸ਼ਾ ਦੇਵੀ ਕੋਲ ਤੇਰੇ ਘਰ ਪੁੱਤਰ ਵਾਸਤੇ ਬੇਨਤੀ ਕਰਦੀ ਹਾਂ।" ਮਨਸ਼ਾ ਪੂਰੀ ਹੋਣ ਤੇ ਮੱਥਾ ਟੇਕਣ ਤੈਨੂੰ ਮੈਂ ਆਪੇ ਲੈ ਜਾਵਾਂਗੀ।" 'ਭਾਬੀ' ਸ਼ਬਦ ਸ਼ਰਮਾ ਜੀ ਨੂੰ ਅਸੀਂ ਵੀਰ ਜੀ ਕਹਿਕੇ ਬੁਲਾਂਦੇ ਸੀ ਅਤੇ ਪਤਨੀ ਆਪੇ ਹੀ ਭਾਬੀ ਬਣ ਗਈ, ਪਰ ਹੈ ਸੀ ਮਾਵਾਂ ਵਰਗੀ।

"ਪੁੱਤਰ ਤੇਰੇ ਘਰ ਗੱਡੀ ਆਵੇ" ਮੈਂ ਮਾਤਾ ਰਾਣੀ ਨੂੰ ਹੁਣ ਇਹ ਸੁੱਖਿਆ ਹੈ। ਅਸੀਂ ਬੜੇ ਖੁਸ਼ ਹੁੰਦੇ, ਜਦੋਂ ਮੁਰਾਦ ਪੂਰੀ ਹੋ ਜਾਣੀ ਤਾਂ ਸਾਰੇ ਸੁੱਖ ਲਾਹੁਣ ਜਾਂਦੇ। ਆਪਣੇ ਲਈ ਤਾਂ ਸਭ ਕਰਦੇ ਨੇ ਪਰ ਉਹ ਸਰਬੱਤ ਦਾ ਭਲਾ ਮੰਗਦੀ ਸੀ। ਸਾਰੇ ਤਿਉਹਾਰ, ਵਿਆਹ-ਸ਼ਾਦੀਆਂ ਰਲ-ਮਿਲ ਕੇ ਮਨਾਉਣੇ ਅਤੇ ਇਕ-ਦੂਜੇ ਦਾ ਸਾਥ ਦਿੰਦੇ। ਖਾਸ ਕਰਕੇ 'ਹੋਲੀ' ਨੂੰ ਛੋਲੇ-ਪੂਰੀਆਂ ਦਾ ਲੰਗਰ ਹੁੰਦਾ ਅਤੇ ਭੰਗ ਦੇ ਪਕੌੜੇ ਵੀ ਅਭੁੱਲ ਯਾਦਾਂ ਬਣਾਉਂਦੇ। ਜਦੋਂ ਉਹ ਆਪਣਾ ਘਰ ਸੈਕਟਰ-15 ਵਾਲਾ ਵੇਚ ਕੇ ਪੰਚਕੂਲਾ ਚਲੇ ਗਏ ਤਾਂ ਉਨ੍ਹਾਂ ਦੀ ਸਾਨੂੰ ਬਹੁਤ ਹੀ ਘਾਟ ਮਹਿਸੂਸ ਹੁੰਦੀ। ਲੱਗਦਾ ਸੀ ਕੋਈ ਆਪਣਾ ਵਿਛੜ ਗਿਆ ਹੈ। ਪੰਚਕੂਲੇ ਉਨ੍ਹਾਂ ਦੀ ਦੋ ਕਨਾਲ ਦੀ ਵੱਡੀ ਕੋਠੀ ਸੀ ਅਤੇ ਤਰ੍ਹਾਂ-ਤਰ੍ਹਾਂ ਦੇ ਫਲਦਾਰ ਬੇਟੇ ਉਸਨੂੰ ਚਾਰ-ਚੰਨ ਲਾਉਂਦੇ ਸਨ। ਉਨ੍ਹਾਂ ਦੇ ਇਕੋ ਇਕ ਪੁੱਤਰ ਜੋ ਪੀ. ਐਚ. ਡੀ. ਕਰਦਾ ਕਰਦਾ ਜਪਾਨੀ ਕੁੜੀ ਨਾਲ ਹੀ ਵਿਆਹ ਕਰਵਾ ਲਿਆ। ਸ਼ਰਮਾ ਜੀ ਅਤੇ ਭਾਬੀ ਜੀ ਕਦੇ-ਕਦੇ ਉਨ੍ਹਾਂ ਨੂੰ ਮਿਲ ਆਉਂਦੇ ਅਤੇ ਦਸੰਬਰ ਮਹੀਨੇ ਵਿਚ ਉਹ ਪਰਿਵਾਰ ਸਮੇਤ ਆ ਜਾਂਦਾ। ਭਾਬੀ ਜੀ ਦੀ ਸਿਹਤ ਦਿਨੋ-ਦਿਨ ਖਰਾਬ ਰਹਿਣ ਲੱਗੀ ਅਤੇ ਉਨ੍ਹਾਂ ਨੂੰ ਅੰਤੜੀਆਂ ਦਾ ਕੈਂਸਰ ਹੋ ਗਿਆ ਸੀ ਪ੍ਰੰਤੂ ਉਹ ਸਾਰਾ ਦਿਨ ਅਤੇ ਰਾਤ "ਮਾਇਤਰੀ ਮੰਤਰ" ਅਤੇ "ਮੂਲ ਮੰਤਰ" ਦਾ ਪਾਠ ਕਰਦੇ ਰਹਿੰਦੇ। ਦੱਸਦੇ ਹੁੰਦੇ ਸੀ ਕਿ ਉਹ 11000/- ਵਾਰ ਤੋਂ ਵੱਧ ਪਾਠ ਕਰ ਲੈਂਦੇ ਸਨ। ਇਹ ਵੀ ਕਹਿੰਦੇ ਜਦੋਂ ਮੈਂ ਪਾਠ ਕਰਦੀ ਹਾਂ ਤਾਂ ਮੈਨੂੰ ਮੇਰਾ ਦੁੱਖ ਵੀ ਭੁੱਲ ਜਾਂਦਾ ਹੈ ਅਤੇ ਲੀਨ ਹੋ ਜਾਂਦੀ ਹਾਂ। ਸ਼ਰਮਾ ਜੀ ਦੇ ਮਾਤਾ ਜੀ ਨੇ ਸਾਰੇ ਧਰਮਾਂ ਦਾ ਅਧਿਐਨ ਕੀਤਾ ਹੋਇਆ ਸੀ। ਬਾਈਬਲ, ਗੀਤਾ, ਕੁਰਾਨ ਅਤੇ ਗੁਰੂਗ੍ਰੰਥ ਸਾਹਿਬ ਨੂੰ ਖੁਦ ਬੈਠ ਪੜ੍ਹਿਆ ਅਤੇ ਆਨੰਦ ਲਿਆ ਸੀ, ਜਿਸਦੇ ਸੰਸਕਾਰ ਭਾਬੀ ਜੀ ਵਿਚ ਸਨ। ਉਨ੍ਹਾਂ ਦੇ ਜਾਣ ਤੇ ਇੰਝ ਜਾਪਦਾ ਹੈ ਕਿ ਕੋਈ ਘਰ ਦਾ ਮੈਂਬਰ ਖੁਸ ਗਿਆ ਹੈ।

## ਪੁਕਾਰ

ਕਿਉਂ ਬੁੱਢੇ ਠੇਰੇ ਛੱਡ ਤੇ,
ਕਿਉਂ ਢਾਣੀਆਂ ਡੇਰੇ ਛੱਡ ਤੇ,
ਬੁੱਢਿਆਂ ਦਾ ਬੁਢੇਪਾ ਨਾ ਰੁਲਾਓ,
ਆਓ ਤੁਸੀਂ ਆਓ,
ਮੁੜ ਵਤਨੀਂ ਡੇਰਾ ਲਾਓ।

ਉਹ ਦਾਤੀ, ਥੌੜਿਆਂ ਵਾਲਿਓ,
ਉਹ ਹਲਾਂ, ਕਲਮਾਂ ਵਾਲਿਓ!
ਦੇਸ਼ ਦਾ ਧਨ ਬਚਾਓ,
ਆਓ ਤੁਸੀਂ ਆਓ,
ਮੁੜ ਵਤਨੀਂ ਡੇਰੇ ਲਾਓ।

ਕਿਉਂ ਪੰਜਾਬ ਤੇਰਾ ਰੁਲ ਰਿਹੈ,
ਜਵਾਨ ਨਸ਼ਿਆਂ ਵਿਚ ਰੁਲ ਰਿਹੈ,
ਪੰਜਾਬ ਦੀ ਜਵਾਨੀ ਬਚਾਓ!
ਆਓ ਤੁਸੀਂ ਆਓ,
ਮੁੜ ਵਤਨੀਂ ਡੇਰੇ ਲਾਓ।

-ਸੁਖਚਰਨ ਸਿੰਘ ਸਾਹੋਕੇ

# ਜੰਗ ਜਾਰੀ ਹੈ ਇਕ ਝਾਤ



ਡਾ. ਇਕਬਾਲ ਸਿੰਘ ਸਕਰੌਦੀ
91-84276-85020

"ਜੰਗ ਜਾਰੀ ਹੈ" ਕਾਵਿ ਸੰਗ੍ਰਹਿ ਦੇ ਰਚਨਾਕਾਰ ਸੁਰਿੰਦਰ ਸਿੰਘ ਸੀਰਤ ਮਾਨਵਵਾਦੀ ਵਿਚਾਰਧਾਰਾ ਨੂੰ ਪ੍ਰਣਾਇਆ ਕਵੀ ਹੈ। ਕਵੀ ਨੇ ਆਪਣੇ ਇਸ ਕਾਵਿ ਸੰਗ੍ਰਹਿ ਵਿੱਚ ਸੰਸਾਰ ਪੱਧਰ ਤੇ ਸੱਤਾ 'ਤੇ ਕਾਬਜ਼ ਸ਼ਕਤੀਸ਼ਾਲੀ ਧੜਿਆਂ ਵੱਲੋਂ ਘੱਟ ਗਿਣਤੀਆਂ, ਕੰਮੀਆਂ, ਕਿਰਤੀਆਂ, ਛੋਟੇ ਕਿਸਾਨਾਂ, ਖੇਤਾਂ ਅਤੇ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਘੱਟ ਕਰਨ, ਉਨ੍ਹਾਂ ਦੀ ਕਿਰਤ ਕਮਾਈ ਨੂੰ ਹੜੱਪਣ ਲਈ ਅਤੇ ਜੰਗਲਾਂ ਵਿੱਚ ਕਬੀਲਿਆਂ ਦੇ ਰੂਪ ਵਿੱਚ ਰਹਿ ਰਹੇ ਬਾਸ਼ਿੰਦਿਆਂ ਨੂੰ ਰੋਜ਼ੀ ਰੋਟੀ ਤੋਂ ਮੁਥਾਜ ਕਰਨ ਲਈ ਜੰਗਲਾਂ ਵਿਚਲੇ ਰਕਬੇ 'ਤੇ ਕਬਜ਼ਾ ਕਰਨ ਦੀਆਂ ਚੱਲੀਆਂ ਜਾ ਰਹੀਆਂ ਕੋਝੀਆਂ ਚਾਲਾਂ ਨੂੰ ਬਹੁਤ ਹੀ ਸਿੱਧੇ ਸਾਦੇ ਸਰਲ ਢੰਗ ਨਾ਼ਲ ਪੇਸ਼ ਕਰਕੇ ਜਿੱਥੇ ਉਨ੍ਹਾਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਚੇਤੰਨ ਹੋ ਕੇ ਆਪਣੇ ਆਪ ਨੂੰ ਸੰਗਠਿਤ ਕਰਕੇ ਸੰਘਰਸ਼ ਕਰਨ ਲਈ ਰਾਹ ਦਰਸ-ਾਇਆ ਹੈ, ਉੱਥੇ ਨਾ਼ਲ ਦੀ ਨਾ਼ਲ ਸਮਾਜ ਵਿਚਲੇ ਚੇਤਨਸੀਲ ਲੋਕਾਂ ਨੂੰ ਵੀ ਇਨ੍ਹਾਂ ਹਾਸ਼ੀਏ 'ਤੇ ਧੱਕੇ ਜਾ ਰਹੇ ਇਨਸਾਨਾਂ ਦਾ ਸਾਥ ਦੇਣ ਦੀ ਗੁਹਾਰ ਲਗਾਈ ਹੈ।




ਕਵੀ ਪੰਜਾਬ ਦੇ ਕਿਸਾਨਾਂ ਨੂੰ ਚੇਤਨ ਕਰਦਾ ਹੋਇਆ ਉਨ੍ਹਾਂ ਨੂੰ ਮਹਾਨ ਸਿੱਖ ਵਿਰਸੇ ਵਿਚਲੀ ਮਾਨਵਵਾਦੀ ਵਿਚਾਰਧਾਰਾ ਅਪਨਾਉਣ ਦੇ ਨਾ਼ਲ-ਨਾ਼ਲ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਈ ਇਨਕਲਾਬੀ ਲਹਿਰ ਨੂੰ ਅਪਨਾਉਣ ਦਾ ਵੀ ਹੋਕਾ ਦਿੰਦਾ ਹੋਇਆ ਲਿਖਦਾ ਹੈ -

ਅੰਸ਼ ਵਿੱਚ ਰਣਜੀਤ ਨਲਵੇ ਸ਼ੇਰ ਤੋਂ ਹਾਂ,
ਸਹਿ ਰਿਹਾ ਮੈਂ ਤੁਹਮਤਾਂ ਵੀ ਦੇਰ ਤੋਂ ਹਾਂ।
ਮੁਲਕ ਦਾ ਮੈਂ ਹੁਣ ਵੀ ਪਹਿਰੇਦਾਰ ਹਾਂ, ਪਰ
ਸੋਚ ਲੈ ਅੱਕਿਆ ਤਿਰੇ ਵੱਲ ਫ਼ੇਰ ਤੋਂ ਹਾਂ।

ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਰੂਸ ਅਤੇ ਯੂਕਰੇਨ ਦੀ ਜੰਗ ਵਿੱਚ ਹੋ ਰਹੀ ਤਬਾਹੀ ਤੋਂ ਕਵੀ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ ਹੈ। ਉਹ ਆਪਣੀ ਮਾਨਵਤਾਵਾਦੀ ਵਿਚਾਰਧਾਰਾ ਨੂੰ ਪ੍ਰਣਾਉਂਦਾ ਹੋਇਆ ਲਿਖਦਾ ਹੈ -

ਰੋਵਣਾ ਕੁਰਲਾਵਣਾ ਆਦਮ ਦਾ ਗਹਿਣਾ
ਧਾਤੂ ਧਰਮ ਧਰਵਾਸ ਲਈ ਹਰ ਕਰਮ ਸਹਿਣਾ।
ਕਰ ਗੁਜ਼ਰਦੈ ਅੱਤ ਉਹ ਮੂਰਖ਼ ਇਆਣਾ,
ਮਾਸੂਮੀਅਤ ਕੁਚਲਣ ਨੂੰ ਮੰਨਦੈ ਰੱਬੀ ਭਾਣਾ।

ਇਸੇ ਤਰ੍ਹਾਂ "ਜੇ ਸਕਤਾ ਸਕਤੇ ਕਉ ਮਾਰੈ" ਕਵਿਤਾ ਵਿੱਚ ਕਵੀ ਨੇ ਯੂਕਰੇਨ ਦੇ ਰਾਸ਼ਟਰਪਤੀ ਜ਼ੈਲੰਸਕੀ ਨੂੰ ਵਰਤਮਾਨ ਸਮੇਂ ਦਾ ਨਾਇਕ ਬਣਾ ਕੇ ਪੇਸ਼ ਕੀਤਾ ਹੈ, ਜਿਹੜਾ ਆਪਣੇ ਮੁਲਕ ਦੀ ਆਨ ਬਾਨ ਸ਼ਾਨ ਲਈ ਡਟ ਕੇ ਪੂਰੀ ਦ੍ਰਿੜ੍ਹਤਾ ਨਾ਼ਲ ਲੜ੍ਹ ਰਿਹਾ ਹੈ। ਇੱਥੇ ਉਹ ਜ਼ੈਲੰਸਕੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰੇਰਨਾ ਲੈਂਦਾ ਜਾਪਦਾ ਹੈ। ਜਿਸ ਪ੍ਰਕਾਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਸਲਤਨਤ ਦੇ ਜ਼ਬਰ ਜ਼ੁਲਮ ਨੂੰ ਆਪਣੀ ਸ਼ਕਤੀ ਨਾ਼ਲ ਰੋਕਿਆ ਸੀ, ਉਸੇ ਪ੍ਰਕਾਰ ਜ਼ੈਲੰਸਕੀ ਨੇ ਵੀ ਬੜੀ ਬਹਾਦਰੀ ਨਾ਼ਲ ਦੁਸ਼ਮਣ ਦੇ ਹਮਲੇ ਨੂੰ ਰੋਕਿਆ ਹੈ ਅਤੇ ਪੂਰੀ ਨਿਰਭੈਤਾ ਨਾ਼ਲ ਉਸ ਦਾ ਟਾਕਰਾ ਕੀਤਾ ਹੈ -

ਪਰ ਝੁਕਿਆ ਨਾ ਮਰਦ ਅਗੰਮੜਾ
ਖੜ੍ਹ ਗਿਆ ਉਹ ਪੈਰਾਂ ਤੇ ਆਪਣੇ,
ਲੋਕ ਹਿੱਤਾਂ ਦੀ ਸ਼ਕਤੀ ਫ਼ੜ ਕੇ।
ਜੰਗ ਹੱਕ ਦੀ ਉਹ ਲੜ੍ਹ ਰਿਹਾ ਹੈ।
ਜ਼ੈਲੰਸਕੀ ਦੋ ਅੱਜ ਦਾ ਹੀਰੋ
ਜੰਗ ਆਪਣੀ ਉਹ ਲੜ੍ਹ ਰਿਹਾ ਹੈ।

"ਜਿਤੁ ਜੰਮਹਿ ਰਾਜਾਨ" ਕਵਿਤਾ ਨੂੰ ਕਵੀ ਮਲਾਲਾ ਯੂਸਫਜ਼ਈ ਦੇ ਨਾਂ ਕਰਦਾ ਹੋਇਆ ਉਸ ਨੂੰ ਇਸਤਰੀ ਦੇ ਅਧਿਕਾਰਾਂ ਦੀ ਰਾਖੀ ਕਰਨ ਵਾ਼ਲੀ ਮੰਨਦਾ ਹੋਇਆ ਉਹ ਲਿਖਦਾ ਹੈ -

ਜਿੱਥੇ ਜਿੱਥੇ ਲੋਅ ਹੈ ਪਸਰੀ,
ਓਥੇ ਓਥੇ ਹਰ ਥਾਂ ਨਾਰੀ।
ਬਰਾਬਰ ਦੇ ਹੱਕ ਮੰਗ ਰਹੀ ਹੈ,
ਲੜ ਇਕ ਆਪਣੀ ਜੰਗ ਰਹੀ ਹੈ।

ਸੁਰਿੰਦਰ ਸਿੰਘ ਸੀਰਤ ਆਪਣੀ "ਹਾਸਿਲ" ਕਵਿਤਾ ਅਮਰੀਕੀ ਨੌਜਵਾਨ ਕਵਿੱਤਰੀ ਅਮੈਂਡਾ ਗੌਰਮਨ ਦੇ ਨਾਂ ਕਰਦਾ ਹੈ। ਅਮੈਂਡਾ ਗੌਰਮਨ ਲਾਸ ਏਂਜਲਸ, ਕੈਲੀਫੋਰਨੀਆ ਅਮਰੀਕੀ ਕਵਿੱਤਰੀ ਹੈ। ਜਿਹੜੀ ਜ਼ੁਲਮ, ਨਸਲੀ ਵਿਤਕਰਾ, ਨਾਰੀਵਾਦ ਅਤੇ ਹਾਸ਼ੀਏ ਉੱਤੇ ਧੱਕੇ ਲੋਕਾਂ ਦੇ ਮੁੱਦਿਆਂ ਨੂੰ ਆਧਾਰ ਬਣਾ ਕੇ ਕਵਿਤਾ ਰਚਦੀ ਰਹੀ ਹੈ। ਉਸ ਦੀ ਪ੍ਰਸਿੱਧ ਕਾਵਿ ਪੁਸਤਕ "ਦਾ ਵਨ ਫ਼ਾਰ ਹੋਮ ਫ਼ੂਡ ਇਜ਼ ਨੱਟ ਐਨਫ" 'ਤੇ ਬਹੁਤ ਛੋਟੀ ਉਮਰ ਵਿੱਚ ਹੀ ਰਾਸ਼ਟਰੀ ਯੁਵਕ ਪੁਰਸਕਾਰ ਪ੍ਰਾਪਤ ਕੀਤਾ ਹੈ। ਕਵੀ "ਹਾਸਿਲ" ਕਵਿਤਾ ਵਿੱਚ ਲਿਖਦਾ ਹੈ -

ਇੱਕੋ ਧਰਤੀ ਸੁੱਚਾ ਪਿੰਡਾ,
ਵੱਖ ਵੱਖ ਨਸਲਾਂ ਜਾਤੀਆਂ ਰੰਗਾਂ।
ਸਿਰਜਿਆ ਹੋਇਆ ਉਹ ਪਰਬਤ ਏ
ਜਿਸ 'ਤੇ ਹਰ ਹਾਲਤ ਵਿੱਚ ਚੜ੍ਹਨਾ।

ਸਮੁੱਚੇ ਰੂਪ ਵਿੱਚ ਸੁਰਿੰਦਰ ਸਿੰਘ ਸੀਰਤ ਦੀ ਕਵਿਤਾ ਅਜੋਕੇ ਪਾਠਕ ਨੂੰ ਮਾਨਵਤਾ ਦੇ ਧਾਰਨੀ ਹੋਣ ਦਾ ਅਤੇ ਸਰਬੱਤ ਦੇ ਭਲੇ ਵਾ਼ਲੀ ਸੋਚ ਦੇ ਧਾਰਨੀ ਹੋਣ ਦਾ ਵਧੀਆ ਸੁਨੇਹਾ ਲਾਉਂਦੀ ਹੈ। ਮੈਂ ਕਵੀ ਨੂੰ ਬਹੁਤ ਹੀ ਖ਼ੂਬਸੂਰਤ, ਸੁੰਦਰ, ਭਾਵਪੂਰਤ ਅਤੇ ਕਰੁਣਾਮਈ ਸ਼ੈਲੀ ਵਿੱਚ ਕਵਿਤਾਵਾਂ ਰਚਣ ਲਈ ਬਹੁਤ ਬਹੁਤ ਵਧਾਈਆਂ ਦਿੰਦਾ ਹਾਂ ਅਤੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਇਸ ਪੁਸਤਕ ਨੂੰ ਪੜ੍ਹਨ ਦਾ ਸੁਝਾਅ ਦਿੰਦਾ ਹਾਂ। *ਬਹੁਤ ਬਹੁਤ ਧੰਨਵਾਦ।*

# ਦੇਸ਼ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ



ਗੁਰਮੀਤ ਪਲਾਹੀ
91-98158-02070

ਦੇਸ਼ 'ਤੇ ਰਾਜ ਕਰਦੀ ਹਾਕਮ ਧਿਰ ਭਾਰਤੀ ਜਨਤਾ ਪਾਰਟੀ, ਤਿੰਨ ਸੂਬਿਆਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾਵਾਂ ਚੋਣਾਂ ਜਿੱਤਕੇ, ਦੇਸ਼ ਦੇ 12 ਸੂਬਿਆਂ ਵਿੱਚ ਆਪਣੀ ਸਰਕਾਰ ਬਨਾਉਣ 'ਚ ਸਫ਼ਲ ਹੋ ਗਈ ਹੈ। ਇਹਨਾ ਚੋਣਾਂ 'ਚ ਸਾਰੀਆਂ ਪਾਰਟੀਆਂ ਆਮ ਲੋਕਾਂ ਨੂੰ ਲਾਰੇ-ਲਾਪੇ ਲਾਏ ਗਏ, ਗਰੰਟੀਆਂ ਦਿੱਤੀਆਂ ਗਈਆਂ ਅਤੇ ਮੁੜ ਵੱਡਾ ਐਲਾਨ ਕੇਂਦਰ ਸਰਕਾਰ ਵਲੋਂ 2024 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਕਰ ਦਿੱਤਾ ਗਿਆ "ਦੇਸ਼ ਦੇ 80 ਕਰੋੜ ਲੋਕਾਂ ਨੂੰ 5 ਕਿਲੋ ਪ੍ਰਤੀ ਜੀਅ ਅਨਾਜ ਅਗਲੇ 5 ਸਾਲ ਵੀ ਮਿਲਦਾ ਰਹੇਗਾ" ਕਿੱਡਾ ਵੱਡਾ ਪਰਉਪਕਾਰ ਹੈ ਲੋਕਾਂ ਉਤੇ ਦੇਸ਼ ਦੇ ਵੱਡੇ ਹਾਕਮਾਂ ਦਾ।

ਨੌਕਰੀਆਂ ਰੁਜ਼ਗਾਰ ਕੋਈ ਨਹੀਂ। ਸਿੱਖਿਆ ਸਹੂਲਤਾਂ ਸਿਰਫ਼ ਨਾਅ ਦੀਆਂ। ਵਾਤਾਵਰਨ ਪੂਰੀ ਤਰ੍ਹਾਂ ਦੂਸ਼ਿਤ। ਰਹਿਣ-ਸਹਿਣ, ਖਾਣ ਪੀਣ, ਆਮ ਲੋਕਾਂ ਦਾ ਇਹੋ ਜਿਹਾ, ਜਿਹੋ ਜਿਹਾ ਸ਼ਾਇਦ ਹੀ ਦੁਨੀਆਂ ਦੇ ਬਹੁਤ ਘੱਟ ਲੋਕਾਂ ਦੇ ਹਿੱਸੇ ਹੋਏਗਾ। ਕੁਲੀ, ਗੁਲੀ, ਜੁਲੀ ਸੁਵਿਧਾ ਨੂੰ ਦੇਸ਼ ਦੇ ਵੱਡੀ ਗਿਣਤੀ ਨਾਗਰਿਕ ਜਿਵੇਂ ਤਰਸ ਹੀ ਗਏ ਹਨ। ਸਰੀਰਕ, ਮਾਨਸਿਕ ਪ੍ਰੇਸ਼ਾਨੀਆਂ ਉਹਨਾ ਦੀ ਚਿੰਤਾ ਹਨ।

ਨੈਸ਼ਨਲ ਕਰਾਈਮ ਰਿਕਾਰਡਜ਼ ਬਿਓਰੋ (ਐਨ.ਸੀ.ਆਰ.ਬੀ.) ਦੀ ਰਿਪੋਰਟ ਪੜ੍ਹੋ। ਭਾਰਤ 'ਚ ਰੋਜ਼ਾਨਾ ਔਸਤਨ 31 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਣੇ 114 ਦਿਹਾੜੀਦਾਰ ਖੁਦਕੁਸ਼ੀ ਕਰਦੇ ਹਨ। ਰਿਪੋਰਟ ਅਨੁਸਾਰ 2022 ਵਿੱਚ 1.70 ਲੱਖ ਖੁਦਕੁਸ਼ੀ ਦੇ ਮਾਮਲੇ ਦਰਜ਼ ਕੀਤੇ ਗਏ। (ਇਹ ਸਰਕਾਰੀ ਅੰਕੜੇ ਹਨ, ਗੈਰ-ਸਰਕਾਰੀ ਅੰਕੜੇ ਇਸ ਤੋਂ ਕਈ ਗੁਣਾ ਵਧ ਹੋਣਗੇ, ਕਿਉਂਕਿ ਲੋਕ ਚੁੱਪ-ਚੁਪੀਤੇ ਇਹੋ ਜਿਹੇ ਹਾਦਸਿਆਂ ਸਮੇਂ ਸੰਸਕਾਰ ਕਰ ਦਿੰਦੇ ਹਨ)। ਖੁਦਕੁਸ਼ੀਆਂ ਦੇ ਵੱਧ ਮਾਮਲੇ ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ 'ਚ ਹਨ। (ਜਿੱਥੇ ਹੁਣੇ ਜਿਹੇ ਭਾਰਤੀ ਜਨਤਾ ਪਾਰਟੀ ਜਿੱਤੀ ਹੈ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸੂਬੇ 'ਚ ਰਾਜ ਕਰਦੀ ਹੈ) ਚਿੰਤਾ ਵਾਲੀ ਗੱਲ ਤਾਂ ਇਹ ਵੀ ਹੈ ਕਿ ਇਹਨਾ ਸ਼੍ਰੇਣੀਆਂ ਭਾਵ ਕਿਸਾਨਾਂ, ਖੇਤ ਮਜ਼ਦੂਰਾਂ 'ਚ ਖੁਦਕੁਸ਼ੀ ਕਰਨ ਵਾਲਿਆਂ ਵਿੱਚ ਔਰਤਾਂ ਵੀ ਸ਼ਾਮਲ ਹਨ। ਰਿਪੋਰਟ ਇਹ ਵੀ ਕਹਿੰਦੀ ਹੈ ਕਿ ਇਹਨਾ ਖੁਦਕੁਸ਼ੀਆਂ ਕਰਨ ਵਾਲਿਆਂ 'ਚ 58.2 ਫ਼ੀਸਦੀ ਨੇ ਫਾਹਾ ਲਿਆ। 25.4 ਫ਼ੀਸਦੀ ਨੇ ਜ਼ਹਿਰ ਪੀਤੀ। 5 ਫ਼ੀਸਦੀ ਨੇ ਡੁੱਬ ਕੇ ਜਾਨ ਗੁਆਈ। ਕੀ ਸਮਾਜ ਵਿੱਚ ਖੁਦਕੁਸ਼ੀ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਨਹੀਂ ਹੈ? ਕੀ ਇਹ ਸਰਕਾਰ ਦਾ ਫਰਜ਼ ਨਹੀਂ ਕਿ ਉਹ ਆਰਥਿਕ ਤੰਗੀਆਂ ਤੁਰਸ਼ੀਆਂ ਨੂੰ ਦੂਰ ਕਰਨ ਹਿੱਤ ਇਹੋ ਜਿਹੇ ਪ੍ਰੋਗਰਾਮ ਉਲੀਕੇ, ਜੋ ਨਾਗਰਿਕਾਂ ਦੀ ਖੁਸ਼ਹਾਲੀ ਤੇ ਸੁਖਾਵੇਂ ਜੀਵਨ ਲਈ ਸਹਾਈ ਹੋ ਸਕਣ।

ਮਨੁੱਖੀ ਜ਼ਿੰਦਗੀ ਨਾਲ ਜੁੜਿਆ ਇੱਕ ਹੋਰ ਗੰਭੀਰ ਤੱਥ ਦੇਸ਼ 'ਚ ਵਿਚਾਰਨ ਯੋਗ ਹੈ। ਦੇਸ਼ ਜਦੋਂ ਅੱਜ ਹੋਰ ਵੱਡੀਆਂ ਅਲਾਮਤਾਂ ਦਾ ਸਾਹਮਣਾ ਕਰ ਰਿਹਾ ਹੈ, ਪੌਣਪਾਣੀ ਬਦਲੀ ਦੇਸ਼ ਲਈ ਗੰਭੀਰ ਚਣੌਤੀ ਬਣੀ ਹੋਈ ਹੈ। ਦੇਸ਼ ਦੇ 310 ਇਹੋ ਜਿਹੇ ਜ਼ਿਲਿਆਂ ਦੀ ਸ਼ਨਾਖਤ ਕੀਤੀ ਗਈ ਹੈ, ਜਿਥੇ ਇਸ ਤਬਦੀਲੀ ਦਾ ਅਸਰ ਹੋ ਰਿਹਾ ਹੈ, ਜਿਹੜਾ ਖੇਤੀਬਾੜੀ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ ਅਤੇ ਕਿਸਾਨਾਂ ਅਤੇ ਫ਼ਸਲਾਂ ਲਈ ਮਾਰੂ ਸਿੱਧ ਹੋ ਰਿਹਾ ਹੈ। ਸਿੱਟੇ ਵਜੋਂ ਕਿਸਾਨਾਂ ਦੀ ਆਰਥਿਕ ਹਾਲਾਤ ਚਿੰਤਾਜਨਕ ਹੋ ਰਹੀ ਹੈ। ਦੇਸ਼ 'ਚ ਕਿਸਾਨ ਅੰਦੋਲਨਾਂ ਦਾ ਵਧਣਾ ਉਹਨਾ 'ਚ ਫੈਲੀ ਬੇਚੈਨੀ ਅਤੇ ਅਸੰਤੁਸ਼ਟਤਾ ਦਾ ਸਿੱਟਾ ਹੈ।

ਇਸ ਬੇਚੈਨੀ ਨੂੰ ਦੂਰ ਕਰਨ ਲਈ ਸਾਰਥਿਕ ਯਤਨ ਨਹੀਂ ਹੋ ਰਹੇ। ਉਹਨਾ ਨੂੰ ਹਰ ਤੀਜੇ ਮਹੀਨੇ 2000 ਰੁਪਏ ਦੀ ਰਾਸ਼ੀ ਸਹਾਇਤਾ ਦੇ ਕੇ ਪੁਚਕਾਰਿਆ ਜਾ ਰਿਹਾ ਹੈ। ਜਦਕਿ ਵਿਕਾਸ ਯੋਜਨਾਵਾਂ ਦੇ ਨਾਅ ਉਤੇ ਉਹਨਾ ਦੀ ਜ਼ਮੀਨ ਹਥਿਆਈ ਜਾ ਰਹੀ ਹੈ, ਜਿਹੜੀ ਉਸਦੇ ਰੁਜ਼ਗਾਰ ਦਾ ਸਾਧਨ ਹੈ। ਜਦੋਂ ਕਿਸੇ ਵੀ ਵਿਅਕਤੀ ਨੂੰ ਆਰਥਿਕ ਪੱਖੋਂ ਤੋੜ ਦਿੱਤਾ ਜਾਏਗਾ ਤਾਂ ਉਸ ਪੱਲੇ ਨਿਰਾਸ਼ਾ ਤੋਂ ਬਿਨ੍ਹਾਂ ਹੋਰ ਕੁਝ ਪੱਲੇ ਹੀ ਨਹੀਂ ਬਚਦਾ।



ਦੇਸ਼ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਤੀ ਹੈ। ਕਿਸਾਨਾਂ, ਖੇਤ ਮਜ਼ਦੂਰਾਂ ਦੀ ਭੈੜੀ ਹਾਲਤ ਦੇ ਮੱਦੇਨਜ਼ਰ, ਉਹਨਾ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਘੱਟੋ-ਘੱਟ ਕੀਮਤ ਦੇਣ ਦੀ ਗੱਲ ਵੱਖੋ-ਵੱਖਰੀਆਂ ਸਰਕਾਰਾਂ ਵਲੋਂ ਕੀਤੀ ਜਾਂਦੀ ਰਹੀ ਹੈ। ਯੂ।ਪੀ।ਏ। ਸਰਕਾਰ ਵਲੋਂ ਖੇਤੀਬਾੜੀ ਸੁਧਾਰਾਂ ਬਾਰੇ ਸਵਾਮੀਨਾਥਨ ਰਿਪੋਰਟ ਵੀ ਲਿਆਂਦੀ ਗਈ ਸੀ, ਜਿਸ ਵਿੱਚ ਫ਼ਸਲਾਂ ਉਤੇ ਲਾਗਤ ਨਾਲ ਜਮ੍ਹਾਂ 50 ਫ਼ੀਸਦੀ ਮੁਨਾਫ਼ਾ ਕਿਸਾਨ ਨੂੰ ਦੇਣ ਦੀ ਸਿਫ਼ਾਰਸ਼ ਨਿਸ਼ਚਿਤ ਕੀਤੀ ਗਈ ਸੀ। ਸਵਾਮੀਨਾਥਨ ਰਿਪੋਰਟ ਵਿੱਚ 201 ਸਿਫਾਰਸ਼ਾਂ ਕਿਸਾਨਾਂ ਦੇ ਜੀਵਨ ਸੁਧਾਰ ਲਈ ਕੀਤੀਆਂ ਗਈਆਂ ਸਨ, ਪਰ ਮੋਦੀ ਸਰਕਾਰ ਵਲੋਂ ਵੀ ਇਸ ਮੁੱਦੇ 'ਤੇ ਕੋਈ ਧਿਆਨ ਨਹੀਂ ਦਿੱਤਾ ਗਿਆ। ਕਿਸਾਨ ਅੰਦੋਲਨ ਸਮੇਂ ਕਿਸਾਨਾਂ ਨਾਲ ਫ਼ਸਲਾਂ ਦੀ ਘੱਟੋ-ਘੱਟ ਕੀਮਤ ਮਿੱਥਣ ਬਾਰੇ ਵਿਚਾਰ ਕਰਨ ਦਾ ਫ਼ੈਸਲਾ ਹੋਇਆ ਸੀ, ਪਰ ਹਾਲੇ ਤੱਕ ਕੋਈ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਜਾ ਸਕੀ।

ਸਪਸ਼ਟ ਦਿਖਾਈ ਦੇ ਰਿਹਾ ਹੈ ਕਿ ਦੇਸ਼ ਵਿੱਚ ਮੰਦਹਾਲੀ ਹੈ, ਲੋਕਾਂ ਵਿੱਚ ਬੇਚੈਨੀ ਹੈ, ਦੇਸ਼ 'ਚ ਗਰੀਬ ਅਮੀਰ ਦਾ ਪਾੜਾ ਹੈ। ਬੇਰੁਜ਼ਗਾਰੀ ਦਾ ਦੈਂਤ ਦੇਸ਼ ਨੂੰ ਝੰਬ ਰਿਹਾ ਹੈ, ਪਰ ਦੇਸ਼ ਦੇ ਨੇਤਾ ਲੋਕ ਸਮੇਤ ਹਾਕਮ ਧਿਰ ਦੇ ਨੇਤਾ, ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਤੋਂ ਮੁੱਖ ਮੋੜੀ ਬੈਠੇ ਹਨ। ਧਰਮ, ਜਾਤ ਦੇ ਨਾਮ 'ਤੇ ਸਿਆਸਤ ਕਰਨ 'ਚ ਰੁਝੇ ਹਨ।

ਇੱਕ ਦੇਸ਼, ਇੱਕ ਬੋਲੀ, ਇੱਕ ਝੰਡਾ, ਇੱਕ ਸੰਵਿਧਾਨ ਜਿਹੇ ਨਾਹਰਿਆਂ ਹੇਠ ਲੋਕਾਂ ਨੂੰ ਭਰਮਿਤ ਕਰਨ 'ਚ ਰੁੱਝੇ ਇਹ ਨੇਤਾ ਆਮ ਲੋਕਾਂ ਦੀ ਤਾਂ ਪੀੜ ਹੀ ਭੁੱਲ ਬੈਠੇ ਹਨ। ਇਹ ਇੱਕ ਭਰਮ ਪਾਲ ਰਹੇ ਹਨ ਕਿ ਭਾਰਤ ਦੇਸ਼, ਦੁਨੀਆ ਦੀ ਤੀਸਰੀ ਸ਼ਕਤੀ ਬਨਣ ਵੱਲ ਅੱਗੇ ਵਧ ਰਿਹਾ ਹੈ।

ਜ਼ਰਾ ਧਿਆਨ ਕਰੋ ਅੰਤਰਰਾਸ਼ਟਰੀ ਰਿਪੋਰਟਾਂ ਵੱਲ। ਦੇਸ਼ 'ਚ ਬੇਰੁਜ਼ਗਾਰੀ ਦੀ ਦਰ 7।9 ਫ਼ੀਸਦੀ ਹੈ। ਇੱਕ ਰਿਪੋਰਟ ਅਨੁਸਾਰ 1000 ਨਵੇਂ ਜੰਮੇ ਬੱਚਿਆਂ 'ਚੋਂ 31 ਜਨਮ ਦੇ 5 ਵਰ੍ਹਿਆਂ ਦੌਰਾਨ ਹੀ ਮਰ ਜਾਂਦੇ ਹਨ। 485 ਮਿਲੀਅਨ (4.5 ਕਰੋੜ) ਲੋਕ ਅਤਿ ਦੇ ਗਰੀਬ ਹਨ। ਦੇਸ਼ 'ਚ ਮਹਿੰਗਾਈ ਦੇ ਇਸ ਦੌਰ 'ਚ ਪੇਂਡੂ ਨਿਵਾਸੀ ਔਸਤਨ 1095 ਰੁਪਏ ਪ੍ਰਤੀ ਮਹੀਨੇ ਅਤੇ ਸ਼ਹਿਰੀ ਨਿਵਾਸੀ ਔਸਤਨ 1286 ਰੁਪਏ ਮਹੀਨਾ ਕਮਾਉਂਦੇ ਹਨ। ਹੁਣ ਇਸ ਗੱਲ 'ਤੇ ਵੀ ਹੈਰਾਨ ਹੋਣ ਦੀ ਕੋਈ ਲੋੜ ਨਹੀਂ ਰਹੀ ਕਿ ਵਿਸ਼ਵ ਦੇ 125 ਦੇਸ਼ਾਂ ਵਿੱਚ ਭੁੱਖ ਮਰੀ ਦੇ ਮਾਮਲੇ 'ਚ ਭਾਰਤ ਦਾ 111 ਵਾਂ ਥਾਂ ਹੈ। ਪਿਛਲੇ ਵਰ੍ਹੇ ਇਹ ਸਥਾਨ 107 ਸੀ। ਭਾਵ ਪਿਛਲੇ ਸਾਲ ਨਾਲੋਂ ਵੀ ਇਸ ਨਾਲ ਭੁੱਖਮਰੀ 'ਚ ਵਾਧਾ ਹੋਇਆ ਹੈ।

ਵਿਡੰਬਨਾ ਵੇਖੋ, ਪਵਿੱਤਰ ਮੰਦਰਾਂ ਦੇ ਅਤੇ ਤੀਰਥ ਸਥਾਨਾਂ ਦੇ ਦਰਸ਼ਨਾਂ ਦੇ ਨਾਅ ਉਤੇ ਲੋਕਾਂ ਦੇ ਜ਼ਜ਼ਬਿਆਂ ਨਾਲ ਖੇਡਿਆ ਜਾ ਰਿਹਾ ਹੈ। ਫਿਰਕੂ ਫਸਾਦ ਆਮ ਗੱਲ ਬਣਾ ਦਿੱਤੀ ਗਈ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਦੇਸ਼ 'ਚ ਡਰ ਮਹਿਸੂਸ ਕਰ ਰਹੀਆਂ ਹਨ। ਇਥੋਂ ਤੱਕ ਕਿ ਖੇਤਰੀ ਭਾਸ਼ਾਵਾਂ ਦਾ ਗਲ ਘੁੱਟਣ ਲਈ ਨਵੀਂ ਰਾਸ਼ਟਰਪਤੀ ਸਿੱਖਿਆ ਨੀਤੀ ਲਾਗੂ ਕੀਤੀ ਜਾ ਰਹੀ ਹੈ।

ਜਿਵੇਂ ਖੇਤੀ ਤੇ ਖੇਤ ਕਾਰਪੋਰੇਟਾਂ ਦੇ ਪੱਲੇ ਪਾਉਣ ਦਾ ਦੇਸ਼ 'ਚ ਯਤਨ ਹੋਇਆ ਅਤੇ ਹੋ ਰਿਹਾ ਹੈ। ਹਰੀ ਕ੍ਰਾਂਤੀ ਦੇ ਸਬਜ਼ ਬਾਗ ਦਿਖਾਕੇ ਕਿਸਾਨਾਂ ਦੇ ਕਿੱਤੇ ਨੂੰ ਭਾਰੀ ਸੱਟ ਮਾਰੀ ਗਈ ਹੈ। ਉਵੇਂ ਹੀ ਰਾਸ਼ਟਰੀ ਸਿੱਖਿਆ ਨੀਤੀ ਦੇ ਨਾਅ ਉਤੇ "ਮਾਂ ਬੋਲੀਆਂ" ਨੂੰ ਅੱਖੋਂ-ਪਰੋਖੇ ਕਰਕੇ ਡਿਜ਼ੀਟਲ, ਕੰਪਿਊਟਰ, ਇੰਟਰਨੈੱਟ ਆਦਿ ਨੂੰ ਵਧੇਰੇ ਮਹੱਤਤਾ ਦੇਕੇ ਮਨੁੱਖ ਨੂੰ ਉਸਦੀ ਬੋਲੀ, ਸਭਿਆਚਾਰ ਤੋਂ ਦੂਰ ਕਰਕੇ ਇੱਕ ਮਸ਼ੀਨ ਦਾ ਰੂਪ ਦਿੱਤਾ ਜਾ ਰਿਹਾ ਹੈ। ਕਿੱਡਾ ਸੋਹਣਾ ਲਗਦਾ ਹੈ ਇਹ ਨਾਹਰਾ "ਦੁਨੀਆ ਸਿਰਫ਼ ਇੱਕ ਮੁੱਠੀ 'ਚ ਬੰਦ ਹੈ ਅਤੇ ਸਭ ਦੀ ਪਹੁੰਚ 'ਚ ਹੈ"। ਪਰ ਕੀ ਇਹ ਕੁਦਰਤੀ ਮਨੁੱਖੀ ਜੀਵਨ ਨਾਲ ਖਿਲਵਾੜ ਨਹੀਂ।

ਉਵੇਂ ਹੀ ਜਿਵੇਂ ਦੇਸ਼ ਵਿੱਚੋਂ ਜੰਗਲ ਉਜਾੜ ਦਿੱਤੇ ਗਏ, ਜਿਵੇਂ ਦਰਿਆਵਾਂ ਦੇ ਵਹਿਮ ਬਦਲ ਦਿੱਤੇ ਗਏ ਅਤੇ ਰੇਤ, ਬਜ਼ਰੀ ਖਨਣ ਨਾਲ ਮਾਫੀਏ ਦੀਆਂ ਝੋਲੀਆਂ ਭਰ ਦਿੱਤੀਆਂ ਗਈਆਂ। ਜਿਵੇਂ ਦੇਸ਼ 'ਚ ਨਿੱਜੀਕਰਨ ਦਾ ਦੌਰ ਚੱਲਿਆ। ਜਿਵੇਂ ਕਾਰਪੋਰੇਟਾਂ ਹੱਥ "ਸਿਆਸਤ' ਦੀ ਡੋਰ ਫੜਾ ਦਿੱਤੀ ਗਈ। ਜਿਵੇਂ ਸਿਆਸਤ ਵਿੱਚ ਆਮ ਲੋਕਾਂ ਨੂੰ ਨੁਕਰੇ ਲਾਕੇ ਧੰਨ-ਕੁਬੇਰਾਂ ਦਾ ਬੋਲ-ਬਾਲਾ ਕਰ ਦਿੱਤਾ ਗਿਆ। (ਉਦਾਹਰਨ ਵਜੋਂ ਹੁਣੇ ਹੋਈਆਂ ਛੱਤੀਸਗੜ੍ਹ ਵਿਧਾਨ ਸਭਾ ਚੋਣਾਂ 'ਚ 90 ਚੁਣੇ ਹੋਏ ਸਾਰਿਆਂ ਪਾਰਟੀਆਂ ਦੇ ਵਿਧਾਇਕਾਂ 'ਚ 72 ਕਰੋੜਪਤੀ ਹਨ।)ਉਵੇਂ ਤਾਂ ਫਿਰ ਦੇਸ਼ ਕੀ ਗੁਲਾਮਾਂ ਦੀ ਮੰਡੀ ਬਣਕੇ ਨਹੀਂ ਰਹਿ ਜਾਏਗਾ, ਕੀ ਇਹ ਗੱਲ ਕੋਈ ਝੂਠ ਹੋਵੇਗੀ?

ਜਿਸ ਢੰਗ ਨਾਲ ਮੌਜੂਦਾ ਹਾਕਮ ਦੇਸ਼ ਨੂੰ ਚਲਾ ਰਹੇ ਹਨ। ਇੱਕ ਪੁਰਖੀ, ਇੱਕ ਪਾਰਟੀ ਰਾਜ ਵੱਲ ਦੇਸ਼ ਨੂੰ ਵਧਾਇਆ ਜਾ ਰਿਹਾ ਹੈ। ਸੂਬਿਆਂ ਦੇ ਅਧਿਕਾਰ ਸੀਮਤ ਕਰਕੇ ਕੇਂਦਰ ਆਪਣੀ ਮਨ-ਮਰਜ਼ੀ ਕਰ ਰਿਹਾ ਹੈ। ਕੀ ਉਸ ਨਾਲ ਦੇਸ਼ ਲੋਕਤੰਤਰੀ ਲੀਹੋਂ ਨਹੀਂ ਲੱਥ ਜਾਏਗਾ?

ਦੇਸ਼ ਵਿੱਚ ਵਧ ਰਹੀ ਲੁੱਟ ਖਸੁੱਟ, ਕੁਨਬਾਪ੍ਰਵਰੀ, ਭ੍ਰਿਸ਼ਟਾਚਾਰ, ਦੇਸ਼ ਭਾਰਤ ਦੇ ਅਕਸ ਨੂੰ ਵਿਸ਼ਵ ਪੱਧਰੀ ਢਾਅ ਲਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦਾ ਹਨਨ ਦੇਸ਼ 'ਚ ਆਮ ਹੋ ਗਿਆ ਹੈ। ਹੈਂਕੜਬਾਜੀ ਦੀ ਸਿਆਸਤ ਨੇ ਲੋਕਾਂ ਦਾ ਸਾਹ ਸੂਤ ਲਿਆ ਹੋਇਆ ਹੈ।

ਦੇਸ਼ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ ਨੂੰ ਸਿਰ ਜੋੜਨ ਦੀ ਲੋੜ ਹੈ ਭਾਵੇਂ ਕਿ ਅੱਜ ਦੇਸ਼ ਦੀ ਪ੍ਰੈੱਸ, ਚਿੰਤਕ, ਲੇਖਕ, ਬੁੱਧੀਜੀਵੀ ਦੇਸ਼ ਦੇ ਹਾਕਮਾਂ ਦੇ ਨਿਸ਼ਾਨੇ 'ਤੇ ਹਨ, ਪਰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਲੋਕ ਕਦੇ ਵੀ ਦੇਸ਼ ਨੂੰ ਮੁੜ ਗੁਲਾਮੀ ਦੀਆਂ ਜੰਜੀਰਾਂ 'ਚ ਬੱਝਣ ਦੇਣਾ ਪ੍ਰਵਾਨ ਨਹੀਂ ਕਰਨਗੇ।

# 'ਸਾਰੀਆਂ ਜੂਨਾਂ ਦਾ ਸਰਦਾਰ 'ਇਨਸਾਨ' ਨਹੀਂ ਸੁਧਰ ਰਿਹਾ'



ਮੇਜਰ ਸਿੰਘ ਬੁਢਲਾਡਾ
94176 42327

ਕਹਿੰਦੇ ਨੇ "ਇਨਸਾਨ' ਨੂੰ ਸਾਰੀਆਂ ਲੱਖਾਂ ਦੀ ਤਦਾਦ ਜੂਨਾਂ ਦਾ ਸਰਦਾਰ ਮੰਨਿਆ ਗਿਆ ਹੈ, ਜੈਸਾ ਦਿਮਾਗ਼ ਇਸਨੂੰ ਮਿਲਿਆ ਹੈ, ਉਹ ਹੋਰ ਕਿਸੇ ਨੂੰ ਨਹੀਂ ਮਿਲਿਆ।" ਦੂਜੇ ਪਾਸੇ ਇਹ ਵੀ ਸੱਚ ਹੈ, ਹੁਣ ਤੱਕ ਸਾਰੀਆਂ ਜੂਨੀਆਂ ਦੇ ਸਰਦਾਰ ਨੂੰ ਜਿੰਨਾਂ ਮੱਤਾਂ ਦੇ ਦੇ ਸਮਝਾਇਆ ਗਿਆ ਜਾ ਸਮਝਾਇਆ ਜਾ ਰਿਹਾ ਹੈ, ਉਨ੍ਹਾਂ ਹੋਰ ਕਿਸੇ ਨੂੰ ਸਮਝਾਉਣ ਦੀ ਲੋੜ ਨਹੀਂ"। ਫਿਰ ਵੀ ਇਹ ਸਾਰੀਆਂ ਜੂਨੀਆਂ ਦਾ ਸਰਦਾਰ ਆਟੇ ਵਿੱਚ ਲੂਣ ਦੇ ਬਰਾਬਰ ਲੋਕਾਂ ਨੂੰ ਛੱਡਕੇ ਬਾਕੀ ਹਿੱਸਾ ਅਗਿਆਨਤਾ ਵਿੱਚ ਹੀ ਭਟਕਿਆ ਤੁਰਿਆ ਫਿਰਦਾ ਹੈ। ਇਹਨੇ ਜਿੰਨਾਂ ਆਪਣੀ ਅਕਲ ਦੀ ਗ਼ਲਤ ਵਰਤੋਂ ਕਰਕੇ ਆਪਣੇ ਦਿਮਾਗ਼ ਦਾ ਦਿਵਾਲਾ ਕੱਢਿਆ, ਉਨ੍ਹਾਂ ਹੋਰ ਕਿਸੇ ਨੇ ਨਹੀਂ ਕੱਢਿਆ। ਇਸਨੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਹੋਰਾਂ ਨੂੰ ਤਾਂ ਕੀ ਬਖਸ਼ਣਾ ਸੀ,ਆਪਣੇ ਖ਼ੂਨ ਦੇ ਰਿਸ਼ਤਿਆਂ ਅਤੇ ਨੇੜੇ ਦੇ ਸਾਕ ਸਬੰਧੀਆਂ ਨੂੰ ਵੀ ਨਹੀਂ ਬਖਸ਼ਿਆ।

ਦੁਨੀਆਂ ਵਿੱਚ ਬੇਅੰਤ ਗੈਰ ਕੰਮ, ਇਹਦੀ ਬੇਅਕਲੀ ਦੀ ਦੇਣ ਹਨ। ਇਹਨੂੰ ਸਮਝਾਉਣ ਲਈ ਸਿਆਣੇ ਮਹਾਂਪੁਰਸ਼ਾਂ, ਵਿਦਵਾਨਾਂ ਨੇ ਪਤਾ ਹੀ ਨਹੀਂ ਕਿੰਨਾਂ ਕੁਝ ਲਿਖ ਬੋਲ ਦਿੱਤਾ, ਕਿਨਾਂ ਕੁਝ ਅਜੇ ਹੋਰ ਲਿਖਣਾਂ ਬੋਲਣਾਂ ਪੈਣਾ, ਲਗਦਾ ਪੂਰੀ ਤਰਾਂ ਇਸਨੇ ਫਿਰ ਵੀ ਨਹੀਂ ਸਮਝਣਾ।

ਮੰਨਿਆਂ ਕਿ ਪਹਿਲੇ ਸਮੇਂ ਅੰਦਰ ਪ੍ਰਚਾਰ ਸਾਧਨਾਂ ਦੀ ਘਾਟ ਸੀ, ਹੋ ਸਕਦਾ ਸਾਰੇ ਇਨਸਾਨਾਂ ਕੋਲ ਸੰਤਾਂ ਮਹਾਂਪੁਰਸ਼ਾਂ ਸਿਆਣੇ ਲੋਕਾਂ ਦੀ ਗੱਲ ਨਾ ਵੀ ਪਹੁੰਚਦੀ ਹੋਵੇ, ਪਰ ਹੁਣ ਤਾਂ ਵਿਗਿਆਨ ਦੇ ਯੁੱਗ ਵਿੱਚ ਕੋਈ ਘਾਟ ਨਹੀਂ ਹੈ। ਨੈੱਟ ਰਾਹੀਂ ਕਿਸੇ ਵੀ ਥਾਂ ਬੈਠ ਹਰ ਗਿਆਨ ਭਰਪੂਰ ਪ੍ਰੋਗਰਾਮ ਸੁਣਿਆ ਪੜ੍ਹਿਆ ਜਾ ਸਕਦਾ ਹੈ। ਹੈਰਾਨ ਕਰਨ ਵਾਲੀ ਗੱਲ ਇਹ ਵੀ ਹੈ, ਅੱਜ ਜਦ ਸੰਤਾਂ ਮਹਾਂਪੁਰਸ਼ਾਂ ਵਿਦਵਾਨ ਗਿਆਨੀਆਂ ਦੀ ਕੋਈ ਘਾਟ ਨਹੀਂ, ਥਾਂ ਥਾਂ ਸੰਤ ਬਾਬੇ ਬੈਠੇ ਪ੍ਰਬਚਨ ਕਰ ਰਹੇ ਨੇ, ਉਥੇ ਲੋਕਾਂ ਦਾ ਵੱਡਾ ਇਕੱਠ ਵੀ ਵੇਖਿਆ ਜਾ ਸਕਦਾ ਹੈ, ਧਾਰਮਿਕ ਪ੍ਰੋਗਰਾਮਾਂ ਵਿੱਚ ਸੇਵਾ ਵਿੱਚ ਰੁੱਝੇ ਹੋਏ ,ਨਾਮ ਸਿਮਰਨ ਕਰਨ ਵਾਲੇ ਵੀ ਵਧੇਰੇ ਲੋਕ ਵੇਖੇ ਜਾ ਸਕਦੇ ਹਨ। ਫਿਰ ਵੀ ਹੇਰਾਂ ਫੇਰੀ, ਬੇਈਮਾਨੀ, ਅਪਰਾਧੀਆਂ ਤੇ ਭ੍ਰਿਸ਼ਟਾਚਾਰਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ।

ਭਾਰਤ ਵਿੱਚ ਤਾਂ ਇਹ ਲੱਖਾਂ ਜੂਨਾਂ ਦੇ ਸਰਦਾਰ ਨੇ ਸਦੀਆਂ ਤੋਂ ਇਨਸਾਨ ਨੂੰ ਜ਼ਾਤਾਂ ਪਾਤਾਂ ਵਿੱਚ ਵੰਡਕੇ ਅਣਗਿਣਤ ਪਾਬੰਦੀਆਂ ਲਾਕੇ ਮਨੁੱਖੀ ਅਧਿਕਾਰਾਂ ਦਾ ਘਾਂਣ ਕਰ ਛੱਡਿਆ ਹੈ। ਕਿੰਨੇ ਰਾਜ ਭਾਗ ਬਦਲੇ, ਬੜਾ ਸਿਆਣਿਆਂ ਮਹਾਂਪੁਰਸ਼ ਵਿਦਵਾਨ ਲੋਕਾਂ ਨੇ ਸਮਝਾਕੇ ਵੇਖ ਲਿਆ, ਗਿਆਨ ਵਿਗਿਆਨ ਦਾ ਯੁੱਗ ਅੰਦਰ ਸਗੋਂ ਉਲਟਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਣੇ ਸੰਵਿਧਾਨ ਅੰਦਰ ਕੁੱਝ ਕੁ ਰਿਆਇਤਾਂ ਦਾ ਚੋਗਾ ਪਾਕੇ 'ਜ਼ਾਤ' ਨੂੰ 'ਕਾਨੂੰਨੀ' ਬਣਾ ਦਿੱਤਾ ਗਿਆ ਹੈ।



ਇਹ ਲੱਖਾਂ ਜੂਨਾਂ ਦਾ ਸਰਦਾਰ ਨੇ ਇਕ ਦੂਜੇ ਦਾ ਸਾਥ ਦੇਣ ਤੇ ਬਰਾਬਰ ਲੈਕੇ ਜਾਣ ਦੀ ਬਜਾਇ ਆਪਣੀ ਨਿੱਜੀ ਹਿੱਤਾਂ ਦੀ ਪੂਰਤੀ ਲਈ ਆਪਣੇ ਆਪ ਨੂੰ ਉੱਚਾ ਤੇ ਦੂਜੇ ਨੂੰ ਨੀਵਾਂ ਦਿਖਾਉਣ ਲਈ ਵਥੇਰਾ ਕੰਮ ਕੀਤਾ ਅਤੇ ਕੀਤਾ ਜਾ ਰਿਹਾ ਹੈ। ਇਨਸਾਨ ਦੀ ਗ਼ਲਤ ਸੋਚ ਹੀ ਦੁਨੀਆਂ ਤੇ ਦੁੱਖਾਂ ਦਾ ਕਾਰਨ ਬਣੀ ਹੋਈ ਹੈ।

ਜਿਸ ਕਰਕੇ ਦੁਨੀਆਂ ਤੇ ਰਾਜੇ ਮਹਾਰਾਜੇ, ਮੰਤਰੀ, ਸੰਤਰੀ, ਲੁਟੇਰੇ, ਪੁਲਿਸ, ਫ਼ੌਜ ਜੇਲਾਂ ਹੋਂਦ ਵਿੱਚ ਆਉਣ ਤੇ ਵੀ ਇਹ ਇਨਸਾਨ ਨਹੀਂ ਸੁਧਰ ਰਿਹਾ।

ਜਿਸ ਦੀ ਵਜ੍ਹਾ ਕਰਕੇ ਇਹ ਦੁਨੀਆਂ ਤੇ ਕਰੋੜਾਂ ਲੋਕਾਂ ਨੂੰ ਭੁੱਖ ਅਤੇ ਬਿਮਾਰੀਆਂ ਨਾਲ ਬੇਵਕਤੀ ਮੌਤ ਮਰਨਾ ਪੈ ਰਿਹਾ ਹੈ। ਕਰੋੜਾਂ ਲੋਕਾਂ ਨੂੰ ਇਕ ਦੋ ਡੰਗ ਰੋਟੀ ਵੱਲੋਂ ਭੁੱਖਾ ਰਹਿਣਾ ਪੈ ਰਿਹਾ। ਵਧੇਰੇ ਲੋਕਾਂ ਨੂੰ ਆਪਣੀ ਲੋੜ ਲਈ ਆਪਣੇ ਬੱਚੇ, ਆਪਣਾ ਜਿਸਮ ਤੱਕ ਵੇਚਣਾ ਪੈ ਰਿਹਾ ਅਤੇ ਅਨੇਕਾਂ ਲੋਕਾਂ ਨੂੰ ਗੈਰ ਕਾਨੂੰਨੀ ਕੰਮ ਕਰਨੇ ਪੈ ਰਹੇ ਹਨ। ਦੂਜੇ ਪਾਸੇ ਥੋੜ੍ਹੀ ਗਿਣਤੀ ਦੇ ਲੋਕ ਦੁਨੀਆਂ ਦੀ ਹਰ ਐਸ਼ੋ ਆਰਾਮ ਦੀਆਂ ਸਹੂਲਤਾਂ ਨਾਲ ਮਾਲੋਮਾਲ ਹੋਏ ਪਏ ਹਨ, ਇਹਨਾਂ ਦੇ ਕੁੱਤੇ ਬਿੱਲੇ ਪਸ਼ੂ ਜਾਨਵਰ ਵੀ ਸ਼ਾਹੀ ਠਾਠ ਨਾਲ ਚੰਗੇ ਤੋਂ ਚੰਗਾ ਖਾਂਦੇ ਪੀਂਦੇ ਰਹਿੰਦੇ ਹਨ, ਜਿਹੜਾ ਕਿਰਤੀ ਲੋਕਾਂ ਨੂੰ ਬਾਰਾਂ ਘੰਟੇ ਕੰਮ ਕਰਨ ਤੇ ਵੀ ਨਸੀਬ ਨਹੀਂ ਹੁੰਦਾ। ਜਦੋਂ ਕਿ ਕੁਦਰਤ "ਰੱਬ, ਰਾਮ, ਅੱਲ੍ਹਾ, ਗੌਡ, ਪ੍ਰਮਾਤਮਾ" ਨੇ ਇਨਸਾਨ ਨੂੰ ਦੂਜਿਆਂ ਤੋਂ ਆਪਣੇ ਆਪ ਨੂੰ ਸ੍ਰੇਸ਼ਟ ਮੰਨਣ ਵਾਲਿਆਂ ਸਮੇਤ ਸਾਰਿਆਂ ਨੂੰ ਇਸ ਤਰਾਂ ਸਾਜਿਆ ਹੈ, ਇਨਸਾਨ ਦੇ ਵਧੀਆ ਤੋਂ ਵਧੀਆ ਵੀ ਛਾਂਟ ਕੇ ਹਰ ਤਰਾਂ ਦੇ ਸਸਤੇ ਮਹਿੰਗੇ ਪਕਵਾਨ ਖਾਧੇ ਪੀਤੇ ਨੂੰ ਇਸ ਸਰੀਰ ਅੰਦਰ 'ਮਲ ਮੂਤਰ' ਵਿੱਚ ਤਬਦੀਲ ਕਰ ਦਿੱਤਾ ਹੈ ਅਤੇ ਸਵੇਰੇ ਉੱਠਣ ਤੇ ਬਾਅਦ ਪਹਿਲਾਂ ਕੰਮ ਇਨਸਾਨ ਨੂੰ ਆਪਣੇ ਹੱਥਾਂ ਨਾਲ ਖ਼ੁੱਦੂ ਇਹ 'ਮਲ਼ ਮੂਤਰ' ਸਾਫ਼ ਆਪ ਕਰਨਾ ਪੈਂਦਾ ਹੈ। ਜੇ ਇਹ ਮਲ਼ ਮੂਤਰ ਵਾਲੇ ਹੱਥ ਪਾਣੀ ਨਾਲ ਸਾਫ ਪਾਕ ਪਵਿੱਤਰ ਹੋ ਸਕਦੇ ਹਨ, ਫਿਰ ਹੋਰ ਉਹ ਇਨਸਾਨ ਕਿਉਂ ਨਹੀਂ ਹੋ ਸਕਦੇ, ਜਿਹਨਾਂ ਨੂੰ ਤੁਸੀਂ ਜ਼ਾਤ-ਪਾਤ ਕਰਕੇ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹੋਂ? ਜਿਹੜੇ ਤੁਹਾਡੇ ਘਰਾਂ, ਖੇਤਾਂ, ਦੁਕਾਨਾਂ, ਫੈਕਟਰੀਆਂ, ਕਾਰਖਾਨਿਆਂ ਸੀਵਰੇਜ਼ ਆਦਿ ਵਿੱਚ ਕੰਮ ਕਰਕੇ ਤੁਹਾਡੀ ਕਮਾਈ ਅਤੇ ਵਧੀਆ ਜ਼ਿੰਦਗੀ ਜਿਊਣ ਵਿੱਚ ਕੰਮ ਕਰਦੇ ਹਨ। ਇਹਨਾਂ ਲੋਕਾਂ ਨਾਲ ਇਨਸਾਨਾਂ ਵਾਲਾ ਸਲੂਕ ਕਿਉਂ ਨਹੀਂ ਕੀਤਾ ਜਾ ਰਿਹਾ?

ਵੱਸ ਇਹੋ ਇਨਸਾਨ ਦੀ ਗ਼ਲਤ ਸੋਚ ਤੇ ਗ਼ਲਤ ਲਾਲਚ ਦੇ ਕਾਰਨ ਹਰ ਤਰਾਂ ਦਾ ਅਪਰਾਧ ਹੋ ਰਿਹਾ ਹੈ। ਦੁਨੀਆਂ ਵਿੱਚ ਮਾਰ-ਮਰਾਈ, ਲੜਾਈ-ਝਗੜੇ ਬੇਇਨਸਾਫ਼ੀ, ਧੋਖੇਬਾਜ਼ੀ, ਆਪਸੀ ਰੰਜਿਸ਼, ਇਕ ਦੇਸ਼ ਦੀ ਦੂਜੇ ਦੇਸ਼ ਨਾਲ ਜੰਗ ਵਿੱਚ ਪਤਾ ਨਹੀਂ ਹੁਣ ਤੱਕ ਕਿੰਨੇ ਕੁ ਲੋਕ ਮਾਰੇ ਜਾ ਚੁੱਕੇ ਹਨ ਪਤਾ ਨਹੀਂ ਕਿੰਨੇ ਹੋਰ ਮਾਰੇ ਜਾਣੇ ਹਨ, ਜਿਸਦਾ ਕਿਸੇ ਨੂੰ ਕੋਈ ਪਤਾ ਨਹੀਂ ਹੈ। ਇਨਸਾਨੀਅਤ ਸ਼ਰਮਸਾਰ ਹੋ ਰਹੀ ਹੈ। ਸਾਰੀਆਂ ਜੂਨਾਂ ਦਾ ਸਰਦਾਰ 'ਇਨਸਾਨ' ਫਿਰ ਵੀ ਨਹੀਂ ਸੁਧਰ ਰਿਹਾ।

# ਖੁਸ਼ ਰਹਿਣ ਦਾ ਇਸ ਤੋਂ ਵਧੀਆ ਤਰੀਕਾ ਕੀ ਹੈ?



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਹਰ ਪਲ ਕੁਝ ਨਾ ਕੁਝ ਵਾਪਰਨ ਦਾ ਡਰ ਅਤੇ ਅਸੁਰੱਖਿਆ ਦੀ ਭਾਵਨਾ ਨੇ ਮਨੁੱਖੀ ਸੁਭਾਅ ਦੇ ਮਾੜੇ ਪਹਿਲੂਆਂ ਨੂੰ ਉਜਾਗਰ ਕੀਤਾ ਹੈ। ਮਨੁੱਖ ਸੁਭਾਅ ਤੋਂ ਇੰਨਾ ਵਿਲੱਖਣ ਹੈ ਕਿ ਉਹ ਸ਼ਰਮ, ਦੋਸ਼, ਡਰ, ਤਣਾਅ ਅਤੇ ਡਰ ਵਰਗੀਆਂ ਭਾਵਨਾਵਾਂ ਨੂੰ ਆਪਣੇ ਆਪ ਹੀ ਮਹਿਸੂਸ ਕਰਦਾ ਹੈ। ਹਰ ਯੁੱਗ ਵਿੱਚ ਪਰਮਾਤਮਾ ਦੀ ਖੋਜ ਅਤੇ ਮੁਕਤੀ ਦਾ ਮਾਰਗ ਇੱਕ ਬਹੁਤ ਹੀ ਸਧਾਰਨ ਸਿਧਾਂਤ 'ਤੇ ਕੰਮ ਕਰਦਾ ਹੈ: ਖੁਸ਼ ਕਿਵੇਂ ਰਹਿਣਾ ਹੈ? ਮੇਰੇ ਖਿਆਲ ਵਿੱਚ ਇਸ ਬੁਨਿਆਦੀ ਸਵਾਲ ਦੇ ਹੱਲ ਲਈ ਸਾਨੂੰ ਆਪਣੇ ਦੁੱਖਾਂ ਦੀ ਜੜ੍ਹ ਤੱਕ ਜਾਣਾ ਪਵੇਗਾ। ਜਵਾਬ ਸਾਡੇ ਅੰਦਰ ਕਿਤੇ ਛੁਪਿਆ ਹੋਇਆ ਹੈ।ਵਰਤਮਾਨ ਵਿੱਚ, ਅਮਰੀਕੀ ਜੀਵਨ ਸ਼ੈਲੀ ਦੇ ਨਿਯਮ ਪੈਸੇ, ਦੌਲਤ ਅਤੇ ਐਸ਼ੋ-ਆਰਾਮ ਨਾਲ ਖੁਸ਼ੀ ਦੇ ਰਸਤੇ ਨੂੰ ਜੋੜਦੇ ਹਨ। ਜਦੋਂ ਕਿ ਕੁਝ ਲੋਕ ਸਹੀ ਜੀਵਨ ਸਾਥੀ, ਆਪਣੇ ਸਿਰ 'ਤੇ ਛੱਤ ਅਤੇ ਸੁਰੱਖਿਅਤ ਨੌਕਰੀ ਨੂੰ ਖੁਸ਼ੀ ਪ੍ਰਾਪਤ ਕਰਨ ਦਾ ਸਾਧਨ ਮੰਨਦੇ ਹਨ। ਹਾਲਾਂਕਿ ਜੀਵਨ ਹਮੇਸ਼ਾ ਮੁਸ਼ਕਲ ਰਿਹਾ ਹੈ, ਪਰ ਮਹਾਂਮਾਰੀ ਤੋਂ ਬਾਅਦ ਦੀਆਂ ਚੁਣੌਤੀਆਂ ਅਤੇ ਆਰਥਿਕ ਮੰਦੀ ਨੇ ਸਮੱਸਿਆਵਾਂ ਨੂੰ ਹੋਰ ਵਧਾ ਦਿੱਤਾ ਹੈ। ਤਲਾਕ, ਅੱਤਵਾਦ, ਕੰਮ ਦੇ ਤਣਾਅ, ਆਰਥਿਕ ਅਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਆਦਿ ਦੀਆਂ ਵਧਦੀਆਂ ਘਟਨਾਵਾਂ ਇਹ ਸਾਰੀਆਂ ਸਮੱਸਿਆਵਾਂ ਦਰਸਾਉਂਦੀਆਂ ਹਨ ਕਿ ਕਿਵੇਂ ਝੂਠੀ ਹਉਮੈ ਅਤੇ ਸੁੱਖ-ਸਹੂਲਤਾਂ 'ਤੇ ਨਿਰਭਰਤਾ ਵੱਡੇ ਪੱਧਰ 'ਤੇ ਦੇਖੀ ਜਾ ਸਕਦੀ ਹੈ।ਆਰ ਖੁਸ਼ੀ ਨੂੰ ਪ੍ਰਭਾਵਿਤ ਕਰਦਾ ਹੈ। ਮੇਰੇ ਖਿਆਲ ਵਿੱਚ, ਕੁਝ ਨਿਯਮ ਸਾਡੇ ਲਈ ਲਾਭਦਾਇਕ ਹੋ ਸਕਦੇ ਹਨ - ਜ਼ਿੰਦਗੀ ਦਾ ਇੱਕ ਮਕਸਦ ਹੁੰਦਾ ਹੈ, ਜਿਸ ਨੂੰ ਪੂਰਾ ਕਰਕੇ ਤੁਸੀਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹੋ। ਅੰਦਰੂਨੀ ਖੁਸ਼ੀ ਸਾਡੇ ਤੋਂ ਖੋਹੀ ਨਹੀਂ ਜਾ ਸਕਦੀ।

ਸੱਚੇ ਰਿਸ਼ਤਿਆਂ ਰਾਹੀਂ ਇਸ ਭੌਤਿਕ ਸੰਸਾਰ ਵਿੱਚ ਖੁਸ਼ੀ ਪਾਈ ਜਾ ਸਕਦੀ ਹੈ। ਭਟਕਣ ਦੀ ਬਜਾਏ, ਜੋ ਤੁਸੀਂ ਚਾਹੁੰਦੇ ਹੋ, ਕਰੋ। ਆਪਣੇ ਡਰ ਅਤੇ ਤਣਾਅ ਨੂੰ ਦੂਰ ਕਰੋ। ਸਿਹਤਮੰਦ ਮਨ ਤੁਹਾਡੇ ਸਰੀਰ ਨੂੰ ਵੀ ਤੰਦਰੁਸਤ ਰੱਖੇਗਾ। ਖੁਸ਼ੀ ਅਤੇ ਸੰਤੁਸ਼ਟੀ ਨਾਲ ਭਰੇ ਕਦਮ ਜ਼ਿੰਦਗੀ ਦਾ ਸਾਰਥਕ ਹੋਣਾ ਜ਼ਰੂਰੀ ਹੈ ਅਤੇ ਇਹ ਅਰਥ ਜਿੰਨਾ ਜ਼ਿਆਦਾ ਪ੍ਰੇਰਨਾਦਾਇਕ ਹੋਵੇਗਾ, ਓਨਾ ਹੀ ਬਿਹਤਰ ਹੈ। ਖੁਸ਼ੀ ਉਦੋਂ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ ਜਦੋਂ ਤੁਸੀਂ ਜ਼ਿੰਦਗੀ ਅਰਥਹੀਣ ਲੱਗਦੀ ਹੈ ਅਤੇ ਤੁਸੀਂ ਇਕੱਲੇ ਮਹਿਸੂਸ ਕਰਨ ਲੱਗਦੇ ਹੋ। ਅਸੀਂ ਸੁਣਦੇ ਆਏ ਹਾਂ ਕਿ 'ਪਰਿਵਾਰ ਹੀ ਸਭ ਕੁਝ ਹੈ', ਪਰ ਇਹ ਸੱਚ ਨਹੀਂ ਹੈ ਕਿਉਂਕਿ ਅਰਥ ਅਤੇ ਉਦੇਸ਼ ਸਰਵਉੱਚ ਹਨ। ਤੁਸੀਂ ਕੰਮ, ਪਰਿਵਾਰ, ਪਿਆਰ, ਨਿੱਜੀ ਵਿਕਾਸ, ਸੇਵਾ, ਸਿੱਖਿਆ, ਸ਼ੌਕ, ਦੋਸਤੀ ਅਤੇ ਰਚਨਾਤਮਕਤਾ ਵਿੱਚੋਂ ਆਪਣਾ ਮਤਲਬ ਚੁਣ ਸਕਦੇ ਹੋ। ਜ਼ਿਆਦਾਤਰ ਲੋਕ ਪਰਿਵਾਰ, ਦੋਸਤੀ, ਦੁੱਖ ਅਤੇ ਕੰਮ ਦੀ ਚੋਣ ਕਰਦੇ ਹਨ, ਪਰ ਉੱਚ ਕਦਰਾਂ-ਕੀਮਤਾਂ ਬਾਰੇ ਕੀ ਜੋ ਵਧੇਰੇ ਸਥਾਈ ਅਤੇ ਸੁਰੱਖਿਅਤ ਖੁਸ਼ੀ ਪ੍ਰਦਾਨ ਕਰ ਸਕਦੇ ਹਨ। ਮੈਂ ਆਪਣੇ ਲਈ ਪਿਆਰ, ਕੁਰਬਾਨੀ, ਸੇਵਾ ਅਤੇ ਨਿੱਜੀ ਵਿਕਾਸ ਦੀ ਚੋਣ ਕਰਾਂਗਾ। ਅਸਲ ਵਿੱਚ ਇੱਕ ਪਰਿਵਾਰ ਵੀ ਅੱਗੇ ਵਧਦਾ ਹੈ। ਇਸ ਲਈ, ਆਪਣੇ ਜੀਵਨ ਦੇ ਉਦੇਸ਼ਾਂ ਨੂੰ ਉੱਚਾ ਰੱਖੋ, ਤਾਂ ਜੋ ਬਦਲਾਅ ਤੁਹਾਡੇ 'ਤੇ ਅਸਰ ਨਾ ਪਵੇ। ਅਸੀਂ ਅੰਦਰਲੀ ਖੁਸ਼ੀ ਬਾਰੇ ਇੰਨਾ ਕੁਝ ਸੁਣਦੇ ਹਾਂ ਕਿ ਇਹ ਅਰਥਹੀਣ ਲੱਗਣ ਲੱਗਦੀ ਹੈ। ਹਾਲਾਂਕਿ, ਜਦੋਂ ਤੁਸੀਂ ਇਕੱਲੇ ਬੈਠੇ ਹੋਏ ਵੀ ਖੁਸ਼ ਮਹਿਸੂਸ ਕਰਦੇ ਹੋ, ਤਾਂ ਸਮਝੋ ਕਿ ਤੁਸੀਂ ਅੰਦਰੂਨੀ ਖੁਸ਼ੀ ਪ੍ਰਾਪਤ ਕਰ ਲਈ ਹੈ।

ਇਸ ਨੂੰ ਇੱਕ ਵਾਕ ਵਿੱਚ ਕਹਿਣ ਲਈ, ਜੇ ਤੁਸੀਂ ਵਰਤਮਾਨ ਵਿੱਚ ਰਹਿ ਕੇ ਖੁਸ਼ ਮਹਿਸੂਸ ਕਰ ਸਕਦੇ ਹੋ, ਤਾਂ ਤੁਸੀਂ ਖੁਸ਼ ਹੋ ਸਕਦੇ ਹੋ। ਪਦਾਰਥਵਾਦ ਦੀ ਬਜਾਏ ਰਿਸ਼ਤਿਆਂ 'ਤੇ ਧਿਆਨ ਦਿਓ। ਅਮਰੀਕੀ ਅਰਥਵਿਵਸਥਾ ਦੇ ਅਨੁਸਾਰ, ਵਧੇਰੇ ਮਹਿੰਗੀਆਂ, ਵੱਡੀਆਂ ਅਤੇ ਨਵੀਆਂ ਚੀਜ਼ਾਂ ਬਿਹਤਰ ਹਨ। ਅਸੀਂ ਇਸ ਸੋਚ ਨੂੰ ਨਹੀਂ ਬਦਲ ਸਕਦੇ, ਪਰ ਅਸੀਂ ਸਮਝ ਸਕਦੇ ਹਾਂ ਕਿ ਇਹ ਧਾਰਨਾ ਕਿੰਨੀ ਖੋਖਲੀ ਹੈ। ਖੋਜ ਦਰਸਾਉਂਦੀ ਹੈ ਕਿ ਕਾਫ਼ੀ ਪੈਸਾ ਕਮਾਉਣ ਤੋਂ ਬਾਅਦ, ਇਸਦਾ ਮਹੱਤਵ ਘਟਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਤੁਸੀਂ ਵੀ ਆਪਣੀ ਆਮਦਨ ਦੇ ਆਧਾਰ 'ਤੇ ਖੁਦ ਦਾ ਨਿਰਣਾ ਕਰਦੇ ਹੋ ਤਾਂ ਕੋਈ ਸਮੱਸਿਆ ਖੜ੍ਹੀ ਹੋ ਸਕਦੀ ਹੈ, ਕਿਉਂਕਿ ਫਿਰ ਤੁਸੀਂ ਹਮੇਸ਼ਾ ਆਪਣੇ ਨਾਲੋਂ ਬਿਹਤਰ ਤਨਖਾਹ ਵਾਲੇ ਲੋਕ ਦੇਖਦੇ ਹੋ। ਇਸ ਲਈ ਇਹ ਜ਼ਰੂਰੀ ਹੈ ਕਿ ਸੱਚੇ ਰਿਸ਼ਤੇ ਹੋਣ ਜੋ ਤੁਹਾਨੂੰ ਦਰਸਾਉਂਦੇ ਹਨ।

ਇਹ ਕੰਪਿਊਟਰ ਜਾਂ ਕਾਰ ਖਰੀਦਣ ਨਾਲੋਂ ਵਧੇਰੇ ਗੁੰਝਲਦਾਰ ਹੈ, ਪਰ ਇਹ ਬਿਲਕੁਲ ਉਹੀ ਹੈ ਜਿਸਦੀ ਲੋੜ ਹੈ। ਆਪਣਾ ਧਿਆਨ ਭਟਕਣ ਨਾ ਦਿਓ। ਹੋਰ ਸਮਾਂ ਆਉਂਦਾ ਹੈ ਜਿੰਨਾ ਜ਼ਿਆਦਾ ਤੁਸੀਂ ਸਮਾਰਟਫੋਨ, ਇੰਟਰਨੈੱਟ ਅਤੇ ਵੀਡੀਓ ਗੇਮਾਂ 'ਤੇ ਖਰਚ ਕਰੋਗੇ, ਮਹੱਤਵਪੂਰਨ ਕੰਮਾਂ ਲਈ ਓਨਾ ਹੀ ਘੱਟ ਸਮਾਂ ਬਚੇਗਾ। ਅਸੀਂ ਜਾਣਦੇ ਹਾਂ ਕਿ ਮਹਾਨਤਾ ਕਿੰਨੀ ਮਹੱਤਵਪੂਰਨ ਹੈ, ਪਰ ਇਹ ਰੋਜ਼ਾਨਾ ਦੀਆਂ ਭਟਕਣਾਵਾਂ ਦਇਆ ਅਤੇ ਸਹਿਯੋਗ ਦੀਆਂ ਭਾਵਨਾਵਾਂ ਨੂੰ ਤਬਾਹ ਕਰ ਦਿੰਦੀਆਂ ਹਨ।

ਆਧੁਨਿਕ ਜੀਵਨ ਵਿੱਚ, ਹਰ ਪਲ ਪੂਰੀ ਦੁਨੀਆ ਨਾਲ ਸੰਚਾਰ ਕਾਇਮ ਰੱਖਿਆ ਜਾ ਸਕਦਾ ਹੈ। ਪਰ, ਇਸ ਨਾਲ ਅਸੁਰੱਖਿਆ ਦੀ ਭਾਵਨਾ ਵਧ ਗਈ ਹੈ ਕਿਉਂਕਿ ਕੋਈ ਵੀ ਅਜਨਬੀ ਸਾਨੂੰ ਕਿਸੇ ਵੀ ਸਮੇਂ ਨੁਕਸਾਨ ਪਹੁੰਚਾ ਸਕਦਾ ਹੈ। ਤੁਸੀਂ ਇਸ ਬਾਹਰੀ ਡਰ ਨੂੰ ਘੱਟ ਕਰਨ ਲਈ ਬਹੁਤ ਕੁਝ ਨਹੀਂ ਕਰ ਸਕਦੇ, ਪਰ ਤੁਸੀਂ ਹਰ ਛੋਟੀ ਜਿਹੀ ਗੱਲ 'ਤੇ ਡਰਨ ਦੀ ਆਦਤ ਨੂੰ ਦੂਰ ਕਰ ਸਕਦੇ ਹੋ। ਆਪਣੇ ਅੰਦਰ ਸ਼ਾਂਤੀ ਅਨੁਭਵ ਕਰ ਸਕਦੇ ਹਨ।

ਤਣਾਅ ਇੱਕ ਸਥਿਤੀ ਪ੍ਰਤੀ ਤੁਹਾਡੀ ਪ੍ਰਤੀਕ੍ਰਿਆ ਹੈ। ਪਰ ਤੁਹਾਡੇ ਅੰਦਰ ਤਣਾਅ ਮੁਕਤ ਰਹਿਣ ਦੀ ਸ਼ਕਤੀ ਹੈ। ਜਦੋਂ ਤੁਸੀਂ ਆਪਣੇ ਅੰਦਰਲੇ ਆਪ ਨੂੰ ਜਾਣਦੇ ਹੋ, ਤਾਂ ਬਾਹਰੀ ਤਣਾਅ ਤੁਹਾਨੂੰ ਪ੍ਰਭਾਵਿਤ ਨਹੀਂ ਕਰ ਸਕਦਾ ਕਿਉਂਕਿ ਤੁਸੀਂ ਜਾਣਦੇ ਹੋ ਕਿ ਆਪਣੀ ਊਰਜਾ ਕਿੱਥੇ ਲਗਾਉਣੀ ਹੈ। ਸਰੀਰਕ ਸਿਹਤ ਮਾਨਸਿਕ ਸਿਹਤ 'ਤੇ ਨਿਰਭਰ ਕਰਦੀ ਹੈ। ਲੋਕ ਅਕਸਰ ਬੀਮਾਰ ਹੋਣ ਤੋਂ ਬਾਅਦ ਇਲਾਜ ਵੱਲ ਧਿਆਨ ਦਿੰਦੇ ਹਨ। ਸਿਹਤ ਦੀ ਮਹੱਤਤਾ ਜਾਣਨ ਦੇ ਬਾਵਜੂਦ ਅਸੀਂ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਸਲ ਵਿਚ ਚੰਗੀ ਸਿਹਤ ਲਈ ਜਿੰਮ ਵਿਚ ਜ਼ਿਆਦਾ ਸਮਾਂ ਬਿਤਾਉਣ ਦੀ ਬਜਾਏ ਆਪਣੀ ਸੋਚ ਬਦਲਣ ਦੀ ਲੋੜ ਹੈ।, ਮਨ ਨੂੰ ਸਮਝਣਾ ਪਵੇਗਾ ਕਿ ਸਾਡਾ ਸਰੀਰ ਰੋਗ ਮੁਕਤ ਅਤੇ ਖੁਸ਼ ਰਹਿਣਾ ਚਾਹੁੰਦਾ ਹੈ।

# ਤਕਨੀਕੀ ਹੁਨਰ ਬੀ. ਫਾਰਮੇਸੀ ਲਈ ਮੌਕੇ ਵਧਾਏਗਾ

ਅੱਜਕੱਲ੍ਹ, ਫਾਰਮਾਸਿਊਟੀਕਲ ਦੇ ਖੇਤਰ ਵਿੱਚ ਖੋਜ ਅਤੇ ਨਵੀਨਤਾ ਵਿੱਚ ਕੰਮ ਵਧਿਆ ਹੈ। ਪਰ ਇੱਥੇ ਹੁਨਰ ਦੀ ਘਾਟ ਦੀ ਸਥਿਤੀ ਵੀ ਦੇਖਣ ਨੂੰ ਮਿਲਦੀ ਹੈ। ਸਾਲ 2022 ਦੀ ਇੱਕ ਰਿਪੋਰਟ ਅਨੁਸਾਰ ਫਾਰਮਾਸਿਊਟੀਕਲ ਨਿਰਮਾਣ ਦੇ ਖੇਤਰ ਵਿੱਚ 80 ਫੀਸਦੀ ਹੁਨਰ ਦੀ ਘਾਟ ਹੈ। ਇੰਡੀਅਨ ਫਾਰਮਾਸਿਸਟ ਐਸੋਸੀਏਸ਼ਨ ਦੇ ਇੱਕ ਅਧਿਐਨ ਅਨੁਸਾਰ ਅਗਲੇ ਪੰਜ ਸਾਲਾਂ ਵਿੱਚ ਕਲੀਨਿਕਲ ਫਾਰਮਾਸਿਸਟਾਂ ਦੀ ਮੰਗ ਵਿੱਚ 15 ਫੀਸਦੀ ਵਾਧਾ ਹੋਣ ਦੀ ਸੰਭਾਵਨਾ ਹੈ। ਬੀ ਫਾਰਮ ਕਿਉਂ ਕਰਦੇ ਹਨ? 1. ਫਾਰਮੇਸੀ ਦੁਨੀਆ ਦੀ ਦੂਜੀ ਸਭ ਤੋਂ ਵੱਡੀਸਭ ਤੋਂ ਵੱਡੇ ਦਾਇਰੇ ਵਾਲਾ ਪੇਸ਼ਾ ਹੈ। 2. ਸਿਹਤ ਸੰਭਾਲ ਦੇ ਖੇਤਰ ਨਾਲ ਸਬੰਧਤ ਕਈ ਖੇਤਰਾਂ ਵਿੱਚ ਮੌਕੇ ਖੁੱਲ੍ਹਦੇ ਹਨ। 3. ਵਿਸ਼ਵ ਦੀ ਵਧਦੀ ਆਬਾਦੀ ਅਤੇ ਮਹਾਂਮਾਰੀ ਦੇ ਵਧਦੇ ਡਰ ਦੇ ਮੱਦੇਨਜ਼ਰ, ਇਹਨਾਂ ਪੇਸ਼ੇਵਰਾਂ ਦੀ ਲੋੜ ਵਧ ਗਈ ਹੈ। 4. ਇਹ ਇੱਕ ਵਿਸ਼ਵਵਿਆਪੀ ਪੇਸ਼ਾ ਹੈ। ਉਚਿਤ ਸਿੱਖਿਆ ਅਤੇ ਕੋਰਸਾਂ ਦੇ ਨਾਲ, ਵਿਦੇਸ਼ਾਂ ਵਿੱਚ ਵੀ ਮੌਕੇ ਮਿਲ ਸਕਦੇ ਹਨ। 5. ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਵੀ ਇਸ ਡਿਗਰੀ ਵਾਲੇ ਨੌਜਵਾਨਾਂ ਲਈ ਅਸਾਮੀਆਂ ਹਨ। ਜਿਵੇਂ ਫੌਜ, ਸਰਕਾਰੀ ਮੈਡੀਕਲ ਕਾਲਜ, ਰੇਲਵੇ, ਸਿਹਤ ਮੰਤਰਾਲਾ ਆਦਿ। 6. ਹੋਰ ਖੇਤਰਾਂ ਦੇ ਮੁਕਾਬਲੇ ਐਂਟਰੀ ਪੱਧਰ ਦੀਆਂ ਨੌਕਰੀਆਂ ਵਿੱਚ ਬਿਹਤਰ ਵਿਕਰੇਤਾਇਹ ਪੱਚੀ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਸ਼ੁਰੂ ਹੋ ਸਕਦਾ ਹੈ। ਇਨ੍ਹਾਂ ਹੁਨਰਾਂ ਦੀ ਵੀ ਲੋੜ ਹੈ ਬੀ ਫਾਰਮ ਗ੍ਰੈਜੂਏਟ ਕੁਆਲਿਟੀ ਅਸ਼ੋਰੈਂਸ, ਫਾਰਮਾਕੋਵਿਜੀਲੈਂਸ, ਰੈਗੂਲੇਟਰੀ ਅਫੇਅਰਸ, ਆਦਿ ਵਿੱਚ ਪ੍ਰਮਾਣਿਤ ਪ੍ਰੋਗਰਾਮਾਂ ਦਾ ਪਿੱਛਾ ਕਰਕੇ ਆਪਣੇ ਮੌਕਿਆਂ ਨੂੰ ਹੋਰ ਵਧਾ ਸਕਦੇ ਹਨ। ਇਸ ਖੇਤਰ ਵਿੱਚ ਉਤਪਾਦਨ, ਖੋਜ ਅਤੇ ਵਿਕਾਸ ਵਿੱਚ ਹੁਨਰ ਦੀ ਮੰਗ ਹੈ। ਕੁਝ ਤਕਨੀਕੀ ਹੁਨਰ ਸਿੱਖਣ ਨਾਲ ਮੌਕਿਆਂ 'ਤੇ ਤੁਹਾਡੀ ਪਕੜ ਵਧੇਗੀ। ਕੁਝ ਅਜਿਹੇ ਤਕਨੀਕੀ ਹੁਨਰ ਹਨ। ਏਆਈ ਅਤੇ ਮਸ਼ੀਨ ਲਰਨਿੰਗ: ਸਮਾਰਟ ਮੈਡੀਸਨ ਦੇ ਵਧਦੇ ਰੁਝਾਨ ਵਿੱਚ, ਨਕਲੀ ਬੁੱਧੀ ਅਤੇ ਮਸ਼ੀਨ ਲਰਨਿੰਗ ਦੀ ਵਰਤੋਂ ਡਰੱਗ ਟਰਾਇਲਾਂ ਵਿੱਚ ਕੀਤੀ ਜਾ ਰਹੀ ਹੈ।ਅਤੇ ਨਿਰਮਾਣ ਆਦਿ ਦਾ ਕਾਫੀ ਕੰਮ ਚੱਲ ਰਿਹਾ ਹੈ। ਬਿਗ ਡੇਟਾ ਅਤੇ ਵਿਸ਼ਲੇਸ਼ਣ: ਇਸ ਸੈਕਟਰ ਵਿੱਚ, ਕਲੀਨਿਕਲ ਖੋਜ ਵਿੱਚ ਬਿਗ ਡੇਟਾ ਵਿਸ਼ਲੇਸ਼ਣ ਅਤੇ ਵਰਚੁਅਲ ਅਤੇ ਸੰਸ਼ੋਧਿਤ ਅਸਲੀਅਤ ਹੁਨਰ ਦੀ ਵਰਤੋਂ ਵਿੱਚ ਵਾਧਾ ਹੋਇਆ ਹੈ। ਜ਼ਿਆਦਾਤਰ ਕੰਪ-ਨੀਆਂ ਟੈਲੀਮੈਡੀਸਨ, ਇਲੈਕਟ੍ਰਾਨਿਕ ਹੈਲਥ ਰਿਕਾਰਡ, ਕਲ-ਾਊਡ ਕੰਪਿਊਟਿੰਗ ਆਦਿ ਦੀ ਮਦਦ ਲੈ ਰਹੀਆਂ ਹਨ। ਕੋਰਸੇਰਾ; ਭਵਿੱਖ ਸਿੱਖਣਾ; ਉਦਾਸੀ; wwwi.gmip.aci.n ਅਪਸਕਿਲਿੰਗ ਲਈ ਕੁਝ ਪਲੇਟਫਾਰਮ ਹਨ। ਉਨ੍ਹਾਂ ਦੀ ਮੰਗ ਹੈ। ਇਹ ਮਹਾਰਤ ਕਲੀਨਿਕਲ ਰਿਸਰਚ ਐਸੋਸੀਏਟ ਨੂੰ ਗਲੋਬਲ ਮੌਕਿਆਂ ਲਈ ਤਿਆਰ ਕਰੇਗੀ। ਇੱਕ ਕਲੀਨਿਕਲ ਰਿਸਰਚ ਐਸੋਸੀਏਟ ਦੇ ਰੂਪ ਵਿੱਚ ਤੁਹਾਨੂੰ ਫਾਰਮਾਸਿਊਟੀਕਲ ਕੰਪਨੀਆਂ ਜਾਂ ਮੈਡੀਕਲ ਟੈਸਟਾਂ ਨਾਲ ਸਬੰਧਤ ਯੂਨਿਟਾਂ ਵਿੱਚ ਮੌਕੇ ਮਿਲਣਗੇ। ਰੈਗੂਲੇਟਰੀ ਮਾਮਲਿਆਂ ਦੇ ਮਾਹਰ ਰੈਗੂਲੇਟਰੀ ਮਾਮਲਿਆਂ ਦੇ ਮਾਹਰ ਆਮ ਤੌਰ 'ਤੇ ਸਰਕਾਰੀ ਏਜੰਸੀਆਂ ਜਾਂ ਫਾਰਮਾਸਿਊਟੀਕਲ ਕੰਪਨੀਆਂ ਲਈ ਕੰਮ ਕਰਦੇ ਹਨ। ਫਾਰਮਾਕੋਵਿਜੀਲੈਂਸ ਸਪੈਸ਼ਲਿਸਟ ਇੱਕ ਫਾਰਮਾਕੋਵਿਜੀਲੈਂਸ ਸਪੈਸ਼ਲਿਸਟ ਦਵਾਈਆਂ ਅਤੇ ਮੈਡੀਕਲ ਉਪਕਰਨਾਂ ਦੀ ਵਰਤੋਂ 'ਤੇ ਡਾਟਾ ਇਕੱਠਾ ਅਤੇ ਵਿਸ਼ਲੇਸ਼ਣ ਕਰਦਾ ਹੈ ਅਤੇ ਸੰਬੰਧਿਤ ਖਤਰਿਆਂ ਨੂੰ ਰੋਕਣ ਲਈ ਕੰਮ ਕਰਦਾ ਹੈ। ਉਹ ਸਰਕਾਰੀ ਏਜੰਸੀਆਂ ਜਾਂ ਕੰਪਨੀਆਂ ਲਈ ਕੰਮ ਕਰਦੇ ਹਨ। ਫਾਰਮਾਸਿਸਟ ਫਾਰਮਾਸਿਸਟ ਸਿਹਤ ਸੰਭਾਲ ਖੇਤਰ ਵਿੱਚ ਪੇਸ਼ੇਵਰ ਹੁੰਦੇ ਹਨ ਜੋਜੋ ਕਿ ਦਵਾਈਆਂ ਦੀ ਵੰਡ ਅਤੇ ਡਾਕਟਰੀ ਸਲਾਹ ਤੋਂ ਬਿਨਾਂ ਵਰਤੀਆਂ ਜਾ ਸਕਣ ਵਾਲੀਆਂ ਦਵਾਈਆਂ ਦੀ ਵਰਤੋਂ ਬਾਰੇ ਸੇਧ ਦਿੰਦੇ ਹਨ। ਕੀ ਹੋਵੇਗਾ ਰੋਡਮੈਪ? 1. ਬੀ. ਫਾਰਮਾ ਲਈ, 12ਵੀਂ ਵਿੱਚ ਫਿਜ਼ਿਕਸ, ਕੈਮਿਸਟਰੀ, ਬਾਇਓਲੋਜੀ ਜਾਂ ਮੈਥਸ ਚੁਣੋ। 2। ਬੀਫਾਰਮਾ ਕੋਰਸ ਲਈ ਰਾਸ਼ਟਰੀ ਪੱਧਰ ਦੀ ਪ੍ਰਵੇਸ਼ ਪ੍ਰੀਖਿਆ ਦਿਓ। 3। ਗ੍ਰੈਜੂਏਸ਼ਨ ਤੋਂ ਬਾਅਦ, ਤੁਹਾਨੂੰ ਫਾਰਮਾਸਿਊਟੀਕਲ ਕੰਪਨੀਆਂ ਵਿੱਚ ਰਿਸਰਚ ਐਸੋਸੀਏਟ, ਮੈਡੀਕਲ ਰਾਈਟਰ, ਡਰੱਗ ਸੇਫਟੀ ਐਸੋਸੀਏਟ, ਸੇਲਜ਼ ਵਿਭਾਗ ਵਿੱਚ ਐਮਆਰ, ਕੈਮਿਸਟ, ਡਰੱਗ ਕੋਆਰਡੀਨੇਟਰ, ਫਾਰਮਾਸਿਸਟ ਆਦਿ ਅਹੁਦਿਆਂ 'ਤੇ ਨੌਕਰੀ ਦੇ ਮੌਕੇ ਮਿਲਣਗੇ। 4. ਉੱਚ ਸਿੱਖਿਆ ਲਈ ਡਿਪਲੋਮਾਤੁਸੀਂ ਕਲੀਨਿਕਲ ਰਿਸਰਚ ਵਿੱਚ ਪੀਜੀ ਡਿਪਲੋਮਾ, ਡਰੱਗ ਸਟੋਰ ਮੈਨੇਜਮੈਂਟ ਵਿੱਚ ਡਿਪਲੋਮਾ, ਫਾਰਮੇਸੀ ਪ੍ਰੈਕਟਿਸ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ, ਅਤੇ ਕਲੀਨਿਕਲ ਟ੍ਰਾਇਲ ਮੈਨੇਜਮੈਂਟ ਵਿੱਚ ਪੀਜੀ ਡਿਪਲੋਮਾ ਵਰਗੇ ਕੋਰਸ ਕਰ ਸਕਦੇ ਹੋ। 5. ਮਾਸਟਰਜ਼, ਪੀਐਚਡੀ, ਐਮਬੀਏ ਤੋਂ ਬਾਅਦ ਫਾਰਮਾਸਿਊਟੀਕਲ ਮੈਨੇਜਮੈਂਟ, ਕਲੀਨਿਕਲ ਰਿਜ਼ਰਵ ਮੈਨੇਜਮੈਂਟ ਦੇ ਖੇਤਰ ਵਿੱਚ ਮੌਕੇ ਖੁੱਲ੍ਹਣਗੇ। ਇਹ ਦਾਖਲਾ ਪ੍ਰੀਖਿਆਵਾਂ ਹਨ 1. ਗ੍ਰੈਜੂਏਟ ਫਾਰਮੇਸੀ ਐਪਟੀਟਿਊਡ ਟੈਸਟ ਬੀਫਾਰਮਾ ਲਈ ਬਹੁਤ ਸਾਰੀਆਂ ਦਾਖਲਾ ਪ੍ਰੀਖਿਆਵਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਗ੍ਰੈਜੂਏਟ ਫਾਰਮੇਸੀ ਐਪਟੀ-ਟਿਊਡ ਟੈਸਟ ਹੈ ਜੋ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਕਰਵਾਇਆ ਜਾਂਦਾ ਹੈ। ਇਹ ਰਾਸ਼ਟਰੀ ਹੈਇਹ ਇੱਕ ਪੱਧਰੀ ਪ੍ਰੀਖਿਆ ਹੈ। 2. ਵੱਖ-ਵੱਖ ਰਾਜਾਂ ਦੀਆਂ ਪ੍ਰਵੇਸ਼ ਪ੍ਰੀਖਿਆਵਾਂ: ਵੱਖ-ਵੱਖ ਰਾਜਾਂ ਵਿੱਚ ਵੀ ਦਾਖਲਾ ਪ੍ਰੀਖਿਆਵਾਂ ਹੁੰਦੀਆਂ ਹਨ। ਜਿਵੇਂ ਮਹਾਰਾਸ਼ਟਰ ਕਾਮਨ ਐਂਟਰੈਂਸ ਟੈਸਟ , ਪੱਛਮੀ ਬੰਗਾਲ ਸਾਂਝੀ ਦਾਖਲਾ ਪ੍ਰੀਖਿਆ ਅਤੇ ਕਰਨਾਟਕ ਕਾਮਨ ਐਂਟਰੈਂਸ ਟੈਸਟ ਆਦਿ। ਬਹੁਤ ਸਾਰੀਆਂ ਪ੍ਰਾਈਵੇਟ ਸੰਸਥਾਵਾਂ ਬੀਫਾਰਮਾ ਕੋਰਸ ਲਈ ਦਾਖਲਾ ਪ੍ਰੀਖਿਆਵਾਂ ਵੀ ਕਰਵਾਉਂਦੀਆਂ ਹਨ। ਪ੍ਰਮੁੱਖ ਸੰਸਥਾ 1। ਨੈਸ਼ਨਲ ਇੰਸਟੀਚਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਹੈਦਰਾਬਾਦ 2. ਜਾਮੀਆ ਹਮਦਰਦ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਇੰਸਟੀਚਿਊਟ ਜਾਂਕੈਮੀਕਲ ਟੈਕਨਾਲੋਜੀ, ਬਿਟਸ ਪਿਲਾਨੀ, ਮਨੀਪਾਲ ਇੰਸਟੀਚਿਊਟ ਆਫ਼ ਫਾਰਮਾਸਿਊਟੀਕਲ ਸਾਇੰਸਜ਼ ਇੰਸਟੀਚਿਊਟ ਆਫ਼ ਜੇ.ਐੱਸ.ਐੱਸ. ਕਾਲਜ ਆਫ਼ ਫਾਰਮੇਸੀ ਦੇ ਪੀ.ਐਚ.ਡੀ।

# ਸਵੇਰ ਬਨਾਮ ਰਾਤ: ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ ਕਿਹੜਾ ਹੈ?

ਪੜ੍ਹਾਈ ਹਰ ਵਿਦਿਆਰਥੀ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਉਹਨਾਂ ਦੇ ਚਰਿੱਤਰ ਅਤੇ ਵਾਤਾਵਰਣ ਦੇ ਅਧਾਰ ਤੇ ਵਧੀਆ ਅਧਿਐਨ ਕਰਨ ਦੀਆਂ ਆਦਤਾਂ ਨੂੰ ਸਥਾਪਤ ਕਰਨ ਲਈ ਅਭਿਆਸ ਅਤੇ ਧੀਰਜ ਦੀ ਲੋੜ ਹੁੰਦੀ ਹੈ। ਕੁਝ ਵਿਦਿਆਰਥੀਆਂ ਲਈ, ਸਵੇਰ ਦਾ ਸਮਾਂ ਅਧਿਐਨ ਕਰਨ ਲਈ ਸਭ ਤੋਂ ਵਧੀਆ ਹੁੰਦਾ ਹੈ, ਜਦੋਂ ਕਿ ਦੂਜਿਆਂ ਲਈ ਰਾਤ ਨੂੰ ਅਧਿਐਨ ਕਰਨਾ ਸਭ ਤੋਂ ਵਧੀਆ ਨਤੀਜੇ ਲਿਆਉਂਦਾ ਹੈ। ਵਿਗਿਆਨ ਦੇ ਅਨੁਸਾਰ, ਅਧਿਐਨ ਕਰਨ ਲਈ ਸਭ ਤੋਂ ਵਧੀਆ ਘੰਟੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ, ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ ਹਨ। ਇਹ ਉਹ ਸਮਾਂ ਹੁੰਦਾ ਹੈ ਜਦੋਂ ਮਨੁੱਖੀ ਦਿਮਾਗ ਗ੍ਰਹਿਣ ਮੋਡ ਵਿੱਚ ਹੁੰਦਾ ਹੈ। ਵਿਗਿਆਨ ਇਹ ਵੀ ਦਰਸਾਉਂਦਾ ਹੈ ਕਿ ਅਧਿਐਨ ਕਰਨ ਦਾ ਸਭ ਤੋਂ ਬੇਅਸਰ ਸਮਾਂ ਸਵੇਰੇ 4 ਵਜੇ ਤੋਂ ਸਵੇਰੇ 7 ਵਜੇ ਦੇ ਵਿਚਕਾਰ ਹੁੰਦਾ ਹੈ। ਹਾਲਾਂਕਿ ਅਧਿਐਨ ਕਰਨ ਲਈ ਕੋਈ ਸਹੀ ਸਮਾਂ ਨਹੀਂ ਹੋ ਸਕਦਾ ਹੈ, ਆਓ ਅਸੀਂ ਸਵੇਰੇ ਅਤੇ ਰਾਤ ਨੂੰ ਅਧਿਐਨ ਕਰਨ ਦੇ ਲਾਭਾਂ ਦਾ ਵਿਸ਼ਲੇਸ਼ਣ ਕਰੀਏ। ਸਵੇਰੇ ਸਟੱਡੀ ਕਰਨ ਦੇ ਫਾਇਦੇ ਜਿਹੜੇ ਵਿਦਿਆਰਥੀ ਸਵੇਰੇ ਵਧੇਰੇ ਊਰਜਾਵਾਨ ਹੁੰਦੇ ਹਨ, ਉਹ ਵਧੇਰੇ ਲਾਭਕਾਰੀ ਹੋ ਸਕਦੇ ਹਨ ਜੇਕਰ ਉਹ ਸਵੇਰੇ ਪੜ੍ਹਦੇ ਹਨ। ਜ਼ਿਆਦਾਤਰ ਲੋਕ ਮੰਨਦੇ ਹਨ ਕਿ ਸਵੇਰ ਦਾ ਸਮਾਂ ਅਧਿਐਨ ਕਰਨ ਦਾ ਸਭ ਤੋਂ ਵਧੀਆ ਸਮਾਂ ਹੈ ਕਿਉਂਕਿ ਦਿਮਾਗ ਸਭ ਤੋਂ ਤੇਜ਼ ਹੁੰਦਾ ਹੈ। ਇਹ ਸੱਚ ਹੈ ਕਿਉਂਕਿ ਸਵੇਰ ਵੇਲੇ ਉਪਲਬਧ ਕੁਦਰਤੀ ਰੌਸ਼ਨੀ ਅੱਖਾਂ ਲਈ ਚੰਗੀ ਹੁੰਦੀ ਹੈ ਅਤੇ ਵਿਦਿਆਰਥੀਆਂ ਨੂੰ ਸੁਚੇਤ ਰੱਖਣ ਵਿੱਚ ਮਦਦ ਕਰਦੀ ਹੈ। ਸਵੇਰ ਦਾ ਅਧਿਐਨ ਨਵੀਂ ਥਿਊਰੀ ਸਿੱਖਣ ਜਾਂ ਪਿਛਲੇ ਕਲਾਸ ਸੈਸ਼ਨ ਤੋਂ ਨੋਟਸ ਦੀ ਸਮੀਖਿਆ ਕਰਨ ਲਈ ਬਹੁਤ ਵਧੀਆ ਹੈ। ਇਸ ਸਮੇਂ ਅਧਿਐਨ ਕਰਨਾ ਵੀ ਚੰਗਾ ਹੈ ਕਿਉਂਕਿ ਉਹ ਵਿਦਿਆਰਥੀ ਦੀ ਨੀਂਦ ਵਿੱਚ ਵਿਘਨ ਨਹੀਂ ਪਾਉਂਦੇ ਹਨ। ਰਾਤ ਦੇ ਮੁਕਾਬਲੇ ਸਵੇਰ ਦੀ ਪੜ੍ਹਾਈ ਦੌਰਾਨ ਸਟੱਡੀ ਗਰੁੱਪ ਬਣਾਉਣਾ ਵੀ ਆਸਾਨ ਹੈ। ਮਹੱਤਵਪੂਰਨ ਤੌਰ 'ਤੇ, ਇਹ ਅਧਿਐਨ ਕਰਨ ਦਾ ਵਧੀਆ ਸਮਾਂ ਹੈ ਕਿਉਂਕਿ ਇਹ ਵਿਦਿਆਰਥੀਆਂ ਨੂੰ ਯਾਦ ਕਰਨ ਦੀ ਬਿਹਤਰ ਯੋਗਤਾ ਪ੍ਰਦਾਨ ਕਰਦਾ ਹੈ। ਰਾਤ ਨੂੰ ਅਧਿਐਨ ਕਰਨ ਦੇ ਲਾਭ ਰਾਤ ਦਾ ਅਧਿਐਨ ਇੱਕ ਸ਼ਾਂਤ ਅਤੇ ਵਧੇਰੇ ਸ਼ਾਂਤ ਵਾਤਾਵਰਣ ਨਾਲ ਜੁੜਿਆ ਹੋਇਆ ਹੈ। ਰਾਤ ਨੂੰ ਘੱਟ ਭਟਕਣਾਵਾਂ ਹੁੰਦੀਆਂ ਹਨ ਕਿਉਂਕਿ ਜ਼ਿਆਦਾਤਰ ਪਰਿਵਾਰਕ ਮੈਂਬਰ ਸੁੱਤੇ ਹੁੰਦੇ ਹਨ, ਅਤੇ ਇਲੈਕਟ੍ਰਾਨਿਕ ਉਪਕਰਣ ਜਿਵੇਂ ਕਿ ਟੀਵੀ ਵਰਤੋਂ ਵਿੱਚ ਨਹੀਂ ਹੁੰਦੇ ਹਨ। ਘੱਟ ਭਟਕਣਾ ਰਚਨਾਤਮਕਤਾ ਅਤੇ ਬਿਹਤਰ ਇਕਾਗਰਤਾ ਦੀ ਸਹੂਲਤ ਦਿੰਦੀ ਹੈ। ਸਟੱਡੀ ਸੈਸ਼ਨ ਤੋਂ ਬਾਅਦ ਸੌਣ ਨਾਲ ਜਾਣਕਾਰੀ ਨੂੰ ਯਾਦ ਕਰਨ ਅਤੇ ਇਕਸਾਰ ਕਰਨ ਵਿਚ ਵੀ ਸੁਧਾਰ ਹੋ ਸਕਦਾ ਹੈ।

**ਨੋਟ:** ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਬੱਚੇ ਨੂੰ ਰਾਤ ਨੂੰ ਪੜ੍ਹਾਈ ਕਰਨ ਦੇ ਬਾਵਜੂਦ 8 ਤੋਂ 9 ਘੰਟੇ ਦੀ ਨੀਂਦ ਮਿਲਦੀ ਹੈ। ਤੁਸੀਂ ਅਧਿਐਨ ਕਰਨ ਲਈ ਸਭ ਤੋਂ ਵਧੀਆ ਸਮਾਂ ਕਿਵੇਂ ਨਿਰਧਾਰਤ ਕਰਦੇ ਹੋ? ਹੁਣ ਜਦੋਂ ਅਸੀਂ ਸਵੇਰ ਅਤੇ ਰਾਤ ਨੂੰ ਅਧਿਐਨ ਕਰਨ ਨਾਲ ਜੁੜੇ ਬਹੁਤ ਸਾਰੇ ਫਾਇਦੇ ਵੇਖੇ ਹਨ: ਸਭ ਤੋਂ ਮਹੱਤਵਪੂਰਨ ਸਵਾਲ ਇਹ ਰਹਿੰਦਾ ਹੈ: ਤੁਹਾਡੇ ਬੱਚੇ ਲਈ ਅਧਿਐਨ ਕਰਨ ਦਾ ਕਿਹੜਾ ਸਮਾਂ ਸਭ ਤੋਂ ਵਧੀਆ ਹੈ? ਜਦੋਂ ਅਸਰਦਾਰ ਅਧਿਐਨ ਕਰਨ ਦੀ ਗੱਲ ਆਉਂਦੀ ਹੈ ਤਾਂ ਵੱਖ-ਵੱਖ ਵਿਦਿਆਰਥੀਆਂ ਦੇ ਵੱਖੋ-ਵੱਖਰੇ ਸਮੇਂ ਹੁੰਦੇ ਹਨ। ਇਸ ਲਈ, ਤੁਹਾਨੂੰ ਉਸ ਦਿਨ ਦਾ ਸਮਾਂ ਲੱਭਣਾ ਚਾਹੀਦਾ ਹੈ ਜਿਸ ਦਿਨ ਤੁਹਾਡਾ ਬੱਚਾ ਵਧੀਆ ਅਧਿਐਨ ਕਰਦਾ ਹੈ; ਇਹ ਹੇਠਾਂ ਦਿੱਤੇ ਕਾਰਕਾਂ ਦੇ ਆਧਾਰ 'ਤੇ ਰਾਤ ਜਾਂ ਦਿਨ ਹੋ ਸਕਦਾ ਹੈ।

ਸਭ ਤੋਂ ਪਹਿਲਾਂ, ਤੁਹਾਡਾ ਬੱਚਾ ਸਭ ਤੋਂ ਵੱਧ ਸੁਚੇਤ ਕਦੋਂ ਹੁੰਦਾ ਹੈ? ਯਾਦ ਰੱਖੋ ਕਿ ਵੱਖੋ-ਵੱਖਰੇ ਬੱਚਿਆਂ ਦੀਆਂ ਵੱਖੋ-ਵੱਖਰੀਆਂ ਯਾਦਾਂ ਅਤੇ ਸੁਚੇਤਤਾ ਹੁੰਦੀ ਹੈ, ਉਹ ਗੁਣ ਜੋ ਵੱਖ-ਵੱਖ ਲੋਕਾਂ ਲਈ ਦੂਜੇ ਸਮੇਂ ਵਿੱਚ ਸੁਧਾਰ ਕਰਦੇ ਹਨ; ਉਦਾਹਰਨ ਲਈ, ਤੁਹਾਡੇ ਬੱਚੇ ਦੀ ਸਵੇਰ ਵੇਲੇ ਇੱਕ ਸ਼ਾਨਦਾਰ ਵਿਜ਼ੂਅਲ ਮੈਮੋਰੀ ਹੋ ਸਕਦੀ ਹੈ ਪਰ ਰਾਤ ਨੂੰ ਬਿਹਤਰ ਆਲੋਚਨਾਤਮਕ ਸੋਚਣ ਦੀ ਯੋਗਤਾ। ਦੂਸਰਾ, ਵਿਚਾਰ ਕਰੋ ਕਿ ਤੁਹਾਡੇ ਬੱਚੇ ਦੇ ਅਧਿਐਨ ਸੈਸ਼ਨ ਵਿੱਚ ਟੀਵੀ, ਪਰਿਵਾਰਕ ਗੱਲਬਾਤ ਅਤੇ ਰਾਤ ਦੇ ਖਾਣੇ ਦੇ ਸਮੇਂ ਵਰਗੀਆਂ ਭਟਕਣਾਵਾਂ ਦੀ ਘੱਟ ਸੰਭਾਵਨਾ ਹੁੰਦੀ ਹੈ, ਜੋ ਉਹਨਾਂ ਦੀ ਇਕਾਗਰਤਾ ਵਿੱਚ ਵਿਘਨ ਪਾ ਸਕਦੀ ਹੈ। ਅਜਿਹੇ ਮਾਮਲਿਆਂ ਵਿੱਚ, ਸੂਚੀ ਭਟਕਣਾ ਵਾਲਾ ਸਮਾਂ ਚੁਣੋ। ਅੰਤ ਵਿੱਚ, ਇੱਕ ਅਜਿਹੇ ਸਮੇਂ 'ਤੇ ਵਿਚਾਰ ਕਰੋ ਜਿਸ ਨੂੰ ਕਾਇਮ ਰੱਖਣਾ ਆਸਾਨ ਹੈ ਕਿਉਂਕਿ ਇਕਸਾਰਤਾ ਅਧਿਐਨ ਦੀ ਰੁਟੀਨ ਵਿੱਚ ਸੁਧਾਰ ਕਰਦੀ ਹੈ ਅਤੇ ਅੰਤ ਵਿੱਚ ਬਿਹਤਰ ਨਤੀਜੇ ਵੱਲ ਲੈ ਜਾਂਦੀ ਹੈ। ਸਵੇਰ ਦੇ ਅਧਿਐਨ ਲਈ ਅਧਿਐਨ ਸੁਝਾਅ। ਕਿਰਪਾ ਕਰਕੇ ਆਪਣੇ ਬੱਚੇ ਦੇ ਸਰੀਰ ਨੂੰ ਹਾਈਡਰੇਟ ਕਰਨ ਲਈ ਉੱਠਣ ਤੋਂ ਬਾਅਦ ਪਹਿਲਾਂ ਪਾਣੀ ਪੀਣ ਲਈ ਉਤਸ਼ਾਹਿਤ ਕਰੋ। ਬਿਸਤਰ ਤੋਂ ਸਟੱਡੀ ਕਰਨ ਤੋਂ ਬਚੋ: ਬੈੱਡ ਤੋਂ ਉੱਠ ਕੇ ਅਤੇ ਡੈਸਕ ਤੋਂ ਸਟੱਡੀ ਕਰਨ ਨਾਲ ਉਨ੍ਹਾਂ ਦੇ ਦੁਬਾਰਾ ਸੌਣ ਦੀ ਸੰਭਾਵਨਾ ਘੱਟ ਜਾਂਦੀ ਹੈ। ਕਿਰਪਾ ਕਰਕੇ ਉਹਨਾਂ ਨੂੰ ਸੌਣ ਤੋਂ ਬਚਣ ਲਈ ਕਿਸੇ ਹੋਰ ਕਮਰੇ, ਜਿਵੇਂ ਕਿ ਲਿਵਿੰਗ ਰੂਮ ਤੋਂ ਅਧਿਐਨ ਕਰਨ ਲਈ ਉਤਸ਼ਾਹਿਤ ਕਰੋ। ਇਹ ਸੁਨਿਸ਼ਚਿਤ ਕਰੋ ਕਿ ਤੁਹਾਡਾ ਬੱਚਾ ਕੁਰਸੀ ਤੋਂ ਨਿਯਮਤ ਤੌਰ 'ਤੇ ਬਰੇਕ ਲੈਂਦਾ ਹੈ, ਖਿੱਚਦਾ ਹੈ ਅਤੇ ਬਚਣ ਲਈ ਥੋੜ੍ਹਾ ਜਿਹਾ ਤੁਰਦਾ ਹੈਸੁਸਤ ਜਾਂ ਥੱਕਿਆ ਮਹਿਸੂਸ ਕਰਨਾ। ਉਹਨਾਂ ਨੂੰ ਅਧਿਐਨ ਕਰਨ ਵਾਲਾ ਦੋਸਤ ਲੱਭਣ ਲਈ ਉਤਸ਼ਾਹਿਤ ਕਰੋ। ਉਹਨਾਂ ਨੂੰ ਬਿਜਲੀ ਉੱਤੇ ਕੁਦਰਤੀ ਰੌਸ਼ਨੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੋ ਜੇਕਰ ਇਹ ਪਹਿਲਾਂ ਹੀ ਦਿਨ ਦਾ ਹੈ। ਨਾਈਟ ਸਟੱਡੀਜ਼ ਲਈ ਅਧਿਐਨ ਸੁਝਾਅ। ਯਕੀਨੀ ਬਣਾਓ ਕਿ ਤੁਹਾਡੇ ਬੱਚੇ ਕੋਲ ਆਪਣੀ ਸਰੀਰ ਦੀ ਘੜੀ ਨੂੰ ਕੰਡੀਸ਼ਨ ਕਰਨ ਲਈ ਇੱਕ ਖਾਸ ਸਮਾਂ ਹੈ।

ਇਹ ਸੁਨਿਸ਼ਚਿਤ ਕਰੋ ਕਿ ਰਾਤ ਦਾ ਅਧਿਐਨ ਉਹਨਾਂ ਦੇ ਲੋੜੀਂਦੇ ਰਾਤ ਦੇ ਆਰਾਮ ਨੂੰ ਲਗਭਗ 8 ਘੰਟਿਆਂ ਤੱਕ ਸੀਮਤ ਨਾ ਕਰੇ। ਇਹ ਸੁਨਿਸ਼ਚਿਤ ਕਰੋ ਕਿ ਉਨ੍ਹਾਂ ਦੇ ਕਮਰੇ ਵਿੱਚ ਚੰਗੀ ਰੋਸ਼ਨੀ ਹੈ। ਕਾਫ਼ੀ ਆਰਾਮ ਤੋਂ ਬਿਨਾਂ, ਉਹਨਾਂ ਲਈ ਜਾਣਕਾਰੀ ਨੂੰ ਬਰਕਰਾਰ ਰੱਖਣਾ ਮੁਸ਼ਕਲ ਹੋਵੇਗਾ। ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦੀਆਂ ਅੱਖਾਂ ਨੂੰ ਨੁਕਸਾਨ ਨਾ ਪਹੁੰਚਾਉਣ ਲਈ ਕਮਰੇ ਵਿੱਚ ਕਾਫ਼ੀ ਰੋਸ਼ਨੀ ਹੋਵੇ।

**ਵਿਜੈ ਗਰਗ (ਰਿਟਾਇਰਡ ਪ੍ਰਿੰਸੀਪਲ)**


# ਆਮ ਆਦਮੀ ਪਾਰਟੀ ਦੀ ਸਰਕਾਰ ਦੇ 20 ਮਹੀਨੇ ਬੀਤਣ ਬਾਦ ਵੀ ਦਲਿਤਾਂ ਦੇ ਪੱਲੇ ਕੁੱਝ ਨਾ ਪਿਆ



ਕੁਲਦੀਪ ਚੰਦ
91-9417563054

ਪੰਜਾਬ ਵਿਧਾਨ ਸਭਾ ਦੀ 16ਵੀਂ ਵਿਧਾਨ ਸਭਾ ਦੇ 117 ਮੈਂਬਰਾਂ ਦੀ ਚੋਣ ਕਰਨ ਲਈ 20 ਫਰਵਰੀ 2022 ਨੂੰ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਈਆਂ ਸਨਅਤੇ 10 ਮਾਰਚ 2022 ਨੂੰ ਨਤੀਜੇ ਘੋਸ਼ਿਤ ਕੀਤੇ ਗਏ। ਆਮ ਆਦਮੀ ਪਾਰਟੀ ਨੇ 117 ਵਿੱਚੋਂ 92 ਸੀਟਾਂ ਜਿੱਤ ਕੇ ਲੱਗਭੱਗ 79% ਬਹੁਮਤ ਹਾਸਲ ਕੀਤਾ। ਭਗਵੰਤ ਮਾਨ ਨੇ 16 ਮਾਰਚ 2022 ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਅਤੇ 19 ਮਾਰਚ 2022 ਨੂੰ 10 ਕੈਬਨਿਟ ਮੰਤਰੀਆਂ ਨਾਲ ਸਰਕਾਰ ਦਾ ਗਠਨ ਕੀਤਾ ਗਿਆ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਆਸ ਸੀ ਕਿ ਹੁਣ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਨਿਪਟਾਰਾ ਹੋਵੇਗਾ। ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ ਤੀਜਾ ਹਿੱਸਾ ਤੋਂ ਵੱਧ ਅਬਾਦੀ ਹੈ ਜੋ ਭਾਰਤ ਵਿੱਚ ਸਭ ਤੋਂ ਵੱਧ ਹੈ। ਪੰਜਾਬ ਵਿੱਚ ਮੌਜੂਦਾ 117 ਵਿਧਾਨ ਸਭਾ ਸੀਟਾਂ ਵਿੱਚੋਂ 34 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸਨ। ਪੰਜਾਬ ਵਿੱਚ ਮੌਜੂਦਾ ਸਮੇਂ ਆਮ ਆਦਮੀ ਪਾਰਟੀ ਦੇ 92 ਵਿਧਾਇਕ ਹਨ ਜਿਨਖ਼ਾਂ ਵਿੱਚੋਂ 28 ਵਿਧਾਇਕ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਤੋਂ ਜਿੱਤਕੇ ਆਏ ਹਨ। ਕਾਂਗਰਸ ਪਾਰਟੀ ਦੇ 18 ਵਿਧਾਇਕਾਂ ਵਿੱਚੋਂ 05 ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਤੋਂ ਜਿੱਤਕੇ ਆਏ ਹਨ। ਸ਼੍ਰੋਮਣੀ ਅਕਾਲੀ ਦੱਲ ਦੇ 03 ਵਿਧਾਇਕਾਂ ਵਿੱਚੋਂ 01 ਅਨੁਸੂਚਿਤ ਜਾਤੀਆਂ ਲਈ ਰਾਖਵੀ ਸੀਟ ਤੋਂ ਜਿੱਤਕੇ ਆਇਆ ਹੈ। ਬੀ ਐਸ ਪੀ ਦਾ 01 ਵਿਧਾਇਕ ਜੋਕਿ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੈ ਜਨਰਲ ਸੀਟ ਤੋਂ ਜਿੱਤਕੇ ਵਿਧਾਨ ਸਭਾ ਵਿੱਚ ਪਹੁੰਚਿਆ ਹੈ। ਇਸਤੋਂ ਇਲਾਵਾ ਵਿਧਾਨ ਸਭਾ ਵਿੱਚ ਭਾਜਪਾ ਦੇ 02 ਅਤੇ 01 ਅਜਾਦ ਵਿਧਾਇਕ ਪਹੁੰਚਿਆ ਹੈ। ਚੌਣ ਵਿਭਾਗ ਦੇ ਅੰਕੜਿਆਂ ਅਨੁਸਾਰ ਆਪ ਨੂੰ ਲੱਗਭੱਗ 42 ਫਿਸਦੀ, ਕਾਂਗਰਸ ਪਾਰਟੀ ਨੂੰ 23 ਫਿਸਦੀ, ਸ਼੍ਰੋਮਣੀ ਅਕਾਲੀ ਦੱਲ ਨੂੰ 18.4 ਫਿਸਦੀ, ਭਾਜਪਾ ਨੂੰ 6.6 ਫੀਸਦੀ, ਬੀਐਸਪੀ ਨੂੰ 1.8 ਫੀਸਦੀ ਅਤੇ ਨੋਟਾ ਸਮੇਤ ਹੋਰਨਾਂ ਨੂੰ 7.4 ਫੀਸਦੀ ਵੋਟਾਂ ਪਈਆਂ ਸਨ। ਪੰਜਾਬ ਦੇ ਕਈ ਹਲਕਿਆਂ ਵਿੱਚ ਅਨੁਸੂਚਿਤ ਜਾਤੀਆਂ ਦੀ ਅਬਾਦੀ 50 ਫਿਸਦੀ ਤੋਂ ਵੀ ਵੱਧ ਹੈ ਅਤੇ ਇਹ ਹੀ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਦੇ ਹਨ। ਪੰਜਾਬ ਦੇ ਦੁਆਬਾ ਖੇਤਰ ਵਿੱਚ ਸਭ ਤੋਂ ਵੱਧ ਦਲਿਤ ਅਬਾਦੀ ਹੈ ਅਤੇ ਇਹ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੋਰ ਤੇ ਪ੍ਰਭਾਵਸ਼ਾਲੀ ਹਨ। ਦੋਆਬਾ ਖੇਤਰ ਵਿੱਚ ਦਲਿਤਾਂ ਦੇ ਪ੍ਰਭਾਵ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 23 ਵਿਧਾਨ ਸਭਾ ਸੀਟਾਂ ਵਿੱਚੋਂ 15 ਸੀਟਾਂ ਉੱਤੇ ਦਲਿਤਾਂ ਦੀ ਮੌਜੂਦਗੀ ਸਭ ਤੋਂ ਵੱਧ ਹੈ।

ਰਾਜ ਦੇ ਕੁੱਲ 12168 ਆਬਾਦ ਪਿੰਡਾਂ ਵਿਚੋਂ 57 ਪਿੰਡ 100 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਦੀਆਬਾਦੀ ਵਾਲੇ ਹਨ ਅਤੇ 4799 ਪਿੰਡ ਲੱਗਭੱਗ 40 ਪ੍ਰਤੀਸ਼ਤ ਅਨੁਸੂਚਿਤ ਜਾਤੀਆਂਦੀ ਆਬਾਦੀ ਵਾਲੇ ਹਨ। 50 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਅਨੁਸੂਚਿਤ ਜਾਤੀਆਂ ਦੀ ਵੱਸੋਂ ਵਾਲੇ ਲੱਗਭੱਗ 2800 ਪਿੰਡ ਹਨ। ਜਨਗਣਨਾ2011 ਅਨੁਸਾਰ ਪੰਜਾਬ ਵਿਚ 18.67 ਲੱਖ ਘਰ ਅਨੁਸੂਚਿਤ ਜਾਤੀਆਂ ਦੇ ਹਨ ਜੋ ਪੰਜਾਬ ਦੇ ਕੁੱਲ ਘਰਾਂ 54.10 ਲੱਖ ਵਿਚੋ 3.60 ਲੱਖ ਘਰ 6.65 ਪ੍ਰਤੀਸ਼ਤ ਕੱਚੇ ਹਨ ਜਿਸ ਵਿਚ 2.13 ਲੱਖ ਘਰ 59.27 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਦੇ ਹਨ। ਖੇਤੀਬਾੜੀ ਜਨਗਣਨਾ 2015-16 ਅਨੁਸਾਰ ਪੰਜਾਬ ਰਾਜ ਵਿਚ ਅਨੁਸੂਚਿਤ ਜਾਤੀ ਲੋਕਾਂ ਕੋਲ ਵਾਹੀ ਜ਼ੋਤਾਂ ਦੀ ਗਿਣਤੀ 0.63 ਲੱਖ ਹੈੈ ਜ਼ੋ ਕੁੱਲ 10.93 ਲੱਖ ਵਾਹੀਯੋਗ ਜ਼ੋਤਾਂ ਅਤੇ ਕੁੱਲ 39.54 ਲੱਖ ਹੈਕਟਰ ਰਕਬੇ ਦਾ ਕ੍ਰਮਵਾਰ 5.76 ਪ੍ਰਤੀਸ਼ਤ ਅਤੇ 3.58 ਪ੍ਰਤੀਸ਼ਤ ਹਿੱਸਾ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੀ 2018 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਦਲਿਤਾਂ ਵਿੱਚ 39 ਉੱਪ-ਜਾਤੀਆਂ ਹਨ। ਦਲਿਤ ਵੱਖ ਵੱਖ ਧਰਮਾਂ ਸਿੱਖ, ਹਿੰਦੂ, ਇਸਾਈ, ਮੁਸਲਮਾਨ ਅਤੇ ਬੁੱਧ ਧਰਮ ਨਾਲ ਸਬੰਧ ਰੱਖਦੇ ਹਨ ਅਤੇ ਕਈ ਡੇਰਿਆਂ ਨਾਲ ਜੁੜਖ਼ੇ ਹੋਏ ਹਨ। ਇਹਨਾਂ ਦੀ ਜਨਸੰਖਿਆ ਦੁਆਬੇ ਵਿੱਚ 37 ਪ੍ਰਤੀਸ਼ਤ, ਮਾਲਵੇ ਵਿੱਚ 31 ਪ੍ਰਤੀਸ਼ਤ ਅਤੇ ਮਾਝੇ ਵਿੱਚ 29 ਪ੍ਰਤੀਸ਼ਤ ਹੈ। ਇਹ ਵੀ ਕੌੜਾ ਸੱਚ ਹੈ ਕਿ ਦਲਿਤ ਕਿਸੇ ਵੇਲੇ ਕਾਂਗਰਸ ਪਾਰਟੀ ਦਾ ਵੱਡਾ ਵੋਟ ਬੈਂਕ ਸੀ ਅਤੇ ਬੀ ਐਸ ਪੀ ਨੇ ਇਸਨੂੰ ਖੌਰਾ ਲਗਾਕੇ ਇਹ ਵੋਟ ਬੈਂਕ ਅਪਣੇ ਨਾਲ ਜੋੜਿਆ ਸੀ। ਸਮੇਂ ਸਮੇਂ ਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਇਸ ਵੋਟ ਬੈਂਕ ਨੂੰ ਅਪਣੇ ਨਾਲ ਜੋੜਖ਼ਣ ਲਈ ਯੋਜਨਾਵਾਂ ਉਲੀਕੀਆਂ ਅਤੇ ਘੋਸ਼ਣਾਵਾਂ ਕੀਤੀਆਂ ਹਨ। 2022 ਦੀਆਂ ਚੌਣਾਂ ਲਈ ਵੀ ਵੱਖ ਵੱਖ ਪਾਰਟੀਆਂ ਨੇ ਦਲਿਤਾਂ ਨੂੰ ਅਕਰਸ਼ਿਤ ਕਰਨ ਲਈ ਕਈ ਤਰਾਂ ਦੀਆਂ ਘੋਸ਼ਣਾਵਾਂ ਕੀਤੀਆਂ ਪਰੰਤੂ ਇਸ ਵਾਰ ਦਲਿਤਾਂ ਨੇ ਪੁਰਤਨ ਪਾਰਟੀਆ ਨੂੰ ਛੱਡਕੇ ਆਮ ਆਦਮੀ ਪਾਰਟੀ ਦਾ ਸਮੱਰਥਨ ਕੀਤਾ ਜਿਸ ਨਾਲ ਦੂਜੀਆਂ ਪਾਰਟੀਆਂ ਦੇ ਵੱਡੇ ਵੱਡੇ ਆਗੂਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਪੰਜਾਬ ਵਿੱਚ ਦਲਿਤਾਂ ਨੂੰ ਆਸ ਸੀ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿੱਚ ਉਨਖ਼ਾਂ ਦੇ ਮੁੱਦਿਆਂ ਤੇ ਕੰਮ ਹੋਵੇਗਾ ਅਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ ਪਰੰਤੂ ਉਨਖ਼ਾਂ ਦੀ ਆਸ ਇੱਕ ਸਾਲ ਬੀਤਣ ਬਾਦ ਵੀ ਪੂਰੀ ਨਹੀਂ ਹੋਈ ਹੈ। ਆਮ ਆਦਮੀ ਪਾਰਟੀ ਨੇ ਅਪਣੇ ਚੋਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਵਿਸ਼ੇਸ਼




ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਆਪ ਦੇ ਚੌਣ ਮੈਨੀਫੈਸਟੋ ਅਨੁਸਾਰ ਪੰਜਾਬ ਵਿੱਚ ਦਲਿਤਾਂ ਲਈ ਇੱਕ ਘੱਟ ਕੀਮਤ ਵਾਲੀ ਰਿਹਾਇਸ਼ ਯੋਜਨਾ ਬਣਾਈ ਜਾਵੇਗੀਤਾਂ ਜੋ ਸਾਰਿਆਂ ਕੋਲ ਪੱਕਾ ਘਰ ਹੋਵੇਗਾ, ਦਲਿਤਾਂ ਦੇ ਸਾਰੇ ਕੱਚੇ ਅਤੇ ਪੱਕੇ ਘਰਾਂ ਦੀ ਰਜਿਸਟਰੇਸ਼ਨ ਕੀਤੀ ਜਾਵੇਗੀ ਤਾਂ ਜੋ ਉਹ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਸਮੇਤ ਕਰਜ਼ੇ ਅਤੇ ਹੋਰ ਲਾਭ ਲੈ ਸਕਣ, ਦਲਿਤਾਂ ਲਈ ਰਾਖਵੀਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਦੀ ਦੂਜੀਆਂ ਜਾਤਾਂ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਵਲੋਂਹੋਣ ਵਾਲੀ ਨਿਲਾਮੀ ਰੋਕ ਦਿੱਤੀ ਜਾਵੇਗੀ ਅਤੇ ਦੂਜੀਆਂ ਜਾਤਾਂ ਦੇ ਲੋਕਾਂ ਦੇ ਨਾਜਾਇਜ਼ ਕਬਜ਼ੇ ਤੋਂ ਮੁਕਤ ਕੀਤਾ ਜਾਵੇਗਾ, ਦਲਿਤਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਜ਼ਮੀਨਾਂ ਦਿੱਤੀਆਂ ਜਾਣਗੀਆਂ ਜਿੱਥੇ ਵੀ ਲੋਕ ਸਹਿਕਾਰੀ ਸਭਾ ਦੀ ਚੋਣ ਨਹੀਂ ਕਰਦੇ ਹਰ ਪਿੰਡ ਵਿੱਚ ਦਲਿਤਾਂ ਦੀ ਪੰਜ ਮੈਂਬਰੀ ਕਮੇਟੀ ਨਿਲਾਮੀ ਨੂੰ ਮਨਜ਼ੂਰੀ ਦੇਵੇਗੀ, ਦਲਿਤਾਂ ਲਈ ਰਾਖਵੀਂਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਤੇ ਸਰਕਾਰੀ ਟਿਊਬਵੈੱਲ ਬਣਾਏ ਜਾਣਗੇ ਅਤੇ ਇਹਨਾਂ ਜ਼ਮੀਨਾਂ ਤੇ ਖੇਤੀ ਕਰਨ ਲਈ ਟਰੈਕਟਰਾਂ ਅਤੇ ਔਜਾਰਾਂ ਦੀ ਮੁਫਤ ਵਰਤੋਂ ਕਰਨ ਲਈ ਸਹਿਕਾਰੀ ਸਭਾਵਾਂ ਵਿੱਚ ਪ੍ਰਬੰਧ ਹੋਵੇਗਾ, ਪੰਜਾਬ ਰਾਜ ਅਨੁਸੂਚਿਤ ਜਾਤੀ ਆਯੋਗ ਨੂੰ ਮਜ਼ਬੂਤ ਅਤੇ ਵਿਸਤ੍ਰਿਤ ਕੀਤਾ ਜਾਵੇਗਾ ਤਾਂ ਜੋ ਦਲਿਤਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਦਲਿਤਾਂ ਨਾਲ ਕਿਸੇ ਵੀ ਤਰਖ਼ਾਂ ਦੇ ਵਿਤਕਰੇ ਕਰਨ ਵਾਲੇ ਵਿਅਕਤੀਆਂ ਨੂੰ ਸਮੇਂ ਸਿਰ ਸਜ਼ਾ ਦਿੱਤੀ ਜਾ ਸਕੇ, ਇਸਆਯੋਗਵਿੱਚ ਹਰੇਕ ਜ਼ਿਲੇ ਵਿੱਚੋਂ ਇੱਕ ਦਲਿਤ ਪ੍ਰਤੀਨਿਧੀ ਹੋਵੇਗਾ, ਦਲਿਤ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਇੱਕ ਵਿਸ਼ੇਸ਼ ਸੈੱਲ ਬਣਾਇਆ ਜਾਵੇਗਾ ਅਤੇ ਇਸ ਯੋਜਨਾ ਅਧੀਨ ਆਇਆ ਪੈਸਾ ਲੁੱਟਣ ਵਾਲਿਆਂ ਦੀ ਪਛਾਣ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਮਾਂਬੱਧ ਜਾਂਚ ਹੋਵੇਗੀ, ਪਿਛਲੇ ਪੰਜ ਸਾਲਾਂ ਵਿੱਚ ਦਲਿਤਾਂ ਵਿਰੁੱਧ ਦਰਜ ਕੀਤੇ ਗਏ ਅੱਤਿਆਚਾਰਾਂ ਅਤੇ ਝੂਠੇ ਕੇਸਾਂ ਲਈ ਸਜ਼ਾ ਦੀ ਸਿਫ਼ਾਰਸ਼ ਕੀਤੀ ਜਾਵੇਗੀ, ਦਲਿਤਾਂ ਲਈ ਨੌਕਰੀਆਂ ਦੇ ਬੈਕਲਾਗ ਨੂੰ ਪੂਰਾ ਕੀਤਾ ਜਾਵੇਗਾ, ਖਾਲੀ ਅਸਾਮੀਆਂ ਦੀ ਪਛਾਣ ਕਰਨ ਅਤੇ ਭਰਨ ਲਈ ਹਰੇਕ ਵਿਭਾਗ ਵਿੱਚ ਇੱਕ ਕਮੇਟੀ ਬਣਾਈ ਜਾਵੇਗੀ, ਸਨਮਾਨਜਨਕ ਕੰਮ ਕਰਨ ਯੋਗ ਬਣਾਉਣ ਲਈ ਛੋਟੇ ਕਾਰੋਬਾਰ ਜਾਂ ਪਿੰਡ ਅਧਾਰਤ ਉੱਦਮ ਸ਼ੁਰੂ ਕਰਨ ਲਈ 02 ਲੱਖ ਰੁਪਏ ਦਾ ਮੁੱਫਤ ਕਰਜ਼ਾ ਦਿੱਤਾ ਜਾਵੇਗਾ, ਦਲਿਤਾਂ ਨਾਲ ਹੋਣ ਵਾਲੇ ਵਿਤਕਰੇ ਨਾਲ ਨਜਿੱਠਣ ਲਈ ਸਾਰੀਆਂ ਵਿਦਿਅਕ ਸੰਸਥਾਵਾਂ, ਸਰਕਾਰੀ ਅਤੇ ਨਿੱਜੀ ਦਫਤਰਾਂ ਅਤੇ ਗੈਰ ਸਰਕਾਰੀ ਸੰਗਠਨਾਂ ਲਈ ਸ਼ਿਕਾਇਤ ਦਫਤਰ ਹੋਣਾ ਲਾਜ਼ਮੀ ਕੀਤਾ ਜਾਵੇਗਾ, ਹਰੇਕ ਬਲਾਕ ਵਿੱਚ ਲੋਕਾਂ ਨੂੰ ਉਨਖ਼ਾਂ ਲਈ ਉਪਲਬਧ ਲਾਭਾਂ ਬਾਰੇ ਜਾਣੂ ਕਰਵਾਉਣ ਅਤੇ ਭਲਾਈ ਸਕੀਮਾਂ ਲਾਗੂ ਕਰਨ ਲਈ ਜ਼ਿੰਮੇਵਾਰ ਸਰਕਾਰੀ ਕਰਮਚਾਰੀਆਂ ਦੁਆਰਾ ਭ੍ਰਿਸ਼ਟਾਚਾਰ ਅਤੇ ਪਰੇਸ਼ਾਨੀ ਦੀਆਂ ਸ਼ਿਕਾਇਤਾਂ ਦਰਜ ਕਰਨ ਲਈ ਵਿਸ਼ੇਸ਼ ਦਲਿਤ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ, ਫਸਲ ਖਰਾਬ ਹੋਣ ਦੀ ਸੂਰਤ ਵਿੱਚ ਖੇਤ ਮਜ਼ਦੂਰਾਂ ਨੂੰ ਹਰ ਮਹੀਨੇ ਕੰਮ ਦੇ ਨੁਕਸਾਨ ਲਈ 10000/- ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ, ਮਨਰੇਗਾ ਤਹਿਤ ਦਲਿਤਾਂ ਲਈ ਪਹਿਲ ਦੇ ਆਧਾਰ ਤੇ ਜੌਬ ਕਾਰਡ ਬਣਾਏ ਜਾਣਗੇ ਅਤੇ ਸਕੀਮ ਲਈ ਹੋਰ ਕਾਰਜ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ, ਸ਼ਗਨ ਸਕੀਮ ਰਾਸ਼ੀ ਵਧਾ ਕੇ 51000/- ਰੁਪਏ ਕੀਤੀ ਜਾਵੇਗੀ, ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅੰਗਹੀਣ ਪੈਨਸ਼ਨ ਵਧਾਕੇ 2000/- ਰੁਪਏ ਕੀਤੀ ਜਾਵੇਗੀ, ਹਰ ਵਿਅਕਤੀ 58 ਸਾਲ ਦੀ ਉਮਰ ਵਿੱਚ ਬੁਢਾਪਾ ਪੈਨਸ਼ਨ ਲਈ ਯੋਗ ਹੋਵੇਗਾ, ਹਰ ਪਿੰਡ ਵਿੱਚ ਇੱਕ ਆਧੁਨਿਕ ਪਿੰਡ ਸਿਹਤ ਕਲੀਨਿਕ ਹੋਵੇਗਾ ਜਿਸ ਵਿੱਚ ਮੁਫਤ ਦਵਾਈਆਂ ਅਤੇ ਮੁਫਤ ਡਾਇਗਨੌਸਟਿਕ ਟੈਸਟਾਂ ਦੀ ਉਪਲਬਧਤਾ ਹੋਵੇਗੀ, 05 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ, ਸਾਰੇ ਦਲਿਤਾਂ ਲਈ ਸਮਾਜਿਕ ਸੁਰੱਖਿਆ ਯੋਜਨਾ ਬਣਾਈ ਜਾਵੇਗੀ, ਉੱਚ ਸਿੱਖਿਆ ਗਾਰੰਟੀ ਯੋਜਨਾ ਸ਼ੁਰੂ ਕੀਤੀ ਜਾਵੇਗੀ ਤਾਂ ਜੋ 10 ਲੱਖ ਰੁਪਏ ਤੱਕ ਦਾ ਸਿੱਖਿਆ ਕਰਜ਼ਾ ਦਿੱਤਾ ਜਾ ਸਕੇ, ਦੋਆਬਾ ਖੇਤਰ ਵਿੱਚ ਕਾਂਸ਼ੀ ਰਾਮ ਸਕਿੱਲ ਯੂਨੀਵਰਸਿਟੀ ਦੁਆਰਾ ਹੁਨਰ ਵਿਕਾਸ ਵਿੱਚ ਉੱਨਤ ਅਧਿਐਨ ਕਰਨ ਅਤੇ ਟਰੇਨਰਾਂ ਨੂੰ ਸਿਖਲਾਈ ਦੇਣ ਲਈ ਪ੍ਰੋਗਰਾਮ ਤਿਆਰ ਕੀਤੇ ਜਾਣਗੇ, ਦਲਿਤ ਲੜਕੀਆਂ ਲਈ ਬਾਹਰਵੀਂ ਤੱਕ ਮੁੱਫਤ ਸਿੱਖਿਆ ਅਤੇ ਬਾਅਦ ਵਿੱਚ ਮੁਫਤ ਹੁਨਰ ਸਿਖਲਾਈ ਮਿਲੇਗੀ, ਦਲਿਤ ਵਿਦਿਆਰਥੀਆਂ ਅਤੇ ਕਾਮਿਆਂ ਲਈ ਸਾਰੇ ਜ਼ਿਲਿਖ਼ਆਂ ਵਿੱਚ ਰਿਹਾਇਸ਼ੀ ਹੋਸਟਲ ਬਣਾਏ ਜਾਣਗੇ ਜਿਨਖ਼ਾਂ ਵਿੱਚ ਮੁਫਤ ਰਿਹਾਇਸ਼ ਅਤੇ ਭੋਜਨ ਮਿਲੇਗਾ, ਸਰਕਾਰੀ ਸਕੂਲਾਂ ਵਿੱਚ ਦਲਿਤ ਵਿਦਿਆਰਥੀਆਂ ਲਈ ਕੋਈ ਦਾਖਲਾ ਫੀਸ ਨਹੀਂ ਹੋਵੇਗੀ, ਨਗਰ ਪਾਲਿਕਾਵਾਂ ਅਤੇ ਸਰਕਾਰੀ ਵਿਭਾਗਾਂ ਵਿੱਚ ਸਫਾਈ ਕਰਮਚਾਰੀਆਂ ਨੂੰ ਵਿਸ਼ੇਸ਼ ਵਿੱਤੀ ਪ੍ਰੋਤਸਾਹਨ ਦਿੱਤੇ ਜਾਣਗੇ, ਪੇਂਡੂ ਖੇਤਰਾਂ ਵਿੱਚ ਸਥਿਤ ਦਲਿਤ ਪਰਿਵਾਰਾਂ ਦੇ ਗੋਹੇ ਅਤੇ ਹੋਰ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਯੋਗ ਪ੍ਰਬੰਧ ਕੀਤੇ ਜਾਣਗੇ, ਆਟਾ ਦਾਲ ਸਕੀਮ ਲਈ ਸਾਰੇ ਬੀਪੀਐਲ ਰਾਸ਼ਨ ਕਾਰਡਾਂ ਦੀ ਪੂਰੀ ਜਾਂਚ ਕੀਤੀ ਜਾਵੇਗੀ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਸ ਸਕੀਮ ਦਾ ਲਾਭ ਸਾਰੇ ਯੋਗ ਲੋਕਾਂ ਤੱਕ ਪਹੁੰਚੇ, ਸਾਰੀਆਂ ਦਲਿਤ ਕਲੋਨੀਆਂ ਵਿੱਚ ਪੀਣ ਵਾਲਾ ਸਾਫ਼ ਪਾਣੀ, ਸੀਵਰੇਜ ਦੀ ਸਹੂਲਤ ਅਤੇ ਬਿਜਲੀ ਨਿਰਧਾਰਤ ਸਮੇਂ ਵਿੱਚ ਮੁਹੱਈਆ ਕਰਵਾਈ ਜਾਵੇਗੀ, ਵਿਮੁਕਤ ਜਾਤੀਆਂ ਜਿਵੇਂ ਕਿ ਸਾਂਸੀ, ਬੌਰੀਆ, ਬਾਜ਼ੀਗਰ, ਬਰਾਦ, ਬੰਗਾਲੀ, ਨਾਟ ਅਤੇ ਗੰਧੀਲਾ ਆਦਿ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਇੱਕ ਵੱਖਰਾ ਆਯੋਗ ਸਥਾਪਤ ਕੀਤਾ ਜਾਵੇਗਾ, ਇਨਖ਼ਾਂ ਲਈ ਘੱਟ ਕੀਮਤ ਵਾਲੇ ਪੱਕੇ ਮਕਾਨਾਂ ਨੂੰ ਯਕੀਨੀ ਬਣਾਉਣ ਅਤੇ ਉਨਖ਼ਾਂ ਦੇ ਬੱਚਿਆਂ ਲਈ ਸਕੂਲੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਬੋਰਡ ਬਣਾਇਆ ਜਾਵੇਗਾ ਜੋ ਉਨਖ਼ਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੰਮ ਕਰੇਗਾ, ਰਾਜ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਰਾਖਵੇਂਕਰਨ ਦਾ ਪ੍ਰਬੰਧ ਹੋਵੇਗਾ। ਇਸ ਚੌਣ ਮੈਨੀਫੈਸਟੋ ਨੂੰ ਵੇਖਕੇ ਲੱਗਦਾ ਸੀ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਆਮ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਹਾਲਤ ਸੁਧਾਰਨ ਲਈ ਕੰਮ ਕਰੇਗੀ। ਆਮ ਆਦਮੀ ਪਾਰਟੀ ਨੇ ਚੌਣਾਂ ਦੋਰਾਨ ਇਹ ਘੋਸ਼ਣਾ ਕੀਤੀ ਸੀ ਕਿ ਜੇਕਰ ਲੋਕ ਉਨਖ਼ਾਂ ਦੀ ਪਾਰਟੀ ਨੂੰ ਸੱਤਾ ਦਿੰਦੇ ਹਨ ਤਾਂ ਪੰਜਾਬ ਵਿੱਚ ਦਲਿਤ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ। ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਬਣੀ ਨੂੰ 20 ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਦਲਿਤਾਂ ਦੇ ਮੁੱਦੇ ਅਤੇ ਸਮੱਸਿਆਵਾਂ ਦੇ ਹੱਲ ਲਈ ਠੋਸ ਕਦਮ ਨਹੀਂ ਚੁੱਕੇ ਗਏ ਹਨ।ਪੰਜਾਬ ਵਿੱਚ ਮੁੱਖ ਮੰਤਰੀ, ਸਪੀਕਰ ਅਤੇ ਡਿਪਟੀ ਸਪੀਕਰ ਸਮੇਤ 18 ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ ਜਿਹਨਾਂ ਵਿੱਚ 05 ਦਲਿਤ ਮੰਤਰੀ ਬਣਾਏ ਗਏ ਹਨ ਪਰੰਤੂ ਕਿਸੇ ਵੀ ਦਲਿਤ ਨੂੰ ਉੱਪ ਮੁੱਖ ਮੰਤਰੀ ਨਹੀਂ ਬਣਾਇਆ ਗਿਆ ਹੈ। ਆਪ ਵਲੋਂ 07 ਵਿਅਕਤੀਆਂ ਨੂੰ ਰਾਜ ਸਭਾ ਵਿੱਚ ਭੇਜਿਆ ਗਿਆ ਹੈ ਪਰੰਤੂ ਇਨਖ਼ਾਂ ਵਿੱਚ ਇੱਕ ਵੀ ਦਲਿਤ ਨਹੀਂ ਹੈ। ਪੰਜਾਬ ਵਿੱਚ ਦਲਿਤਾਂ ਦੇ ਪਿਛਲੇ ਕਈ ਸਾਲਾਂ ਤੋਂ ਕੁੱਝ ਵਿਸ਼ੇਸ਼ ਮੁੱਦੇ ਲਟਕੇ ਹੋਏ ਸਨ ਜਿਹਨਾਂ ਨੂੰ ਲੈਕੇ ਅਕਸਰ ਹੀ ਵਿਚਾਰ ਚਰਚਾ ਅਤੇ ਸੰਘਰਸ਼ ਹੁੰਦਾ ਰਿਹਾ ਹੈ ਜਿਨਖ਼ਾਂ ਨੂੰ ਲੈਕੇ ਲੋਕਾਂ ਵਿੱਚ ਆਸ ਸੀ ਕਿ ਪੰਜਾਬ ਵਿੱਚ ਬਦਲਾਅ ਲਈ ਬਣੀ ਆਪ ਦੀ ਸਰਕਾਰ ਇਨਖ਼ਾਂ ਮੁੱਦਿਆਂ ਤੇ ਕੰਮ ਜਰੂਰ ਕਰੇਗੀ ਪਰ ਇਹ ਮਸਲੇ ਅਜੇ ਵੀ ਅਣਸੁਲਝੇ ਪਏ ਹਨ ਜਿਹਨਾਂ ਵਿੱਚ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਪੋਸਟ ਮੈਟਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਅਤੇ ਜਿੰਮੇਬਾਰ ਪ੍ਰਬੰਧਕਾਂ ਖਿਲਾਫ ਕਾਰਵਾਈ ਕਰਨਾ, ਦਲਿਤ ਵਿਦਿਆਰਥੀਆਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਣਾ, ਵਿਦਿਆਰਥੀਆਂ ਦੇ ਰੋਲ ਨੰਬਰ ਅਤੇ ਡੀਗਰੀਆਂ ਜੋਕਿ ਵਜੀਫਿਆਂ ਕਾਰਨ ਰੁਕੀਆਂ ਹਨ ਜਾਰੀ ਕਰਵਾਉਣਾ, ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ।ਅਨੁਸੂਚਿਤ ਜਾਤਾਂ ਦੇ ਕਰਮਚਾਰੀ ਅਪਣੀਆਂ ਮੰਗਾਂ ਨੂੰ ਲੈਕੇ ਸੰਘਰਸ਼ ਕਰ ਰਹੇ ਹਨ,ਬਹੁਤੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਟੈਸਟ ਅਤੇ ਦਵਾਈਆਂ ਦੇ ਨਾਮ ਤੇ ਮਰੀਜਾਂ ਦੀ ਆਰਥਿਕ ਲੁੱਟ ਹੋ ਰਹੀ ਹੈ, ਦਲਿਤ ਅਪਣੇ ਹਿੱਸੇ ਦੀ ਪੰਚਾਇਤੀ ਜਮੀਨ ਲਈ ਸੰਗਰੂਰ ਅਤੇ ਹੋਰ ਕਈ ਇਲਾਕਿਆਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ, ਸਕਾਲਰਸ਼ਿਪ ਦੇ ਘਪਲੇ ਵਿੱਚ ਅਧਿਕਾਰੀਆਂ ਅਤੇ ਵਿਦਿਅਕ ਅਦਾਰਿਆਂ ਖਿਲਾਫ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ।


ਵਿਦਿਆਰਥੀ ਅਪਣੇ ਰੋਲ ਨੰਬਰਾ ਅਤੇ ਡਿਗਰੀਆਂ ਲਈ ਪ੍ਰੇਸ਼ਾਨ ਹੋ ਰਹੇ ਹਨ। ਹੁਸ਼ਿਆਰਪੁਰ ਜ਼ਿਲਖ਼ੇ ਵਿੱਚ ਪੈਂਦੇ ਸ਼੍ਰੀ ਗੁਰੂ ਰਵਿਦਾਸ ਨਾਲ ਸਬੰਧਿਤ ਸ਼੍ਰੀ ਖੁਰਾਲਗੜਖ਼ ਸਾਹਿਬ ਪ੍ਰਮੁੱਖ ਇਤਿਹਾਸਕ ਅਤੇ ਧਾਰਮਿਕ ਸਥਾਨ ਹੈ ਜਿੱਥੇ ਅਪ੍ਰੈਲ 2016 ਨੂੰ ਸਰਕਾਰ ਵਲੋਂ ਮਿਨਾਰ ਏ ਬੇਗਮਪੁਰਾ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਜੋ ਅਜੇ ਤੱਕ ਮੁਕੰਮਲ ਨਹੀਂ ਹੋਇਆ ਹੈ। ਪੰਜਾਬ ਸਰਕਾਰ ਵਲੋਂ ਬੇਸ਼ੱਕ ਸਰਕਾਰੀ ਦੱਫਤਰਾਂ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸਹੀਦ ਭਗਤ ਸਿੰਘ ਦੀਆਂ ਫੋਟੋਆਂ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰੰਤੂ ਪੰਜਾਬ ਵਿੱਚ ਬਣੇ ਡਾਕਟਰ ਅੰਬੇਡਕਰ ਭਵਨਾਂ ਦੀ ਖਸਤਾ ਹਾਲਤ ਵਿਕਾਸ ਕਾਰਜਾਂ ਦੀ ਪੋਲ ਖੋਲਦੀ ਹੈ। ਸਰਕਾਰ ਵਲੋਂ 26 ਨਵੰਬਰ ਨੂੰ ਸੰਵਿਧਾਨ ਦਿਵਸ ਨੂੰ ਭੁਲਾ ਦਿਤਾ ਗਿਆ ਅਤੇ 14 ਅਪ੍ਰੈਲ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਅਤੇ 06 ਦਸੰਬਰ ਨੂੰ ਪ੍ਰੀਨਿਰਵਾਣ ਦਿਵਸ ਮੌਕੇ ਵੀ ਸਰਕਾਰੀ ਤੌਰ ਤੇ ਕੋਈ ਪ੍ਰੋਗਰਾਮ ਨਜਰ ਨਹੀਂ ਆਇਆ ਹੈ। ਦਲਿਤਾਂ ਦੀ ਭਲਾਈ ਲਈ ਸਥਾਪਿਤਪੰਜਾਬ ਰਾਜ ਅਨੁਸੂਚਿਤ ਜਾਤਿ ਆਯੋਗ ਵੀ ਅਜੇ ਤੱਕ ਅਧੂਰਾ ਹੀ ਹੈ। ਪੰਜਾਬ ਵਿੱਚ ਸਿਖਿੱਆ ਦਾ ਅਧਿਕਾਰ ਪੂਰੀ ਤਰਾਂ ਲਾਗੂ ਨਹੀਂ ਕੀਤਾ ਗਿਆ ਹੈ। ਜਿਲਖ਼ਾ ਪੱਧਰ ਤੇ ਬਣਨ ਵਾਲੇ ਹੋਸਟਲਾਂ ਦਾ ਕੋਈ ਜਿਕਰ ਤੱਕ ਨਹੀਂ ਹੋ ਰਿਹਾ ਹੈ। ਅਨੁਸੂਚਿਤ ਜਾਤੀਆਂ ਲਈ ਬਣਾਏ ਗਏ ਐਸ ਸੀ ਕੰਪੋਨੈਂਟ ਪਲਾਨ ਵਿੱਚ ਪਿਛਲੀਆਂ ਸਰਕਾਰਾਂ ਵੇਲੇ ਵੱਡੇ ਪੱਧਰ ਤੇ ਘਪਲੇਬਾਜੀ ਹੋਈ ਹੈ ਪ੍ਰੰਤੂ ਅਜੇ ਤੱਕ ਇਸ ਸਬੰਧੀ ਮੌਜੂਦਾ ਸਰਕਾਰ ਵਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ। ਪਿਛਲੀ ਸਰਕਾਰ ਵੇਲੇ ਵਿਧਾਨ ਸਭਾ ਵਿੱਚ ਵੱਖ ਵੱਖ ਤਰਾਂ ਦੇ ਕਰਮਚਾਰੀਆਂ ਦੀ ਹੋਈ ਭਰਤੀ ਵਿੱਚ ਅਨੁਸੂਚਿਤ ਜਾਤਾਂ ਲਈ ਰਾਖਵਾਂਕਰਣ ਲਾਗੂ ਨਾਂ ਕਰਨ ਦਾ ਮੁੱਦਾ ਚੌਣਾਂ ਦੌਰਾਨ ਭਾਰੂ ਰਿਹਾ ਸੀ ਪ੍ਰੰਤੂ ਅਜੇ ਤੱਕ ਇਸ ਸਬੰਧੀ ਕਿਸੇ ਤਰਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਖੜੋਤ ਆ ਗਈ ਹੈ ਅਤੇ ਪੰਜਾਬ ਵਿੱਚ ਖੇਤ ਮਜਦੂਰਾਂ ਲਈ ਸਰਕਾਰ ਵਲੋਂ ਯੋਗ ਮੁਆਵਜ਼ਾ ਨਹੀਂ ਦਿਤਾ ਜਾ ਰਿਹਾ ਹੈ। ਸਫਾਈ ਕਰਮਚਾਰੀ ਅਜੇ ਤੱਕ ਨਿਗੁਣੀ ਤਨਖਾਹ ਤੇ ਕੰਮ ਕਰ ਰਹੇ ਹਨ। ਜਾਅਲੀ ਐਸ ਸੀ ਸਰਟੀਫਿਕੇਟਾਂ ਦੇ ਅਧਾਰ ਤੇ ਵਿਦਿਅਕ ਅਦਾਰਿਆਂ ਵਿੱਚ ਹੋ ਰਹੇ ਦਾਖਲਿਆਂ ਅਤੇ ਸਰਕਾਰੀ ਨੌਕਰੀਆਂ ਵਿੱਚ ਭਰਤੀ ਹੋ ਰਹੇ ਵਿਅਕਤੀਆਂ ਖਿਲਾਫ ਕਾਰਵਾਈ ਸੁੱਸਤ ਚਾਲ ਨਾਲ ਹੋ ਰਹੀ ਹੈ। ਆਮ ਆਦਮੀ ਪਾਰਟੀ ਵਲੋਂ ਚੌਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਕੀਤੇ ਗਏ ਵਾਅਦੇ ਕਦੋਂ ਪੂਰੇ ਹੋਣਗੇ ਇਹ ਸਰਕਾਰ ਦੇ 20 ਮਹੀਨੇ ਬੀਤਣ ਤੇ ਅਜੇ ਤੱਕ ਬੁਝਾਰਤ ਹੀ ਬਣਿਆ ਹੋਇਆ ਹੈ।

‘ਦੇਸ਼ ਦੁਆਬਾ’
‘ਅੰਬੇਡਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### 10 ਦਸੰਬਰ, ਮਨੁੱਖੀ ਅਧਿਕਾਰ ਦਿਵਸ 'ਤੇ ਵਿਸ਼ੇਸ਼

# ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਚਿੰਤਾਜਨਕ



ਐਸ ਐਲ ਵਿਰਦੀ ਐਡਵੋਕੇਟ
91-98145 17499

ਸੰਯੁਕਤ ਰਾਸ਼ਟਰ ਦੀ ਮਹਾਂ-ਸਭਾ ਨੇ 10 ਦਸੰਬਰ, 1948 ਨੂੰ ਸੰਸਾਰ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਕੀਤੀ। ਇਸ ਸਰਵ-ਵਿਆਪੀ ਘੋਸ਼ਣਾ ਪੱਤਰ ਦੇ ਆਰਟੀਕਲ ਇਕ ਅਨੁਸਾਰ-'ਸਾਰੇ ਵਿਅਕਤੀ ਸੁਤੰਤਰ ਹੀ ਪੈਦਾ ਹੋਏ ਹਨ ਅਤੇ ਗੌਰਵ ਤੇ ਅਧਿਕਾਰਾਂ ਸਬੰਧੀ ਸਾਰੇ ਬਰਾਬਰ ਹੁੰਦੇ ਹਨ। ਉਹਨਾਂ ਕੋਲ ਤਰਕਸ਼ੀਲਤਾ ਅਤੇ ਅੰਤਰ ਆਤਮਾ ਹੁੰਦੀ ਹੈ। ਉਹਨਾਂ ਨੂੰ ਇੱਕ-ਦੂਜੇ ਨਾਲ ਭਰਾਤਰੀ-ਭਾਵ ਕਰਨਾ ਚਾਹੀਦਾ ਹੈ। 2. ਇਸ ਘੋਸ਼ਣਾ ਵਿੱਚ ਅੰਕਿਤ ਅਧਿਕਾਰਾਂ ਅਤੇ ਸੁਤੰਤਰਤਾਵਾਂ ਲਈ ਸਭ ਮਨੁੱਖ ਬਰਾਬਰ ਦੇ ਹੱਕਦਾਰ ਹਨ। ਇਹਨਾਂ ਅਧਿਕਾਰਾਂ ਸਬੰਧੀ ਕਿਸੇ ਨਾਲ ਵੀ ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਰਾਜਨੀਤੀ, ਜਾਂ ਕੋਈ ਹੋਰ ਵਿਚਾਰ, ਰਾਸ਼ਟਰੀ ਜਾਂ ਸਮਾਜਿਕ ਸੰਬੰਧ, ਸੰਪਤੀ, ਜਨਮ ਜਾਂ ਕਿਸੇ ਹੋਰ ਰੁਤਬੇ ਦੇ ਅਧਾਰ 'ਤੇ ਕੋਈ ਵਿਤਕਰਾ ਜਾਂ ਅੰਤਰ ਨਹੀਂ ਕੀਤਾ ਜਾਵੇਗਾ। 3. ਕਿਸੇ ਵੀ ਮਨੁੱਖ ਨੂੰ ਗੁਲਾਮੀ ਜਾਂ ਅਧੀਨਗੀ ਹੇਠ ਨਹੀਂ ਰੱਖਿਆ ਜਾਵੇਗਾ ਅਤੇ ਹਰੇਕ ਰੂਪ ਵਿੱਚ ਗੁਲਾਮੀ ਦੀ ਮਨਾਹੀ ਹੋਵੇਗੀ। 4.ਕਾਨੂੰਨ ਦੇ ਸਾਹਮਣੇ ਸਭ ਸਮਾਨ ਹਨ ਅਤੇ ਬਿਨਾਂ ਕਿਸੇ ਵਿਤਕਰੇ ਦੇ ਸਾਰਿਆਂ ਨੂੰ ਕਾਨੂੰਨ ਦੀ ਸਮਾਨ ਸੁਰੱਖਿਆ ਦਾ ਅਧਿਕਾਰ ਪ੍ਰਾਪਤ ਹੈ। ਇਸੇ ਤਰਾਂ ਮਨੁੱਖੀ ਅਧਿਕਾਰਾਂ ਬਾਰੇ ਬਾਕੀ ਦੇ 5ਤੋਂ 30 ਤਕ ਆਰਟੀਕਲ ਹਨ।

ਸੰਯੁਕਤ ਰਾਸ਼ਟਰ ਵਲੋਂ ਘੋਸ਼ਿਤ ਕੀਤੇ ਗਏ ਸਰਵ-ਵਿਆਪੀ ਮਨੁੱਖੀ ਅਧਿਕਾਰਾਂ ਨੂੰ ਮੱਦੇਨਜ਼ਰ ਰੱਖਦਿਆਂ ਭਾਰਤੀ ਸੰਵਿਧਾਨ ਘਾੜਿਆਂ ਨੇ ਸੰਵਿਧਾਨ ਦੇ ਆਰਟੀਕਲ 14 ਰਾਂਹੀ ਸਭ ਨੂੰ ਬਰਾਬਰ ਅਧਿਕਾਰ ਦਿੱਤੇ ਤੇ ਆਰਟੀਕਲ 15 ਵਿਚ ਇਹ ਸਪੱਸ਼ਟ ਕੀਤਾ ਗਿਆ ਕਿ ਕਿਸੇ ਨਾਲ ਵੀ ਧਰਮ, ਨਸਲ, ਜਾਤ, ਲਿੰਗ ਅਤੇ ਸਥਾਨ ਦੇ ਅਧਾਰ 'ਤੇ ਭਾਦ ਭਾਵ ਨਹੀ ਕੀਤਾ ਜਾ ਸਕਦਾ। ਕਿਉਕਿ ਸਦੀਆਂ ਤੋਂ ਸਮਾਜ ਵਿਚ ਜਾਤੀ ਭੇਦ ਭਾਵ ਚਲਦਾ ਆ ਰਿਹਾ ਹੈ ਇਸ ਲਈ ਸੰਵਿਧਾਨ ਦੇ ਆਰਟੀਕਲ 17 ਰਾਂਹੀ ਛੂਆ-ਛਾਤ ਨੂੰ ਅਪਰਾਧ ਘੋਸ਼ਿਤ ਕੀਤਾ ਗਿਆ ਤੇ ਇਸ ਦੀ ਉਲੰਘਣਾ ਕਰਨ 'ਤੇ ਸਜਾ ਵਾਸਤੇ 'ਸਿਵਲ ਅਧਿਕਾਰਾਂ ਦੀ ਹਿਫ਼ਾਜਿਤ ਐਕਟ 1955' ਬਣਾਇਆ ਗਿਆ। ਦੇਸ਼ ਵਿਚ ਜਾਤੀ ਭੇਦ ਭਾਵ ਨੂੰ ਠਿੱਲ੍ਹ ਨਾ ਪੈਦੀ ਦੇਖ ਇਸ ਨੂੰ ਹੋਰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ 'ਕਨੂੰਨੀ ਸੇਵਾਵਾਂ ਅਥਾਰਟੀਜ ਐਕਟ 1987' ਅਤੇ 'ਅਨੁਸੂਚਿਤ ਜਾਤਾਂ ਤੇ ਅਨੁਸੂਚਿਤ ਕਬੀਲੇ (ਅੱਤਿਆਚਾਰ ਨਿਵਾਰਨ) ਐਕਟ 1989 ਅਤੇ 2015 'ਚ ਇਸ ਨੂੰ ਸੋਧ ਕੇ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ।

ਪ੍ਰੰਤੂ ਦੇਸ਼ ਵਿਚ ਵਿਸ਼ੇਸ਼ ਕਨੂੰਨਾਂ ਅਤੇ ਉਪਰਾਲਿਆਂ ਦੇ ਬਾਵਜੂਦ ਵੀ ਦਲਿਤਾਂ ਉੱਤੇ ਹੋ ਰਹੇ ਅੱਤਿਆਚਾਰ ਬੰਦ ਨਹੀਂ ਹੋ ਰਹੇ। ਪਿਛਲੇ ਹਫਤੇ ਗੁਜਰਾਤ ਦੇ ਮੋਰਬੀ ਸ਼ਹਿਰ ਦੇ ਨਿਲੇਸ਼ ਦਲਸਾਨੀਆਂ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਵਿਭੂਤੀ ਪਟੇਲ ਰਾਣੀਬਾ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ ਦੀ ਮਾਲਕਣ ਨੇ ਅਕਤੂਬਰ 'ਚ ਉਸ ਨੂੰ 12,000 ਰੁਪਏ ਦੀ ਮਹੀਨਾਵਾਰ ਤਨਖਾਹ 'ਤੇ ਨੌਕਰੀ 'ਤੇ ਰੱਖਿਆ ਸੀ। ਪਰ ਮਾਲਕਨ ਨੇ 18 ਅਕਤੂਬਰ ਨੂੰ ਉਸ ਨੂੰ ਅਚਾਨਕ ਹੀ ਬਰਖਾਸਤ ਕਰ ਦਿੱਤਾ। ਜਦੋਂ ਉਸ ਨੇ ਕੰਪਨੀ ਵਿੱਚ ਕੰਮ ਕਰਨ ਲਈ 16 ਦਿਨਾਂ ਦੀ ਆਪਣੀ ਤਨਖਾਹ ਦੀ ਮੰਗ ਕੀਤੀ ਤਾਂ ਮਾਲਕਾਂ ਨੇ ਉਸ ਦੀ ਕੁੱਟਮਾਰ ਕੀਤੀ। ਮਾਲਕਨ ਨੇ ਉਸ ਨੂੰ ਥੱਪੜ ਮਾਰਿਆ, ਫਿਰ ਘੜੀਸਿਆ ਤੇ ਫਿਰ ਆਪਣੀ ਜੁੱਤੀ ਮੇਰੇ ਮੂੰਹ ਵਿੱਚ ਪਾ ਦਿੱਤੀ ਤੇ ਮੁਆਫੀ ਮੰਗਣ ਲਈ ਕਿਹਾ।

ਪਿਛਲੇ ਮਹੀਨੇ 31 ਅਕਤੂਬਰ ਨੂੰ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਬਾਂਦਾ ਦੇ ਪਤੌਰਾ ਪਿੰਡ ਦੀ ਇੱਕ ਆਟਾ ਮਿੱਲ ਵਿੱਚੋਂ ਇੱਕ 40 ਸਾਲਾ ਦਲਿਤ ਔਰਤ ਦੀ ਬਦਸੂਰਤ ਲਾਸ਼ ਮਿਲੀ, ਜਿਸ ਨਾਲ ਸਮੂਹਿਕ ਬਲਾਤਕਾਰ ਹੋਇਆ ਸੀ। ਪੁਲੀਸ ਨੇ 1 ਨਵੰਬਰ ਨੂੰ ਧਾਰਾ 302, 376, ਆਈ. ਪੀ. ਸੀ. ਤੇ ਐਸ. ਸੀ. ਐਸ. ਟੀ. ਐਕਟ 1989 ਤਹਿਤ ਮੁਕੱਦਮਾ ਦਰਜ ਕੀਤਾ। ਮਨੁੱਖੀ ਅਧਿਕਾਰਾਂ ਨੂੰ ਸਮਰਪਤ ਜਥੇਬੰਦੀਆਂ, ਦਲਿਤ ਡਿਗਨਟੀ ਐਂਡ ਜਸਟਿਸ ਸੈਂਟਰ, ਬੁੰਧੇਲਖੰਡ, ਦਲਿਤ ਅਧਿਕਾਰ ਮੰਚ, ਵਿਦਿਆ ਧਾਮ ਸੰਮਤੀ, ਚੰਗਿਆੜੀ ਸੰਗਾਠਨ, ਯੂਥ ਫਾਰ ਹਿਊਮਨ ਰਾਈਟਸ ਦੀ ਵਕੀਲਾਂ ਅਧਾਰਤ ਬਣੀ ਸਾਂਝੀ ਕਮੇਟੀ ਨੇ ਆਪਣੀ ਫੈਕਟਸ ਫਾਂਈਡਿੰਗ ਰਿਪੋਰਟ 'ਚ ਕਿਹਾ ਹੈ ਕਿ 40 ਸਾਲਾ ਦਲਿਤ ਔਰਤ ਨੂੰ ਦਿਨ ਦੇ ਢਾਈ ਵਜੇ ਮਿੱਲ ਦੀ ਦਿਵਾਰ ਲਿੱਪਣ ਲਈ ਘਰੋਂ ਬੁਲਾਇਆ ਗਿਆ ਸੀ। ਮਿੱਲ 'ਚ ਗੈਂਗ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਰਿਪੋਰਟ 'ਚ ਪੀੜਤ ਔਰਤ ਦੀ ਲੜਕੀ ਦੇ ਬਿਆਨਾਂ ਅਨੁਸਾਰ ਦੱਸਿਆ ਗਿਆ ਕਿ ਗੁਆਂਢੀ ਦੇ ਦੱਸਣ 'ਤੇ ਉਹ ਮਿੱਲ ਵੱਲ ਗਈ ਤਾਂ ਗੇਟ ਬੰਦ ਸੀ। ਉਸ ਦੇ ਬਾਰ ਬਾਰ ਚਿਲਾਉਣ 'ਤੇ ਮਿੱਲ ਮਾਲਕ ਨੇ ਗੇਟ ਖੋਲ੍ਹਿਆ ਤਾਂ ਉਸ ਨੇ ਆਪਣੀ ਮਾਂ ਦੀ ਬਦਸੂਰਤ ਲਾਸ਼ ਦੇਖੀ। ਜਦ ਮੈਂ ਉਥੇ ਹਾਜਰ ਪੰਜ ਛੇ ਆਦਮੀਆਂ ਵਲ੍ਹ ਦੇਖਿਆ ਤਾਂ ਉਹਨਾਂ 'ਚੋਂ ਦੋ ਉਥੋਂ ਯਕਦਮ ਦੌੜ ਗਏ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਹੁਣ ਪੁਲੀਸ ਉਚ ਜਾਤੀ ਦੋਸ਼ੀਆਂ ਨੂੰ ਇਹ ਕਹਿਕੇ ਬਚਾ ਰਹੀ ਹੈ ਕਿ ਔਰਤ ਦੀ ਮਸ਼ੀਨ ਵਿੱਚ ਆਉਣ ਕਾਰਨ ਮੌਤ ਹੋਈ, ਜਦ ਕਿ ਰਿਪੋਰਟ ਅਨੁਸਾਰ ਉਸ ਦਿਨ ਪਿੰਡ ਵਿੱਚ ਬਿਜਲੀ ਦਾ ਕੱਟ ਸੀ।




6 ਜੁਲਾਈ 2023 ਨੂੰ ਮੱਧ ਪ੍ਰਦੇਸ਼ ਵਿੱਚ ਇਕ ਉਚ ਜਾਤੀ ਦਬੰਗ ਆਗੂ ਨੇ ਇੱਕ ਆਦਿਵਾਸੀ ਨੌਜਵਾਨ ਦੇ ਮੂੰਹ 'ਤੇ ਪਿਸ਼ਾਬ ਕਰਕੇ ਉਸ ਨੂੰ ਸ਼ਰੇਆਮ ਅਪਮਾਨਤ ਕੀਤਾ। ਆਦਿਵਾਸੀ ਤਾਂ ਰੋਜ਼ੀ ਕਾਰਨ ਡਰ ਦੇ ਮਾਰੇ ਚੁੱਪ ਰਿਹਾ। ਪਰ ਇਕ ਆਦਮੀ ਨੇ ਉਸ ਦੀ ਵੀਡੀਓ ਬਣਾ ਲਈ ਸੀ। ਵੀਡੀਓ ਬਣਾਉਣ ਵਾਲੇ ਨੇ ਵੀਡੀਓ ਵਾਇਰਲ ਕਰ ਦਿੱਤੀ ਤਾਂ ਕੇਸ ਦਰਜ ਹੋਇਆ। ਯੂ.ਪੀ ਸੋਨਊੱਦਰਾ ਵਿਖੇ ਇੱਕ ਦਲਿਤ ਵਿਅਕਤੀ ਦੀ ਕੁੱਟਮਾਰ ਕਰਨ ਅਤੇ ਆਪਣੀਆਂ ਚੱਪਲਾਂ ਚੱਟਣ ਲਈ ਮਜਬੂਰ ਕੀਤਾ ਗਿਆ। ਇਹ ਘਟਨਾ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੇ ਦਮਨ ਦੀ ਮੂੰਹ ਬੋਲਦੀ ਤਸਵੀਰ ਹੈ।

ਗੁਜਰਾਤ ਦੇ ਜ਼ਿਲ੍ਹਾ ਪਤਨਦੇ ਪਿੰਡ ਕਾਨੋਸਨ ਦੇ ਇੱਕ ਦਲਿਤ ਡਿਪੂ ਹੋਲਡਰ ਦਾ ਉਚ ਜਾਤੀ ਲੋਕਾਂ ਨੇ ਸਮਾਜਿਕ ਬਾਈਕਾਟ ਕੀਤਾ ਹੋਇਆ ਹੈ। 'ਦੀ ਰਾਈਟ ਟੂ ਫੂਡ' ਕੰਪੇਨ ਦੇ ਕਨਵੀਨਰ ਅਨੁਸਾਰ ਪਿੰਡ ਵਿੱਚ ਕਾਂਤੀ ਪਰਮਾਰ ਨਾਂਮ ਦਾ ਇੱਕ ਦਲਿਤ ਪਿਛਲੇ 30 ਸਾਲਾਂ ਤੋਂ ਡੀਪੂ ਹੋਲਡਰ ਹੈ। ਦੋ ਸਾਲ ਪਹਿਲਾਂ ਇੱਕ ਉਚ ਜਾਤ ਦਾ ਲੀਡਰ ਕਾਂਤੀ ਪਰਮਾਰ ਪਾਸੋਂ ਰਾਸ਼ਨ ਲੈਣ ਆਇਆ। ਪਰ ਉਸ ਦਾ ਰਾਸ਼ਨ ਕਾਰਡ ਠੀਕ ਨਾ ਹੋਣ ਕਾਰਨ ਕਾਂਤੀ ਪਰਮਾਰ ਨੇ ਰਾਸ਼ਨ ਨਾ ਦਿੱਤਾ। ਉਚ ਜਾਤੀ ਲੀਡਰ ਨੇ ਇਸ ਨੂੰ ਆਪਣਾ ਅਪਮਾਨ ਸਮਝਦਿਆਂ ਉਸ ਨੇ ਦਲਿਤ ਡੀਪੂ ਹੋਲਡਰ ਖ਼ਿਲਾਫ਼ ਝੂਠੀ ਸ਼ਿਕਾਇਤ ਕਰ ਦਿੱਤੀ। ਜ਼ਿਲ੍ਹਾ ਡੀ.ਸੀ. ਨੇ ਕਾਂਤੀ ਪਰਮਾਰ ਦਾ ਡਿਪੂ ਲਾਇਸੈਂਸ ਰੱਦ ਕਰ ਦਿੱਤਾ ਅਤੇ ਉਸ ਦੇ ਡਿਪੂ ਦੇ ਰਾਸ਼ਨ ਕਾਰਡ ਵੇਲਦਾ ਪਿੰਡ ਦੇ ਡੀਪੂ 'ਚ ਟਰਾਂਸਫਰ ਕਰ ਦਿੱਤੇ। ਉਚ ਜਾਤੀਆਂ ਨੇ ਕਾਂਤੀ ਪਰਮਾਰ ਦਾ ਬਾਈਕਾਟ ਕਰ ਦਿੱਤਾ। ਨਿਰਾਸ਼ਾ 'ਚ ਮਜ਼ਬੂਰ ਕਾਂਤੀ ਪਰਮਾਰ ਨੇ ਜ਼ਹਿਰ ਖਾ ਲਈ। ਉਹ ਬਚ ਤਾਂ ਗਿਆ ਪਰ ਗੰਭੀਰ ਹਾਲਤ ਕਾਰਨ ਉਸ ਦੀ ਲੱਤ ਕੱਟਣੀ ਪਈ।

ਉਤਰ ਪ੍ਰਦੇਸ਼ ਦੇ ਖੈਰਾਗੜ੍ਹ ਦੀ ਇੱਕ ਕੁਸ਼ਵਾਹਾ ਜਾਤੀ ਦੀ ਲੜਕੀ ਨੇ ਆਪਣੇ ਰਾਜਪੂਤ ਪ੍ਰੇਮੀ ਨਾਲ ਵਿਆਹ ਕਰਵਾ ਲਿਆ। ਦਬੰਗ ਮਾਪਿਆਂ ਨੇ ਉਹਨਾਂ ਨੂੰ ਕਤਲ ਕਰ ਦਿੱਤਾ। ਮੱਧ ਪ੍ਰਦੇਸ਼ ਵਿਚ ਇਕ ਦਲਿਤ ਲੜਕੇ ਨੂੰ ਇਸ ਲਈ ਮਾਰ ਦਿੱਤਾ ਗਿਆ ਕਿ ਉਸ ਨੇ ਠਾਕੁਰ ਪਰਿਵਾਰ ਦੀ ਲੜਕੀ ਨਾਲ ਵਿਆਹ ਕਿਉ ਕਰਵਾਇਆ ਹੈ। ਹਰਿਆਣਾ ਦੇ ਰੋਹਤਕ ਜ਼ਿਲ੍ਹੇ ਵਿੱਚ ਇੱਕ ਜਾਟ ਮੁਟਿਆਰ ਨੇ ਇੱਕ ਦਲਿਤ ਲੜਕੇ ਨਾਲ ਆਪਣੀ ਮਨ ਮਰਜੀ ਨਾਲ ਵਿਆਹ ਕਰਵਾ ਲਿਆ। ਘਰਦਿਆਂ ਦੇ ਗੁੱਸੇ ਤੋਂ ਬਚਣ ਲਈ ਉਹਨਾਂ ਨੇ ਅਦਾਲਤ ਪਾਸੋਂ ਪੁਲਿਸ ਸੁਰੱਖਿਆ ਲਈ ਹੋਈ ਸੀ। ਇਕ ਦਿਨ ਜਦੋਂ ਉਸ ਨੂੰ ਅਦਾਲਤੀ ਪੇਸ਼ੀ ਲਈ ਰੋਹਤਕ ਲਿਆਂਦਾ ਜਾ ਰਿਹਾ ਸੀ ਤਾਂ ਮੋਟਰਸਾਈਕਲ ਸਵਾਰ ਦਬੰਗ ਹਮਲਾਵਰਾਂ ਨੇ ਉਸ ਨੂੰ ਅਤੇ ਉਸ ਦੇ ਸੁਰੱਖਿਅਤ ਪੁਲਿਸ ਗਾਰਡ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਗੁਜਰਾਤ ਵਿੱਚ ਇੱਕ ਦਲਿਤ ਲੜਕੇ ਦੀ ਉਸ ਦੇ ਅਖੌਤੀ ਉੱਚ ਜਾਤੀ ਸਹੁਰਿਆਂ ਨੇ ਉਚ ਜਾਤੀ ਹੰਕਾਰ 'ਚ ਹੱਤਿਆ ਕਰਕੇ ਆਪਣੀ ਧੀ ਵਿਧਵਾ ਕਰ ਦਿੱਤੀ। ਦਲਿਤਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਤੇ ਭੇਦ ਭਾਵ ਸਕੂਲਾਂ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਭਾਰਤ ਸਰਕਾਰ ਦੇ ਮਾਨਵ ਸੰਸਾਧਨ ਮੰਤਰਾਲੇ ਵਲੋਂ ਤਿਆਰ ਕੀਤੀ ਗਈ ਇਕ ਤਾਜ਼ਾ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਦੇਸ਼-ਵਿਦੇਸ਼ ਦੀਆਂ 41 ਨਿਰਪੱਖ ਏਜੰਸੀਆਂ ਵਲੋਂ ਮਿਡ ਡੇ ਮੀਲ ਯੋਜਨਾਂ ਦਾ ਮੱਧ ਪ੍ਰਦੇਸ਼, ਉੜੀਸਾ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਗੁਜਰਾਤ ਰਾਜਾਂ ਦੇ 180 ਸਕੂਲਾਂ ਦਾ ਨਿਰੀਖਣ ਕਰਦਿਆਂ ਇਹ ਗੱਲ ਆਮ ਦੇਖੀ ਗਈ ਹੈ ਕਿ ਉਥੇ ਜਾਤ-ਪਾਤ ਦੇ ਅਤੇ ਮੁੰਡੇ ਕੁੜੀ ਦੇ ਅਧਾਰ 'ਤੇ, ਬੱਚਿਆਂ ਨੂੰ ਭੋਜਨ ਦੇਣ ਲਈ ਵੱਖ-ਵੱਖ ਰਖਿਆ ਜਾਦਾਂ ਹੈ। ਜਿਹੜੇ ਸਕੂਲਾਂ ਵਿਚ, ਦਲਿਤ ਰਸੋਈਏ ਖਾਣਾ ਤਿਆਰ ਕਰਦੇ ਹਨ, ਉਥੇ ਉਚ ਜਾਤੀਆਂ ਦੇ ਬੱਚੇ ਤੇ ਉਨ੍ਹਾਂ ਦੇ ਮਾਪੇ ਵੀ ਭੋਜਨ ਲੈਣ ਤੋਂ ਇੰਨਕਾਰ ਕਰ ਦਿੰਦੇ ਹਨ। ਉਹ ਐਲਾਨੀਆ ਕਹਿੰਦੇ ਹਨ, ਕਿ ਉਹ ਦਲਿਤਾਂ ਦੇ ਹੱਥਾਂ ਦਾ ਤਿਆਰ ਕੀਤਾ ਭੋਜਨ ਨਹੀ ਖਾਣਗੇ। ਰੋਹਤਾਸ ਦੇ ਸਕੂਲ ਵਿੱਚ ਮਿਡ-ਡੇ-ਮੀਲ ਬਣਾਉਣ ਵਾਲੀ ਦਲਿਤ ਔਰਤ ਨੂੰ ਸਵਰਨਾ ਨੇ ਘਸੀਟ ਕੇ ਰਸੋਈ ਵਿੱਚੋਂ ਬਾਹਰ ਕੱਢ ਦਿੱਤਾ।

ਪਿਛਲੇ ਦਿਨੀਂ ਕਰਨਾਟਕਾ ਹਾਈ ਕੋਰਟ ਨੇ ਐਸ. ਸੀ. ਐਸ. ਟੀ. ਐਕਟ ਤਹਿਤ ਦਰਜ ਹੋਏ ਕੇਸ ਨੂੰ ਰੱਦ ਕਰਨ ਬਾਰੇ ਮੁਲਜ਼ਮਾਂ ਵਲੋਂ ਪਾਈ ਗਈ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਇਸ ਕੇਸ ਦਾ ਸੰਖੇਪ ਇਹ ਹੈ ਕਿ ਕਰਨਾਟਕਾ ਦੇ ਜ਼ਿਲ੍ਹਾ ਦਾਵਨਗੇਰੇ ਦੇ ਵਿਨਆਕਾ ਨਗਰ ਦੀ ਸ਼ਵਿਥਰਮਾ ਨਾਂ ਦੀ ਇੱਕ ਦਲਿਤ ਔਰਤ ਆਪਣੇ ਪਤੀ ਤੇ ਪੁੱਤਰ ਸਾਥ 17 ਸਤੰਬਰ, 2016 ਨੂੰ ਦੇਵੀ ਚੌਦੇਸ਼ਵਰ ਮੰਦਰ 'ਚ ਮੱਥਾ ਟੇਕਣ ਗਈ, ਪਰ ਉਚ ਜਾਤੀ ਦਬੰਗਾਂ ਨੇ ਦਲਿਤਾਂ ਨੂੰ ਜਾਤੀ ਸੂਚਕ ਗਾਲ੍ਹਾਂ ਕੱਢੀਆਂ, ਬੁਰੀ ਤਰ੍ਹਾਂ ਅਪਮਾਨਤ ਕੀਤਾ ਅਤੇ ਉਹਨਾਂ ਨੂੰ ਮੰਦਰ ਅੰਦਰ ਨਹੀ ਜਾਣ ਦਿੱਤਾ। ਕਾਫੀ ਜੱਦੋਜਹਿਦ ਤੋਂ ਬਾਅਦ ਐਸ. ਸੀ. ਐਸ. ਟੀ. ਐਕਟ ਤਹਿਤ ਕੇਸ ਦਰਜ ਹੋਇਆ। ਦਬੰਗਾਂ ਨੇ ਕੇਸ ਨੂੰ ਰੱਦ ਕਰਵਾਉਣ ਲਈ ਕਰਨਾਟਕਾ ਹਾਈ ਕੋਰਟ ਵਿੱਚ ਪਟੀਸ਼ਨ ਪਾਈ ਕਿ ਦੇਵੀ ਦਾ ਮੰਦਰ ਉਹਨਾਂ ਦੀ ਵਿਰਾਸਤ ਹੈ। ਛੂਆਛਾਤ ਤੇ ਅੱਤਿਆਚਾਰ ਦੀ ਘਟਨਾ ਪਬਲਿਕ ਪਲੇਸ 'ਤੇ ਨਹੀਂ ਵਾਪਰੀ, ਇਸ ਲਈ ਐਸ. ਸੀ. ਐਸ. ਟੀ. ਐਕਟ 1989 ਉਹਨਾਂ 'ਤੇ ਲਾਗੂ ਨਹੀਂ ਹੁੰਦਾ। ਮਾਨਯੋਗ ਹਾਈਕੋਰਟ ਨੇ ਕਿਹਾ ਕਿ ਪਹਿਲਾਂ ਤਾਂ ਸ਼ਡੂਲਡਕਾਸਟਾਂ ਨੂੰ ਮੰਦਰ ਵਿੱਚ ਜਾਣ ਤੋਂ ਰੋਕਣਾ ਹੀ ਪਿਛਾਂਹ ਖਿੱਚੂ, ਝਗੜਨ ਤੇ ਅਪਮਾਨਤ ਕਰਨ ਵਾਲੀ ਗੱਲ ਹੈ। ਦੂਜਾ ਘਟਨਾ ਮੰਦਰ ਦੇ ਗੇਟ 'ਤੇ ਵਾਪਰੀ, ਮੰਦਰ ਸਭ ਲਈ ਸਾਂਝਾ ਪਬਲਿਕ ਪਲੇਸ ਹੈ, ਕੋਈ ਕਿਸੇ ਨੂੰ ਰੋਕ ਨਹੀਂ ਸਕਦਾ। ਇਹ ਵਿਵਹਾਰ ਉਹਨਾਂ ਨਾਲ ਇਸ ਕਰਕੇ ਕੀਤਾ ਗਿਆ ਕਿਉਂਕਿ ਪੀੜਤ ਸ਼ਡੂਲਡਕਾਸਟ ਹਨ। ਇਸ ਕਰਕੇ ਦੋਸ਼ੀਆਂ ਉਪਰ ਐਸ. ਸੀ. ਐਸ. ਟੀ. ਐਕਟ ਲਾਗੂ ਹੁੰਦਾ ਹੈ। ਦੇਵੀ ਮੰਦਰ ਕੁਝ ਲੋਕਾਂ ਦਾ ਨਹੀਂ ਸਭ ਦਾ ਹੈ। ਇਸ ਲਈ ਦੋਸ਼ੀਆਂ ਦੀ ਕੇਸ ਨੂੰ ਰੱਦ ਕਰਨ ਦੀ ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।

ਦੇਸ਼ ਦੇ ਗ੍ਰਹਿ ਵਿਭਾਗ ਨੇ ਰਾਜਾਂ ਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਨੂੰ ਇੱਕ ਪੱਤਰ ਲਿਖ ਕੇ ਕਿਹਾ ਹੈ ਕਿ ਦਲਿਤਾਂ 'ਤੇ ਦਿਨੋ ਦਿਨ ਵੱਧ ਰਹੇ ਅੱਤਿਆਚਾਰਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ। ਪੱਤਰ ਵਿੱਚ ਕਿਹਾ ਗਿਆ ਹੈ ਕਿ ਐਸ ਸੀ. ਐਸ ਟੀ ਐਕਟ ਤਹਿਤ ਐਫ.ਆਈ.ਆਰ. ਦਰਜ਼ ਹੋਣ 'ਤੇ ਵੀ ਕੋਈ ਕਾਰਵਾਈ ਨਹੀਂ ਹੁੰਦੀ, ਜਦਕਿ ਡੀ.ਐਸ.ਪੀ. ਨੇ 60 ਦਿਨਾਂ 'ਚ ਇਨਕੁਆਰੀ ਪੂਰੀ ਕਰਨੀ ਹੁੰਦੀ ਹੈ। ਪੱਤਰ 'ਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ 2018 ਦੀ ਐਸ ਸੀ. ਐਸ ਟੀ ਐਕਟ ਦੀ ਸੋਧ ਅਨੁਸਾਰ ਐਫ.ਆਈ.ਆਰ ਲਈ ਪਹਿਲਾਂ ਇਨਕੁਆਰੀ ਦੀ ਕੋਈ ਜ਼ਰੂਰਤ ਨਹੀਂ ਹੈ। ਪੀੜਤ ਦੇ ਬਿਆਨ ਨੂੰ ਮੱਦੇਨਜ਼ਰ ਰੱਖ ਕੇ ਕਾਨੂੰਨ ਦੀਆਂ ਧਾਰਾਵਾਂ ਲਾਉਣੀਆਂ ਚਾਹੀਦੀਆਂ ਹਨ। ਜਦ ਕਿ ਕਮਜ਼ੋਰ ਧਾਰਾਵਾਂ ਲਾਈਆਂ ਜਾਂਦੀਆਂ ਹਨ। ਗ੍ਰਹਿ ਮੰਤਰਾਲੇ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਸ਼ਡੂਲਡ ਕਾਸਟ ਤੇ ਸ਼ਡੂਲਡ ਟਰਾਈਬਜ਼ ਦੇ ਕੇਸਾਂ ਨੂੰ ਸ਼ੁਰੂ ਤੋਂ ਲੈ ਕੇ ਅੰਤ ਤੱਕ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਸਪੈਸ਼ਲ ਅਫਸਰ ਲਾਏ ਜਾਣ ਤੇ ਨਿਆਂ ਨੂੰ ਪ੍ਰਭਾਵੀ ਬਣਾਉਣ ਲਈ ਏਜੰਸੀਆਂ 'ਤੇ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ। ਪ੍ਰੰਤੂ ਵਿਸ਼ੇਸ਼ ਕਨੂੰਨਾਂ ਅਤੇ ਉਪਰਾਲਿਆਂ ਦੇ ਬਾਵਜੂਦ ਵੀ ਦਲਿਤਾਂ ਉੱਤੇ ਹੋ ਰਹੇ ਅੱਤਿਆਚਾਰ ਬੰਦ ਨਹੀਂ ਹੋ ਰਹੇ। ਨੈਸ਼ਨਲ ਬਿਊਰੋ ਆਫ਼ ਕਰਾਈਮ ਬ੍ਰਾਂਚ ਦੀ ਰਿਪੋਰਟ ਅਨੁਸਾਰ ਹਰ ਹਫ਼ਤੇ 13 ਦਲਿਤਾਂ ਦੀ ਹੱਤਿਆ, 6 ਦਲਿਤਾਂ ਦਾ ਅਪਹਰਣ, 3 ਦਲਿਤਾਂ ਔਰਤਾਂ ਨਾਲ ਹਰ ਰੋਜ਼ ਬਲਾਤਕਾਰ, 11 ਦਲਿਤਾਂ ਦਾ ਹਰ ਰੋਜ਼ ਉਤਪੀੜਨ, 18 ਮਿੰਟ 'ਚ ਇੱਕ ਦਲਿਤ 'ਤੇ ਘਨੋਣਾ ਅੱਤਿਆਚਾਰ ਅਤੇ 5 ਦਲਿਤਾਂ ਦੇ ਘਰ ਬਾਰ ਸਾੜ ਦਿੱਤੇ ਜਾਂਦੇ ਹਨ। ਐਸ ਸੀ ਕਮਿਸ਼ਨ ਅਨੁਸਾਰ ਹਰ ਸਾਲ ਇਕ ਲੱਖ ਤੋਂ ਵੱਧ ਅੱਤਿਆਚਾਰ ਦਲਿਤਾਂ 'ਤੇ ਹੁੰਦੇ ਹਨ। ਸਰਕਾਰਾਂ ਨੂੰ ਦਲਿਤ ਮਜ਼ਦੂਰ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨੀ ਚਾਹੀ ਦੀ ਹੈ।

# ਪਹਿਲੀ ਵਾਰ ਦੇਖੀ ਟਾਹੋ ਲੇਕ !



ਹਰਜੀ ਹਰਪ੍ਰੀਤ ਕੌਰ
209-637-7351

ਜੰਮਪਲ ਮੈਂ ਪੰਜਾਬ ਦੀ ਹਾਂ ਪਰ ਅਜਕਲ ਆਪਣੇ ਮਾਤਾ ਪਿਤਾ ਨਾਲ ਕੈਲੇਫੋਰਨੀਆਂ ਸਟੇਟ ਦੀ ਰਾਜਧਾਨੀ ਸੈਕਰਾਮੈਂਟੋ ਸ਼ਹਿਰ ਵਿੱਚ ਰਹਿ ਰਹੀ ਹਾਂ। ਕਈ ਸਹੇਲੀਆਂ ਪਾਸੋਂ ਟਾਹੋ ਲੇਕ ਦੀ ਸੁੰਦਰਤਾ ਬਾਰੇ ਸੁਣ ਸੁਣ ਕੇ ਕਈ ਵਾਰ ਖੁਦ ਉੱਥੇ ਜਾਣ ਲਈ ਦਿਲ ਕਾਹਲ਼ਾ ਪੈਣਾ।ਬੀਤੇ ਨਵੰਬਰ ਵਿੱਚ ਹੀ ਮੇਰੇ ਪਿਤਾ ਜੀ ਨੇ ਇਹ ਝੀਲ ਦੇਖਣ ਦੀ ਮੇਰੀ ਰੀਝ ਪੂਰੀ ਕਰ ਦਿੱਤੀ!

ਕੋਸੀ ਕੋਸੀ ਧੁੱਪ ਅਤੇ ਮਿੰਨ੍ਹੀਂ ਮਿੰਨ੍ਹੀ ਰੁਮਕਦੀ ਹਵਾ ਵਾ਼ਲੇ ਸੁਹਾਵਣੇ ਮੌਸਮ ਵਿੱਚ ਅਸੀਂ ਸੈਕਰਾਮੈਂਟੋ ਤੋਂ ਟਾਹੋ ਲੇਕ ਲਈ ਚੱਲ ਪਏ। ਆਪਣੇ ਨਾ਼ਲ ਖਾਣ ਪੀਣ ਵਾਸਤੇ ਅਸੀਂ ਕੁੱਝ ਸਮਾਨ ਰੱਖ ਲਿਆ। ਰਾਹ ਵਿੱਚ ਉੱਚੇ-ਉੱਚੇ ਦੇਵਦਾਰ ਦੇ ਹਰੇ ਭਰੇ ਰੁੱਖ ਦੇਖ ਦੇਖ ਕੇ ਮੈਂ ਸੋਚ ਰਹੀ ਸਾਂ ਕਿ ਵਾਹਿਗੁਰੂ ਸੁਹਾਵਣੀ ਕੁਦਰਤ ਸਾਜ ਕੇ ਖੁਦ ਇਸ ਵਿੱਚ ਹੀ ਰਮਿਆਂ ਹੋਇਆ ਹੈ! ਅਜਿਹੇ ਹਰਿਆਲੀ ਵਾ਼ਲੇ ਦ੍ਰਿਸ਼ ਦਿਲਾਂ ਨੂੰ ਖੇੜਾ ਬਖਸ਼ਦੇ ਹਨ। ਦੋ ਕੁ ਘੰਟਿਆਂ ਦੇ ਕਾਰ ਦਾ ਸਫਰ ਮੁਕਾ ਕੇ ਅਸੀਂ 1945 ਮੀਟਰ ਦੀ ਉਚਾਈ 'ਤੇ ਸਥਿੱਤ ਇਸ ਕੁਦਰਤੀ ਅਜੂਬੇ 'ਤੇ ਜਾ ਪਹੁੰਚੇ। ਨੀਲੇ ਪਾਣੀਆਂ ਵਾ਼ਲੀ ਵਿਸ਼ਾਲ ਝੀਲ ਸਾਹਵੇਂ ਦੇਖ ਕੇ ਮੈਂ ਹੈਰਾਨ ਹੋ ਗਈ ਸਾਂ ਕਿਉਂਕਿ ਏਡੀ ਵੱਡੀ ਝੀਲ ਮੈਂ ਪਹਿਲੀ ਵਾਰ ਦੇਖ ਰਹੀ ਸਾਂ!ਨੀਲੀ ਸਿਆਹੀ ਵਰਗੇ ਪਾਣੀ ਉੱਤੇ ਸੂਰਜ ਦੀਆਂ ਕਿਰਨਾਂ ਪੈਣ ਨਾਲ ਇੰਜ ਜਾਪ ਰਿਹਾ ਸੀ ਜਿਵੇਂ ਕਿਸੇ ਨੇ ਝੀਲ ਉੱਤੇ ਅਗਣਤ ਚਮਕੀਲੇ ਹੀਰੇ ਮੋਤੀ ਖਿਲਾਰ ਦਿੱਤੇ ਹੋਣ! ਝੀਲ ਦੇ ਵਿਚਕਾਰ ਬਣੇ ਹੋਏ ਇੱਕ ਪੁ਼ਲ ਉੱਤਲੇ ਦਰਖਤਾਂ ਉੱਤੇ ਕਈ ਸੈਲਾਨੀਆਂ ਵਲੋਂ ਹਰੇ ਰੰਗ ਦੇ ਤਾ਼ਲੇ ਲਾਏ ਹੋਏ ਸਨ ਜਿਨ੍ਹਾਂ ਬਾਰੇ ਪਤਾ ਲੱਗਾ ਕਿ ਵੱਖੋ ਵੱਖਰੀਆਂ ਕਾਮਨਾਂ ਦੀ ਪੂਰਤੀ ਦੀ ਆਸ ਨਾਲ ਇਹ ਸੈਲਾਨੀਆਂ ਵਲੋਂ ਹੀ ਲਾਏ ਜਾਂਦੇ ਹਨ।



ਮੈਂ ਦੇਖ ਰਹੀ ਸਾਂ ਕਿ ਇੱਕ ਪਿਆਰਾ ਜਿਹਾ ਬੱਚਾ ਪਤੰਗ ਉਡਾ ਰਿਹਾ ਸੀ ਤੇ ਉਸਦੇ ਮੰਮੀ ਡੈਡੀ ਉਸਦੀ ਸਹਾਇਤਾ ਕਰ ਰਹੇ ਸਨ ਤਾਂ ਕਿ ਪਤੰਗ ਉੱਚੀ ਉਡਾਈ ਜਾ ਸਕੇ।ਬੱਚੇ ਦੀਆਂ ਭੋ਼ਲੀਆਂ ਭਾ਼ਲੀਆਂ ਗੱਲਾਂ ਸਭ ਦਾ ਮਨ ਮੋਹ ਰਹੀਆਂ ਸਨ ! ਆਕਾਸ਼ ਵਿੱਚ ਕਈ ਪੰਛੀ ਉਡਾਰੀਆਂ ਮਾਰ ਰਹੇ ਸਨ।ਅਸੀਂ ਇੱਕ ਬੈਂਚ ਉੱਤੇ ਬੈਠ ਕੇ ਨਿੱਘੀ ਧੁੱਪ ਅਤੇ ਸ਼ਾਨਦਾਰ ਚੌਗਿਰਦੇ ਦਾ ਖ਼ੂਬ ਅਨੰਦ ਮਾਣਿਆਂ। ਤੁਰਦਿਆਂ ਫਿਰਦਿਆਂ ਅਸੀਂ 'ਮਹਿਫਿਲ' ਨਾਂ ਦਾ ਇੰਡੀਅਨ ਢਾਬਾ ਲੱਭਿਆ ਜਿੱਥੇ ਟਿੱਕੀ ਛੋਲੇ ਛਕਣ ਉਪਰੰਤ ਗਰਮਾਂ ਗਰਮ ਚਾਹ ਪੀਤੀ। ਉੱਥੇ ਬੈਠਿਆਂ ਜਦ ਬਹੁਤੇ ਭਾਰਤੀ ਸੈਲਾਨੀ ਇੱਕ ਦੂਜੇ ਨੂੰ 'ਸਤਿ ਸ੍ਰੀ ਅਕਾਲ' ਬੁਲਾ ਰਹੇ ਦੇਖੇ ਤਾਂ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਮੈਂ ਗੁਰੂ ਸਾਹਿਬਾਨ ਦੀ ਵਰੋਸਾਈ ਧਰਤਿ ਪੰਜਾਬ ਦੇ ਕਿਸੇ ਢਾਬੇ ਵਿੱਚ ਬੈਠੀ ਹੋਵਾਂ! ਸ਼ਾਮ ਪਏ ਜਦ ਸੂਰਜ ਢਲਣ ਲੱਗਾ ਤਾਂ ਅਸੀਂ ਵਾਪਸ ਮੁੜਨ ਲਈ ਤਿਆਰੀ ਕੀਤੀ।ਹੁਣ ਅਸਮਾਨ ਦਾ ਰੰਗ ਜੰਗਾਲੀ ਜਿਹੀ ਭਾਅ ਮਾਰ ਰਿਹਾ ਸੀ। ਸਾਰਾ ਦਿਨ ਕੁਦਰਤ ਦੇ ਸੁਹੱਪਣ ਦਾ ਅਨੰਦ ਮਾਨਣ ਬਾਅਦ ਪੈ ਰਹੀ ਸ਼ਾਮ ਦੇਖ ਕੇ ਮੈਂ ਸੋਚ ਰਹੀ ਸਾਂ ਕਿ ਕੁਦਰਤ ਸਾਨੂੰ ਸੰਦੇਸ਼ ਦੇ ਰਹੀ ਹੈ ਕਿ ਜਿੰਦਗੀ ਵੀ ਕਈ ਰੰਗ ਬਦਲਦੀ ਰਹਿੰਦੀ ਹੈ। ਸਾਨੂੰ ਖੁਸ਼ੀਆਂ ਦੇ ਪਲ ਮਾਣਦਿਆਂ ਹੋਇਆਂ ਓਸ ਕਰਤੇ ਪੁਰਖ ਦਾ ਸ਼ੁਕਰਾਨਾ ਕਰਦੇ ਰਹਿਣਾ ਚਾਹੀਦਾ ਹੈ। ਟਾਹੋ ਲੇਕ ਤੋਂ ਮੁੜਨ ਲੱਗਿਆਂ ਮੈਂ ਵਾਰ ਵਾਰ ਵਿਸ਼ਾਲ ਪਾਣੀਆਂ ਨੂੰ ਨਿਹਾਰ ਰਹੀ ਸਾਂ!ਦਿਲ ਹੀ ਦਿਲ ਸੋਚ ਰਹੀ ਸਾਂ ਕਿ ਵਾਹਿਗੁਰੂ ਕਰੇ ਇਹ ਸੁਹਾਵਣਾ ਸਫਰ ਫਿਰ ਜਲਦੀ ਕਰੀਏ!

*# (ਲੇਖਿਕਾ, ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਦੀ ਬੇਟੀ ਹੈ)*


# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਕਰਮਜੀਤ ਅਨਮੋਲ ਨੇ ਸੀ.ਐੱਮ ਨੂੰ ਦਿੱਤਾ 'ਗੁਲਦਸਤਾ 2023'

ਸਟਾਰ ਅਭਿਨੇਤਾ ਕਰਮਜੀਤ ਅਨਮੋਲ ਦਾ ਯਾਰਾਨਾ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਪੁਰਾਣਾ ਹੈ। ਕਰਮਜੀਤ ਅਨਮੋਲ ਨੇ ਪੰਜਾਬ ਪੁਲਿਸ ਲਈ ਜਲੰਧਰ ਵਿਖੇ ਸਾਰੀ ਪੰਜਾਬੀ ਫ਼ਿਲਮ ਨਗਰੀ ਤੇ ਚੋਟੀ ਦੇ ਗਾਇਕ ਇਕੱਠੇ ਕਰ ਕਿ 'ਗੁਲਦਸਤਾ 2023' ਪ੍ਰੋਗਰਾਮ ਕਰਵਾ ਕਿ 'ਯਾਰੀਆਂ' ਨਿਭਾ ਦਿਖਾਈਆਂ।







ਫ਼ਿਲਮਾਂ 'ਚ ਬੱਲੇ- ਬੱਲੇ ਹੈ ਤੇ ਗਾਇਕੀ ਸ਼ਿਖ਼ਰਾਂ ਵੱਲ ਹੈ। ਭਗਵੰਤ ਮਾਨ ਜੀ ਦੀ ਹਰ ਸੱਭਿਆਚਾਰਕ, ਕਲਾਕਾਰੀ ਸੋਚ ਨੂੰ ਅਸਲੀ ਜਾਮਾ ਕਰਮਜੀਤ ਅਨਮੋਲ ਬਾਖ਼ੂਬੀ ਪਹਿਨਾ ਰਹੇ ਹਨ। ਕਰਮਜੀਤ ਅਨਮੋਲ ਪ੍ਰਤੀ ਸੀ. ਐੱਮ. ਭਗਵੰਤ ਸਿੰਘ ਮਾਨ ਦੇ ਦਿਲ 'ਚ ਦਿਲੀ ਪਿਆਰ ਹੈ।







### ਇੰਦਰਜੀਤ ਕੁਮਾਰ ਬੋਲੇ 'ਕਿਸ ਮੀ ਕਰਸ'

ਹਾਲੀਵੁੱਡ ਲਈ ਨਵੀਂ ਫ਼ਿਲਮ 'ਕਿਸ ਮੀ ਕਰਸ' ਸ਼ੁਰੂ ਹੋਈ ਹੈ ਤੇ ਇਹ ਇੰਦਰ ਕੁਮਾਰ ਬਣਾ ਰਹੇ ਹਨ। ਇੰਦਰ ਦੀ ਇਹ ਫ਼ਿਲਮ ਰੁਮਾਂਟਿਕ ਹੋਏਗੀ। ਇੰਦਰ ਜਿਸਨੇ ਵਿਨ ਡੀਜਲ, ਸਕਾਰਲੈਟ, ਐਮਾ ਆਦਿ ਸਟਾਰਜ ਨਾਲ ਕੰਮ ਕੀਤਾ ਹੈ 'ਕਿਸ ਮੀ ਕਰਸ' ਨੂੰ ਨਵੇਂ ਹਾਲੀਵੁੱਡ ਪ੍ਰਤਿਭਾਵਾਨ ਸਿਤਾਰੇ ਵੀ ਦੇ ਰਹੇ ਹਨ। ਇੰਦਰ ਕੁਮਾਰ ਦੀ ਤਮੰਨਾ ਤਾਂ ਇਹ ਹੀ ਹੈ ਕਿ ਹਾਲੀਵੁੱਡ ਤੋਂ ਬਾਅਦ ਇਸ ਫ਼ਿਲਮ ਦਾ ਅਗਲਾ ਭਾਗ ਬਾਲੀਵੁੱਡ ਲਈ ਵੀ ਤਿਆਰ ਕੀਤਾ ਜਾਏ।

### ਯੋਗਰਾਜ ਸਿੰਘ ਦੀ ਤਾਕਤ

ਇਸ ਉਮਰ ਵਿੱਚ ਵੀ ਕੱਲ੍ਹ ਕਨੇਡਾ, ਪਰਸੋਂ ਆਸਟਰੇਲੀਆ ਤੇ ਫ਼ਲਾਇਟ ਲੈ ਕਿ ਸਿੱਧਾ ਗੰਗਾਨਗਰ ਤੋਂ ਉਥੋਂ ਪਟਿਆਲਾ ਲਗਾਤਾਰ 'ਉੱਚਾ ਦਰ ਬਾਬੇ ਨਾਨਕ ਦਾ', 'ਸ਼ਾਇਰ', 'ਕੁੜੀ ਹਰਿਆਣੇ ਵੱਲ ਦੀ' ਫ਼ਿਲਮਾਂ ਦੀ ਸ਼ੂਟਿੰਗ ਕਰਨ ਵਾਲੇ ਯੋਗਰਾਜ ਸਿੰਘ ਦੀ ਜੋਸ਼ੀਲੀ ਤਾਕਤ ਦਾ ਰਾਜ ਹੈ ਸਿਮਰਨ ਤੇ ਸੇਵਾ, ਹਰ ਸਮੇਂ ਤੂੰ ਹੀ ਤੂੰ ਹੀ ਅਕਾਲ ਪੁਰਖ, ਸਤਿਨਾਮ ਦਾ ਸਿਮਰਨ, ਚੁਪਿਹਰੇ ਤੇ ਭਗਤੀ ਨੇ ਜਵਾਨ ਕਰ ਦਿੱਤਾ ਹੈ। ਮੰਨਣਾ ਪਏਗਾ ਕਿ ਯੋਗਰਾਜ ਸਿੰਘ ਤੇ ਸੇਵਾ-ਸਿਮਰਨ ਦਾ ਅਸਰ ਅਕਾਲ ਪੁਰਖ ਸਿਹਤਯਾਬੀ ਨਾਲ ਦੇ ਰਿਹਾ ਹੈ।

### ਇਕਬਾਲ ਢਿੱਲੋਂ ਦੀ ਨਵੀਂ 'ਬਦਲਾ ਜੱਟੀ ਦਾ' ਫ਼ਿਲਮ

ਹਿੱਟ ਦਾ ਫ਼ਾਰਮੂਲਾ ਨਾਂਅ ਹੀ ਇਕਬਾਲ ਢਿੱਲੋਂ ਦਾ ਹੈ ਤੇ ਆਪਣੇ ਸਮੇਂ ਦੁਕਾਨਾਂ ਤੇ ਬਾਜਾਰ ਬੰਦ ਕਿ ਅੱਜ 'ਬਦਲਾ ਜੱਟੀ ਦਾ' ਟੀ. ਵੀ. ਤੇ ਆਉਣੀ ਏ ਤੇ ਇਹੀ ਦੇਖ ਹੁਣ 'ਬਦਲਾ ਜੱਟੀ ਦਾ' ਨਵੀਂ ਤਕਨੀਕ ਤੇ ਸੰਗੀਤ ਨਾਲ ਨਵੇਂ ਸਿਰੇ ਤੋਂ ਇਕਬਾਲ ਬਣਾਉਣ ਜਾ ਰਿਹਾ ਹੈ। ਗੁੱਗੂ ਗਿੱਲ ਪੱਕਾ ਹੋਏਗਾ ਤੇ ' ਜੱਗਾ', 'ਗੁਲਾਬੋ' ਤੇ 'ਬਾਕੀ ਕਿਰਦਾਰਾਂ' ਦੀ ਚੋਣ ਜਲਦੀ ਹੋਵੇਗੀ। ਯਾਦ ਰਹੇ 'ਅਰਜਨ ਵੈਲੀ' ਦਾ ਜਿਕਰ ਇਕਬਾਲ ਦੀ ਹੀ ਫ਼ਿਲਮ 'ਪੁੱਤ ਜੱਟਾਂ ਦੇ' 'ਚ ਸਭ ਤੋਂ ਪਹਿਲਾਂ ਹੋਇਆ ਸੀ।

### ਦਰਸ਼ਨ ਔਲਖ ਨਾਲ ਧੋਖਾ

ਲੋਕਾਂ ਤਾਂ ਬਾਲੀਵੁੱਡ- ਹਾਲੀਵੁੱਡ ਦੇ ਲਾਇਨ ਨਿਰਮਾਤਾ ਤੇ ਐਕਟਰ ਦਰਸ਼ਨ ਔਲਖ ਨੂੰ ਨਹੀਂ ਬਖਸ਼ਿਆ, ਨਵੇਂ ਤਾਂ ਆਮ ਗੱਲ ਹੈ। ਅੰਮ੍ਰਿਤਸਰ ਵਿਖੇ ਦਰਸ਼ਨ ਔਲਖ ਨੇ ਟਰਾਂਸਪੋਰਟ ਤੋਂ ਲੈ ਕਿ ਸਾਰੇ ਪ੍ਰਬੰਧ ਮੁੰਬਈ ਦੇ ਨਿਰਮਾਤਾ ਲਈ ਕਰਵਾਏ। ਲੱਖਾਂ ਰੁਪਏ ਬਣਨ ਤੇ ਰਾਤੋ-ਰਾਤ ਨਿਰਮਾਤਾ ਖਿਸਕ ਗਿਆ ਤੇ ਲੱਖਾਂ ਦਾ ਨੁਕਸਾਨ ਸੈਂਕੜੇ ਦੇ ਕਰੀਬ ਫ਼ਿਲਮਾਂ ਕਰਨ ਵਾਲੇ ਦਰਸ਼ਨ ਔਲਖ ਦਾ ਇਸ ਤਰ੍ਹਾਂ ਹੋ ਗਿਆ।

### ਰਾਮ ਭੋਗਪੁਰ ਤੋਂ ਮੁੰਬਈ ਦਾ ਕਬਜਾ

ਸੰਗੀਤ ਖੇਤਰ ਵਿੱਚ ਸਹੀ ਗੱਲ ਕਿ ਭੋਗਪੁਰ ਪੰਜਾਬ ਤੋਂ ਜਾ ਕਿ ਮੁੰਬਈ ਵਿਖੇ ਸੰਗੀਤ ਖੇਤਰ ਦਾ ਕਬਜਾ ਕਾਫ਼ੀ ਹੱਦ ਤੱਕ ਰਾਮ ਭੋਗਪੁਰ ਨੇ ਕਰ ਲਿਆ ਹੈ। ਜਸਪਿੰਦਰ ਨਰੂਲਾ, ਉਦਿਤ ਨਰਾਇਣ, ਸਾਧਨਾ ਸਰਗਮ ਉਸ ਲਈ ਗਾ ਰਹੇ ਹਨ। ਸ਼ਿਲਪਾ ਸ਼ੈਟੀ ਤੱਕ ਉਸ ਦੇ ਕੰਮ ਦੀ ਕਾਇਲ ਰਹੀ ਹੈ। ਅਮਰੀਕਾ ਰਹਿ ਕਿ ਬਾਲੀਵੁੱਡ ਸੰਗੀਤ ਲਈ ਕੰਮ ਕਰ ਰਹੇ ਰਾਮ ਭੋਗਪੁਰ ਦਾ ਵੱਡਾ ਸਹਾਰਾ ਬਾਬਾ ਕਮਲ ਹੈ।

# ਪੰਜਾਬੀ ਕਲਾਕਾਰੀ ਦੀ ਖ਼ੂਬਸੂਰਤ ਪਰਵਾਜ਼ ਦਾ ਨਾਮ ਹੈ "ਕੁਲਦੀਪ ਚੁੰਬਰ"

## ਇੱਕੋ ਸਮੇਂ ਕਈ ਕਲਾਵਾਂ ਦੀ ਭੂਮਿਕਾ ਨਿਭਾਉਣ ਵਾਲਾ ਬਹੁਪੱਖੀ ਕਲਾਕਾਰ

ਪੰਜਾਬੀ ਕਲਾਕਾਰੀ ਦੇ ਖੇਤਰ ਵਿੱਚ ਬਹੁਤ ਕਲਾਕਾਰ ਅਜਿਹੇ ਹਨ ਜੋ ਇਕੋ ਸਮੇਂ ਕਈ ਕਲਾਵਾਂ ਵਿਚ ਕਾਮਯਾਬ ਹੋਣ ਦੀ ਮੁਹਾਰਤ ਰੱਖਦੇ ਹਨ। ਵੈਸੇ ਇੱਕੋ ਸਮੇਂ ਵੱਖ-ਵੱਖ ਖੇਤਰਾਂ ਵਿੱਚ ਆਪਣੀ ਕਲਾ ਦੀ ਧਾਂਕ ਜਮਾਉਣੀ ਕਿਸੇ ਹਾਰੀ ਸਾਰੀ ਕਲਾਕਾਰ ਦੇ ਵੱਸ ਦੀ ਗੱਲ ਨਹੀਂ ਹੈ, ਪਰ ਕੁਝ ਅਜਿਹੇ ਕਲਾਕਾਰ ਹਨ ਜੋ ਇੱਕੋ ਸਮੇਂ ਕਈ ਕਲਾਵਾਂ ਵਿੱਚ ਆਪਣੀ ਮੁਹਾਰਤ ਰੱਖਦੇ ਕਾਮਯਾਬ ਹੋਏ ਹਨ। ਇਹਨਾਂ ਬਹੁਪੱਖੀ ਕਲਾਕਾਰਾਂ ਦੀ ਲੜੀ ਵਿੱਚ ਇੱਕ ਪੰਜਾਬੀ ਕਲਾਕਾਰ "ਕੁਲਦੀਪ ਚੁੰਬਰ" ਦਾ ਨਾਮ ਸਹਿਜੇ ਹੀ ਲਿਆ ਜਾ ਸਕਦਾ ਹੈ। ਜੋ ਕਲਾਕਾਰੀ ਦੀ ਖੂਬਸੂਰਤ ਪਰਵਾਜ਼ ਦਾ ਨਾਮ ਹੈ। "ਕੁਲਦੀਪ ਚੁੰਬਰ" ਪੰਜਾਬੀ ਖੇਤਰ ਦਾ ਅਜਿਹਾ ਬਹੁਪੱਖੀ ਕਲਾਕਾਰ ਹੈ ਜੋ ਇਕੋ ਸਮੇਂ ਗਾਇਕੀ, ਮੰਚ ਸੰਚਾਲਨਾ, ਗੀਤਕਾਰੀ ਅਤੇ ਪੱਤਰਕਾਰੀ ਦੀਆਂ ਭੂਮਿਕਾਵਾਂ ਨਿਭਾਉਂਦਾ ਦੇਖਿਆ ਜਾ ਸਕਦਾ ਹੈ। ਕੁਲਦੀਪ ਚੁੰਬਰ ਮੇਰੇ ਮਿੱਤਰਾਂ ਦੀ ਸੂਚੀ ਵਿੱਚ ਸ਼ਾਮਿਲ ਅਹਿਮ ਨਾਮ ਹੈ, ਜਿਸ ਦੀ ਕਲਾਕਾਰੀ ਦਾ ਸਫ਼ਰ ਸਕੂਲ ਟਾਈਮ ਤੋਂ ਸ਼ੁਰੂ ਹੋ ਗਿਆ ਸੀ ਉਸਦੀ ਗਾਇਕੀ ਰੰਗ ਨੂੰ ਸਕੂਲ ਦੀਆਂ ਸਟੇਜਾਂ ਨੇ ਰੰਗ ਚਾੜਿਆ। ਛੋਟੀਆਂ ਮੋਟੀਆਂ ਸਟੇਜਾਂ ਕਰਕੇ ਉਸਨੇ ਆਪਣੀ ਪਹਿਲਾਂ ਪਹਿਲ ਸੱਭਿਆਚਾਰਕ ਮੇਲਿਆਂ ਵਿੱਚ ਬਤੌਰ ਏ ਗਾਇਕ, ਮੰਚ ਸੰਚਾਲਕ ਫੁੱਲ ਪੈਂਠ ਪਾਈ। ਇਸ ਪ੍ਰਫੁੱਲਤਾ ਨੂੰ ਉਹ ਅੱਜ ਕਨੇਡਾ ਵਿੱਚ ਪ੍ਰਵਾਸ ਕਰਕੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਹੈ। ਪੰਜਾਬ ਵਿੱਚ ਹੋਣ ਵਾਲੇ ਉਚ ਕੋਟੀ ਦੇ ਸੱਭਿਆਚਾਰਕ ਮੇਲਿਆਂ ਵਿੱਚ ਉਸ ਦੀ ਹਾਜ਼ਰੀ ਹਮੇਸ਼ਾ ਯਕੀਨੀ ਰਹੀ ਅਤੇ ਕੋਈ ਹੀ ਅਜਿਹਾ ਕਲਾਕਾਰ ਹੋਵੇਗਾ, ਜਿਸ ਨੂੰ ਉਸਨੇ ਆਪਣੀ ਸਟੇਜ ਤੋਂ ਪੇਸ਼ ਨਾ ਕਰਵਾਇਆ ਹੋਵੇ। ਨਵੇਂ ਅਤੇ ਅਣਗੋਲੇ ਕਲਾਕਾਰਾਂ ਨੂੰ ਸਟੇਜਾਂ ਤੇ ਵਿਲੱਖਣ ਤਰੀਕੇ ਨਾਲ ਪੇਸ਼ ਕਰਕੇ ਸਰੋਤਿਆਂ ਰੂਬਰੂ ਕਰਨਾ ਉਸ ਦਾ ਵੱਡਾ ਤਜਰਬਾ ਹੈ। ਅਨੇਕਾਂ ਮਾਣ ਸਨਮਾਨ ਉਸਦੀ ਝੋਲੀ ਪਏ ਜੋ ਉਸਦੇ ਘਰ ਵਿੱਚ ਸ਼ੋਅ ਕੇਸ ਦਾ ਸ਼ਿੰਗਾਰ ਹਨ। ਕਈ ਸੱਭਿਆਚਾਰਕ ਅਤੇ ਸਾਹਿਤਕ ਸੰਸਥਾਵਾਂ ਦਾ ਚੁੰਬਰ ਮੋਹਰੀ ਹੈ ਅਤੇ ਕਈ ਸੱਭਿਆਚਾਰਕ ਪ੍ਰੋਗਰਾਮ ਦਾ ਉਹ ਬਾਨੀ। ਆਪਣੀ ਹਰ ਅਦਾਇਗੀ ਨਾਲ ਉਹ ਸੱਭਿਆਚਾਰ, ਮਾਂ ਬੋਲੀ, ਸਾਹਿਤ ਵਿਰਸੇ ਦੀ ਸੇਵਾ ਕਰਦਾ ਆ ਰਿਹਾ ਹੈ। ਗਾਇਕੀ ਖੇਤਰ ਵਿੱਚ ਉਸਨੇ ਕਈ ਪੰਜਾਬੀ ਪ੍ਰੋਜੈਕਟ ਅਤੇ ਪੰਜਾਬੀ ਗੀਤ ਸੱਭਿਆਚਾਰ ਦੀ ਝੋਲੀ ਪਾਏ । ਇਸ ਦੇ ਨਾਲ ਨਾਲ ਉਸਨੇ ਅਣਗਿਣਤ ਧਾਰਮਿਕ ਗੀਤ ਅਤੇ ਪ੍ਰੋਜੈਕਟ ਕੀਤੇ, ਡਾ. ਬੀ ਆਰ ਅੰਬੇਡਕਰ ਦੀਆਂ ਰਚਨਾਵਾਂ ਗਾ ਕੇ ਉਸਨੂੰ ਸਕੂਨ ਮਿਲਿਆ। ਜਿਨਾਂ ਨੂੰ ਸਰੋਤਿਆਂ ਨੇ ਸਿਰ ਮੱਥੇ ਕਬੂਲਿਆ ਤੇ ਰੱਜ ਕੇ ਪਿਆਰ ਦਿੱਤਾ। 1990 ਤੋਂ ਆਪਣੇ ਇਸ ਕਲਾਕਾਰੀ ਦੇ ਖੇਤਰ ਨੂੰ ਸ਼ੁਰੂ ਕਰਕੇ ਉਹ ਅੱਜ ਤੱਕ ਸੱਭਿਆਚਾਰਕ ਖੇਤਰ ਦੀ ਸੇਵਾ ਵਿੱਚ ਮਸ਼ਰੂਫ ਹੈ। ਕਲਾਕਾਰੀ



ਦੀ ਸ਼ੁਰੂਆਤ ਉਸਨੇ ਸਵ. ਮੋਹਣ ਬੰਗੜ ਦੀਆਂ ਸਟੇਜਾਂ ਤੇ ਸਹਿਯੋਗੀ ਕਲਾਕਾਰ ਵਜੋਂ ਪੁਖਤਾ ਰੂਪ ਵਿੱਚ ਸ਼ੁਰੂ ਕੀਤੀ। ਆਪਣੀ ਕਲਾਕਾਰੀ ਦੇ ਬਲਬੂਤੇ ਤੇ ਉਹ ਥਾਈਲੈਂਡ, ਦੁਬਈ, ਕਨੇਡਾ, ਅਮਰੀਕਾ ਕਈ ਵਾਰ ਜਾ ਚੁੱਕਾ ਹੈ। ਅੱਜਕੱਲ ਉਹ ਪਿਛਲੇ ਦੋ ਸਾਲ ਤੋਂ ਕਨੇਡਾ ਵਿੱਚ ਕਾਰਜਸ਼ੀਲ ਹੈ। ਚੁੰਬਰ ਨੇ ਦੱਸਿਆ ਕਿ ਕਨੇਡਾ ਵਿੱਚ ਉਸ ਨੇ ਚਾਰ ਪੰਜ ਟੂਰ ਲਗਾਏ ਹਨ, ਜਿਸ ਦੌਰਾਨ ਉਸਨੇ ਵੈਨਕੂਵਰ, ਕੈਲਗਰੀ, ਐਡਮਿੰਟਨ, ਮੌਂਟਰੀਅਲ, ਟੋਰੰਟੋ ਵਿੱਚ ਆਪਣੇ ਪ੍ਰੋਗਰਾਮ ਕੀਤੇ ਅਤੇ ਜਲਦ ਹੀ ਉਹ ਯੂ ਕੇ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਜਾਵੇਗਾ। ਕਨੇਡਾ ਵਿੱਚ ਉਹ ਆਪਣੇ ਪ੍ਰਮੋਟਰ ਸਤਿਕਾਰਯੋਗ ਬਿੱਲ ਬਸਰਾ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹੈ, ਜਿਨਾਂ ਨੇ ਉਸ ਦੀ ਬਾਂਹ ਫੜ ਕੇ ਉਸ ਨੂੰ ਕਨੇਡਾ ਪਹੁੰਚਾਇਆ । ਸਵ. ਜਗਦੇਵ ਸਿੰਘ ਜੱਸੋਵਾਲ ਅਤੇ ਨਾਮਾਨਿਗਾਰ ਗੁਰਮੀਤ ਖਾਨਪੁਰੀ ਦੀ ਪ੍ਰੇਰਨਾ ਨੇ ਉਸ ਨੂੰ ਹਰ ਖੇਤਰ ਵਿੱਚ ਪਰਪੱਕ ਕੀਤਾ। ਗਾਇਕੀ ਖੇਤਰ ਵਿੱਚ ਉਸਨੇ ਉਸਤਾਦ ਗੁਲਜਾਰ ਮੁਹੰਮਦ ਜੀ ਅਤੇ ਸੰਤ ਓਮ ਦਾਸ ਜੀ ਤੋਂ ਸੰਗੀਤਕ ਪ੍ਰੇਰਨਾ ਲਈ। ਪੱਤਰਕਾਰੀ ਦੇ ਖੇਤਰ ਵਿੱਚ ਉਸ ਨੇ ਪੰਜਾਬ ਦੀਆਂ ਅਨੇਕਾਂ ਨਾਮਵਰ ਅਖਬਾਰਾਂ ਤੇ ਮੈਗਜ਼ੀਨ ਨਾਲ ਲੰਬਾ ਸਮਾਂ ਕੰਮ ਕੀਤਾ। ਅੱਜਕੱਲ ਉਹ ਕਈ ਵਿਦੇਸ਼ੀ ਨਿਊਜ਼ ਪੇਪਰਾਂ ਨਾਲ ਅਟੈਚ ਹੈ ਅਤੇ ਪੰਜਾਬ ਦੇ ਸਾਰੇ ਹੀ ਨਵੇਂ ਪੁਰਾਣੇ ਗਾਇਕਾਂ ਦੀਆਂ ਗਤੀਵਿਧੀਆਂ ਨੂੰ ਪੰਜਾਬੀਆਂ ਦੇ ਰੂਬਰੂ ਸਮੇਂ ਸਮੇਂ ਆਪਣੀਆਂ ਲਿਖਤਾਂ, ਆਰਟੀਕਲ, ਖਬਰਾਂ ਨਾਲ ਕਰਦਾ ਰਹਿੰਦਾ ਹੈ। ਗੀਤਕਾਰੀ ਦੇ ਖੇਤਰ ਵਿੱਚ ਉਸਨੇ ਅਣਗਿਣਤ ਗੀਤ ਲਿਖੇ, ਜਿਨਾਂ ਨੂੰ ਕਈ ਪੰਜਾਬ ਦੇ ਗਾਇਕਾਂ ਨੇ ਰਿਕਾਰਡ ਕਰਵਾਇਆ। ਉਹ ਆਪਣੇ ਦਿਲ ਦੀਆਂ ਗੱਲਾਂ ਕਲਮ ਦੀ ਗੰਢਤੁੱਪ ਨਾਲ ਆਪਣੇ ਗੀਤਾਂ ਰਾਹੀਂ ਵੱਖ ਵੱਖ ਸੋਸ਼ਲ ਸਾਈਟਾਂ ਤੇ ਰੂਪਮਾਨ ਕਰਦਾ ਰਹਿੰਦਾ ਹੈ। ਚੁੰਬਰ ਕੋਲ ਕਈ ਕਿਤਾਬਾਂ ਦਾ ਮੈਟਰ ਸਾਂਭਿਆ ਪਿਆ ਹੈ, ਜੋ ਅਣਪ੍ਰਕਾਸ਼ਿਤ ਹੈ। ਉਸ ਨੇ ਕਈ ਕਿਤਾਬਾਂ ਦੀ ਸੰਪਾਦਨਾ ਕੀਤੀ । ਇੱਕ ਧਾਰਮਿਕ ਪੁਸਤਕ ਦਾ ਉਹ ਜਨਮ ਦਾਤਾ, ਅਤੇ ਨੂਰ ਮਿਊਜਿਕ ਸਰਕਲ ਕੰਪਨੀ ਦਾ ਉਹ ਐਮ ਡੀ ਵੀ ਹੈ। ਦੂਰਦਰਸ਼ਨ ਤੇ ਰੇਡੀਓ ਵਿੱਚ ਵੀ ਉਸ ਨੇ ਆਪਣੇ ਪ੍ਰੋਗਰਾਮਾਂ ਰਾਹੀਂ ਸ਼ਮੂਲੀਅਤ ਕੀਤੀ। ਅੱਜ ਉਸ ਦੇ ਅਨੇਕਾਂ ਸ਼ਾਗਿਰਦ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਦੇ ਨਾਮਣਾ ਖੱਟ ਰਹੇ ਹਨ। ਕਲਮ ਦਾ ਸਤਿਕਾਰ ਕਰਦਿਆਂ ਉਹ ਗੀਤਕਾਰ ਮੰਗਲ ਹਠੂਰ, ਰੱਤੂ ਰੰਧਾਵਾ, ਸੁਖਜੀਤ ਝਾਂਸਾ ਵਾਲਾ ਅਤੇ ਹਰ ਚੰਗਾ ਲਿਖਣ ਵਾਲੇ ਨੂੰ ਵੱਡਾ ਮਾਣ ਦਿੰਦਾ ਹੈ। ਸੁਰੀਲੇ ਗਾਇਕਾਂ ਦੀ ਕਲਾਕਾਰੀ ਦਾ ਉਹ ਕਾਇਲ ਹੈ, ਉਸ ਦੀ ਪਹਿਲੀ ਪਸੰਦ ਕਵਾਲੀ ਹੈ। ਉਸਤਾਦ ਸ਼ਾਇਰ ਚਰਨ ਸਿੰਘ ਸਫਰੀ ਅਤੇ ਸੂਫੀ ਕਲਮ ਆਰ ਪੀ ਦੀਵਾਨਾ ਜੀ ਦੇ ਮਿਲੇ ਪਿਆਰ ਨੂੰ ਉਹ ਕਦੇ ਵੀ ਭੁੱਲ ਨਹੀਂ ਸਕਦਾ। ਪਰਮ ਸਤਿਕਾਰਯੋਗ ਸੰਤ ਗੁਰਬਚਨ ਦਾਸ ਜੀ ਦਾ ਆਸ਼ੀਰਵਾਦ ਉਸ ਲਈ ਹਰ ਕਦਮ ਤੇ ਵਡਮੁੱਲਾ ਰਿਹਾ। ਅੱਜਕੱਲ ਉਹ ਆਪਣੀ ਕਲਾਕਾਰੀ ਦੇ ਪਸਾਰ ਲਈ ਕਨੇਡਾ ਵਿੱਚ ਯਤਨਸ਼ੀਲ ਹੈ। ਪਰਮਾਤਮਾ ਅੱਗੇ ਦੁਆ ਕਰਦੇ ਹਾਂ ਤੇ ਉਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋਵੇ ਤੇ ਪੰਜਾਬੀ ਸੱਭਿਆਚਾਰ ਦੀ ਇਸ ਤਰ੍ਹਾਂ ਹੀ ਸੇਵਾ ਕਰਦਾ ਰਹੇ। ਆਮੀਨ !

– ਰਾਜਵਿੰਦਰ ਰੌਤਾ

# ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦੀ ਮਹਿਫ਼ਲ ਨੂੰ ਭਰਵਾਂ ਹੁੰਗਾਰਾ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਅਸ਼ੋਕ ਕੁਮਾਰ (ਮੈਰੀਲੈਂਡ ਮਾਰਕੀਟ) ਅਮਰਜੀਤ ਸਿੰਘ ਬੰਟੀ ਅਤੇ ਸਾਥੀਆਂ ਵਲੋਂ "ਮਿਸਟਰ ਸਿੰਘਸ ਕਰੀ ਪੀਜ਼ਾ" ਤੇ ਰੱਖੀ ਗਈ ਮਹਿਫ਼ਲ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਮਹਿਫ਼ਲ ਵਿੱਚ ਅਸ਼ੋਕ ਕੁਮਾਰ (ਮੈਰੀਲੈਂਡ ਮਾਰਕੀਟ) ਐਡਵੋਕੇਟ ਅਸ਼ਵਨੀ ਭਾਖੜੀ ਜੀ, ਅਮਰਜੀਤ ਸਿੰਘ ਬੰਟੀ, ਅਜੀਤ ਸਿੰਘ ਰੁਮੀਦੀ, ਗੁਰਭੇਜ ਸਿੰਘ, ਦਿਲਜੀਤ ਸਿੰਘ, ਪਰਮਿੰਦਰ ਸਿੰਘ, ਕੁਲਦੀਪ ਸਿੰਘ (ਅਲਫ਼ਾ ਟੋਇੰਗ) ਹੈਰੀ ਗਰੇਵਾਲ, ਮਹਿੰਦਰ ਸਿੰਘ, ਸੋਨੂੰ ਰਾਣਾ, ਦੇਵ ਸ਼ਰਮਾ, ਵਿਜੇ ਵਿਜ਼, ਸੁਭਾਸਿਸ਼ ਜੀ (ਵੀ ਐਸ ਐਫ ਗਲੋਬਲ ਮੈਨੇਜਰ) ਕੈਪਟਨ ਸਾਹਿਬ, ਸੁਰਿੰਦਰ ਕੁਮਾਰ ਜੀ, ਸੀ. ਜੇ. ਸਹਿਬ, ਰਵੀ ਜੀ, ਗਗਨ ਜੀ, ਕਿਸ਼ੋਰ ਕੁਮਾਰ ਅਤੇ ਸਾਨਫਰਾਂਸਿਸਕੋ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਹੈਰੀ ਗਰੇਵਾਲ ਦੁਆਰਾ ਕੀਤੀ ਗਈ, ਸੋਨੂੰ ਰਾਣਾ ਨੇ ਵੀ ਆਪਣੇ ਗੀਤ ਗਾ ਕੇ ਹਾਜ਼ਰੀ ਲਵਾਈ। ਮੁਕੰਦ ਲੂੰਬਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਰਾਤ ਦੇਰ ਤੱਕ ਚੱਲੀ ਸ਼ਇਰੋ ਸ਼ਾਇਰੀ ਦੀ ਮਹਿਫ਼ਲ ਵਿੱਚ ਮੰਗਲ ਹਠੂਰ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਲੜੀ ਲਾ ਦਿੱਤੀ । ਸਾਰੇ ਆਏ ਹੋਏ ਸੱਜਣਾਂ ਤੋਂ ਖ਼ੂਬ ਵਾਹ ਵਾਹ ਖੱਟੀ। ਅਖੀਰ ਵਿੱਚ ਮੰਗਲ ਹਠੂਰ ਦੀ ਪੰਦਰਵੀਂ ਕਿਤਾਬ "ਪਿੰਡ ਦਾ ਗੇੜਾ" ਵੀ ਰੂਬਰੂ ਕੀਤੀ ਗਈ। ਮੰਗਲ ਹਠੂਰ ਵਲੋਂ ਆਏ ਹੋਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।





# ਭਾਰਤੀ ਸੰਵਿਧਾਨ ਦੀ ਸੁਰੱਖਿਆ ਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ: ਸੁਸ਼ੀਲ ਰਿੰਕੂ

## ਰਮਾਬਾਈ ਅੰਬੇਡਕਰ ਯਾਦਗਾਰ ਹਾਲ ਦਾ ਹੋਇਆ ਉਦਘਾਟਨ






















**ਜਲੰਧਰ (ਵਿਵੇਕ ਭਾਟੀਆ/ਤਰਸੇਮ ਜਲੰਧਰੀ–** ਅੰਬੇਡਕਰ ਭਵਨ ਟਰਸਟ (ਰਜਿ.) ਵੱਲੋਂ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਪੰਜਾਬ ਯੂਨਿਟ ਦੇ ਸਹਿਯੋਗ ਨਾਲ ਡਾ. ਅੰਬੇਡਕਰ ਜੀ ਦੀ ਚਰਨ ਛੋਹ ਪ੍ਰਾਪਤ ਭੂਮੀ, ਅੰਬੇਡਕਰ ਭਵਨ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਵਿਸ਼ਵ ਪ੍ਰਸਿੱਧ ਦਾਰਸ਼ਨਿਕ, ਸਮਾਜਿਕ ਬਰਾਬਰੀ ਦੇ ਅਲੰਬਰਦਾਰ ਭਾਰਤ ਰਤਨ ਡਾ। ਭੀਮ ਰਾਓ ਅੰਬੇਡਕਰ ਜੀ ਦੇ 68ਵੇਂ ਪਰਿਨਿਰਵਾਣ ਦਿਵਸ 'ਤੇ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸ੍ਰੀ ਸੁਸ਼ੀਲ ਕੁਮਾਰ ਰਿੰਕੂ ਮੈਂਬਰ ਪਾਰਲੀਮੈਂਟ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਨੇ ਅੰਬੇਡਕਰ ਭਵਨ ਵਿਖੇ ਨਵੇਂ ਉਸਾਰੇ ਗਏ ਰਮਾਬਾਈ ਅੰਬੇਡਕਰ ਯਾਦਗਾਰ ਹਾਲ ਦਾ ਉਦਘਾਟਨ ਕੀਤਾ। ਯਾਦ ਰਹੇ ਕਿ ਇਸ ਹਾਲ ਦੀ ਉਸਾਰੀ ਅਤੇ ਅੰਬੇਡਕਰ ਭਵਨ ਦੇ ਸੁੰਦਰੀਕਰਨ ਲਈ ਸ੍ਰੀ ਰਿੰਕੂ ਨੇ 2021 ਵਿੱਚ ਪੰਜਾਬ ਸਰਕਾਰ ਵੱਲੋਂ 39।57 ਲੱਖ ਰੁਪਏ ਮਨਜ਼ੂਰ ਕਰਵਾਏ ਜਦ ਕਿ ਸ੍ਰੀ ਸ਼ਮਸ਼ੇਰ ਸਿੰਘ ਦੂਲੋ, ਤਤਕਾਲੀ ਮੈਂਬਰ ਰਾਜ ਸਭਾ ਵੱਲੋਂ 20 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ। ਇਸ ਮੌਕੇ ਤੇ ਸ੍ਰੀ ਸੁਸ਼ੀਲ ਰਿੰਕੂ ਨੇ ਆਪਣੇ ਭਾਸ਼ਣ ਵਿੱਚ ਰਮਾਬਾਈ ਅੰਬੇਡਕਰ ਵੱਲੋਂ ਬਾਬਾ ਸਾਹਿਬ ਦੁਆਰਾ ਆਰੰਭੇ ਲੋਕ ਸੰਘਰਸ਼ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਜੋਕੇ ਹਾਲਾਤ ਵਿੱਚ ਪੀੜਿਤ ਅਤੇ ਸ਼ੋਸ਼ਿਤ ਸਮਾਜਾਂ ਨੂੰ ਡਾ। ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਤੇ ਚੱਲਣ ਦੀ ਸਖਤ ਜਰੂਰਤ ਹੈ, ਨਹੀਂ ਤਾਂ ਬਚੇ ਖੁਚੇ ਸੰਵਿਧਾਨਕ ਅਧਿਕਾਰ ਵੀ ਪੂਰਨ ਤੌਰ ਤੇ ਖਤਰੇ ਵਿੱਚ ਪੈ ਸਕਦੇ ਹਨ। ਸ੍ਰੀ ਰਿੰਕੂ ਨੇ ਇਸ ਗੱਲ ਤੇ ਜੋਰ ਦਿੰਦਿਆਂ ਕਿਹਾ ਕਿ ਵਾਸਤਵ ਵਿੱਚ ਸੰਵਿਧਾਨ ਨੂੰ ਬਚਾਉਣਾ ਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੈ।

ਇਸ ਸ਼ਰਧਾਂਜਲੀ ਸਮਾਗਮ ਦੇ ਮੁੱਖ ਬੁਲਾਰੇ ਉੱਘੇ ਅੰਬੇਡਕਰੀ ਬੋਧੀ ਚਿੰਤਕ ਅਤੇ ਦਰਜਨਾਂ ਪੁਸਤਕਾਂ ਦੇ ਲੇਖਕ ਡਾ। ਸੁਰਿੰਦਰ ਅਜਨਾਤ ਨੇ ਸਮਾਜਿਕ ਬਰਾਬਰੀ ਅਤੇ ਨਿਆਂ ਲਈ ਬਾਬਾ ਸਾਹਿਬ ਵੱਲੋਂ ਕੀਤੇ ਅਣਥੱਕ ਤੇ ਨਿਰੰਤਰ ਸੰਘਰਸ਼ ਦੀ ਵਿਸਤਰਿਤ ਚਰਚਾ ਕਰਦਿਆਂ ਕਿਹਾ ਕਿ ਭਾਰਤੀ ਵਰਣ-ਵਿਵਸਥਾ ਦੇ ਅੰਤਰਗਤ ਜਾਤ-ਪਾਤੀ ਸਿਸਟਮ ਦੇ ਪ੍ਰਭਾਵ ਅਧੀਨ ਖੁਦ ਅਪਮਾਨ ਅਤੇ ਨਿਰਾਦਰੀ ਸਹਿ ਕੇ ਦੁਨੀਆ ਦੇ ਮਹਾਨ ਸਮਾਜਿਕ ਕ੍ਰਾਂਤੀਕਾਰੀ ਬਣੇ ਅਤੇ ਉਨਾਂ ਦੇ ਬੇਮਿਸਾਲ ਯਤਨਾਂ ਦੁਆਰਾ ਸਦੀਆਂ ਉਪਰੰਤ ਮਨੁੱਖੀ ਹੱਕਾਂ ਤੋਂ ਵੰਚਤ ਭਾਰਤੀ ਔਰਤ ਅਤੇ ਸ਼ੋਸ਼ਤ ਵਰਗ ਨੂੰ ਸੰਵਿਧਾਨ ਦੁਆਰਾ ਸੁਤੰਤਰਤਾ ਅਤੇ ਸਮਾਨਤਾ ਦੇ ਅਧਿਕਾਰ ਪ੍ਰਾਪਤ ਹੋਏ। ਉਨ੍ਹਾਂ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਨੂੰ ਅਮਲੀ ਤੌਰ ਤੇ ਆਪਣੇ ਜੀਵਨ ਵਿੱਚ ਧਾਰਨ ਕਰਨਾ ਅਤੇ ਉਨ੍ਹਾਂ ਵੱਲੋਂ ਸਥਾਪਿਤ ਆਦਰਸ਼ਾਂ ਤੇ ਚੱਲਣਾ ਹੀ ਸਹੀ ਅਰਥਾਂ ਵਿੱਚ ਉਹਨਾਂ ਨੂੰ ਯਾਦ ਕਰਨਾ ਹੈ।

ਯੂ.ਕੇ. ਤੋਂ ਆਏ ਵਿਸ਼ੇਸ਼ ਮਹਿਮਾਨ, ਫੈਡਰੇਸ਼ਨ ਆਫ ਅੰਬੇਡਕਰਾਈਟਸ ਐਂਡ ਬੁੱਧਿਸਟ ਔਰਗੇਨਾਈਜ਼ੇਸ਼ਨਜ਼ (ਫੈਬੋ) ਦੇ ਪ੍ਰਧਾਨ ਸ੍ਰੀ ਰਾਮਪਾਲ ਰਾਹੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਰੂੜ੍ਹੀਵਾਦੀ ਵਿਚਾਰਧਾਰਾ ਦੁਆਰਾ ਫੈਲਾਏ ਗਏ ਭਰਮ-ਜਾਲ, ਕਰਮਕਾਂਡ, ਵਹਿਮਾ-ਭਰਮਾ, ਪਖੰਡਾਂ ਅਤੇ ਅਡੰਬਰਾਂ ਨੂੰ ਤਿਆਗ ਕੇ ਬਾਬਾ ਸਾਹਿਬ ਦੀ ਸੋਚ ਮੁਤਾਬਕ ਵਿਗਿਆਨ ਅਤੇ ਤਰਕਸ਼ੀਲ ਸੋਚ ਦੇ ਧਾਰਨੀ ਬਣਨਾ ਚਾਹੀਦਾ ਹੈ।

ਰਾਹੀ ਜੀ ਨੇ ਮਰਹੂਮ ਸ੍ਰੀ ਐਲ ਆਰ ਬਾਲੀ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਅਗਵਾਈ ਹੇਠ ਪਿਛਲੇ ਲਗਭਗ ਛੇ ਦਹਾਕਿਆਂ ਤੋਂ ਬਾਬਾ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਸਾਰ ਲਈ ਅੰਬੇਡਕਰ ਭਵਨ ਟਰਸਟ ਵੱਲੋਂ ਪਾਏ ਗਏ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਆਪਣੇ ਵੱਲੋਂ ਅਤੇ ਸ੍ਰੀਮਤੀ ਨਿਰਮਲਾ ਚਾਹਲ ਸਪਤਨੀ ਮਰਹੂਮ ਸ੍ਰੀ ਚਾਨਣ ਚਾਹਲ ਵੱਲੋਂ ਟਰਸਟ ਨੂੰ 2 ਲੱਖ ਰੁਪਏ ਭੇਂਟ ਕਰਨ ਦਾ ਐਲਾਨ ਕੀਤਾ। ਸ਼ਰਧਾਂਜਲੀ ਸਮਾਗਮ ਤੋਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਦੇ ਉਪ ਪ੍ਰਧਾਨ ਡਾ. ਰਵੀਕਾਂਤ ਪਾਲ ਅਤੇ ਰੋਜ਼ਾਨਾ ਜਨਤਕ ਲਹਿਰ ਦੇ ਪ੍ਰਮੁੱਖ ਸਾਥੀ ਸ੍ਰੀ ਜਰਨੈਲ ਸਿੰਘ ਨੂੰ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਅੰਬੇਡਕਰ ਭਵਨ ਟਰਸਟ ਦੇ ਚੇਅਰਮੈਨ ਸ਼੍ਰੀ ਸੋਹਨ ਲਾਲ ਸੇਵਾਮੁਕਤ ਡੀਪੀਆਈ (ਕਾਲਜਾਂ) ਨੇ ਕੀਤੀ । ਇਸ ਮੌਕੇ ਤੇ ਸਰਬਸ਼੍ਰੀ ਮਦਨ ਲਾਲ ਬੈਂਕ ਮੈਨੇਜਰ (ਰਿਟਾ.), ਐਕਸੀਅਨ ਸ੍ਰੀ ਬੀ ਐਸ ਤੁਲੀ ਅਤੇ ਸ੍ਰੀ ਸੇਵਾ ਸਿੰਘ ਕਾਜਲਾ ਆਰਕੀਟੈਕਟ ਨੂੰ ਟਰਸਟ ਵੱਲੋਂ ਸਨਮਾਨਿਤ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿੱਚ ਡਾ. ਜੀ ਸੀ ਕੌਲ, ਸਰਬਸ੍ਰੀ ਬਲਦੇਵ ਰਾਜ ਭਾਰਦਵਾਜ, ਮੈਡਮ ਸੁਦੇਸ਼ ਕਲਿਆਣ, ਹਰਮੇਸ਼ ਜਸਲ, ਚਰਨ ਦਾਸ ਸੰਧੂ, ਡਾ. ਟੀ ਐਲ ਸਾਗਰ, ਜਸਵਿੰਦਰ ਵਰਿਆਣਾ, ਨਿਰਮਲ ਬਿੰਜੀ, ਪਸ਼ੌਰੀ ਲਾਲ ਸੰਧੂ, ਡਾ. ਮਹਿੰਦਰ ਸੰਧੂ, ਡਾ. ਕਮਲਸ਼ੀਲ ਬਾਲੀ, ਕਰਨਲ (ਰਿਟਾ.) ਡਾ। ਕਰਮ ਸਿੰਘ, ਅਨਿਲ ਮਹੇ ਡਿਪਟੀ ਡਾਰੈਕਟਰ (ਰਿਟਾ.), ਜਗਦੀਸ਼ ਡਾਲੀਆ, ਚੌਧਰੀ ਹਰੀ ਰਾਮ, ਸੂਰਜ ਪ੍ਰਕਾਸ਼ ਬਿਰਦੀ, ਪ੍ਰੋਫੈਸਰ ਬਲਬੀਰ, ਪ੍ਰੋਫੈਸਰ ਅਰਵਿੰਦਰ ਸਿੰਘ, ਯੂਐਸਏ ਤੋਂ ਐਡਵੋਕੇਟ ਸ਼ਸ਼ੀਕਾਂਤ ਪਾਲ, ਮਦਨ ਬੱਧਣ ਅਤੇ ਚਰਨਜੀਤ ਕੌਲ, ਮੁਲਖਰਾਜ, ਮਾਸਟਰ ਅਸ਼ਵਨੀ ਕੁਮਾਰ, ਸੋਹਣ ਲਾਲ ਕੌਲ, ਚਿਰੰਜੀ ਲਾਲ ਕੰਗਣੀਵਾਲ, ਪਰਮਜੀਤ ਕੁਮਾਰ, ਓਮ ਪ੍ਰਕਾਸ਼ ਬੈਂਕ ਮੈਨੇਜਰ, ਮਾਸਟਰ ਚਮਨ ਸਾਂਪਲਾ, ਐਡਵੋਕੇਟ ਹਰਭਜਨ ਸਾਂਪਲਾ, ਅਮਰੀਕ ਮਹੇ, ਹਰੀ ਸਿੰਘ ਥਿੰਦ, ਡਾ. ਮਦਨ ਲਾਲ, ਐਸ ਆਰ ਕੌਲ, ਕਮਲ ਕੁਮਾਰ ਬੈਂਕ ਮੈਨੇਜਰ, ਤਰਸੇਮ ਲਾਲ ਡਰੋਲੀ, ਮਲਕੀਤ ਸਿੰਘ ਬੈਂਕ ਮੈਨੇਜਰ, ਵਿਸ਼ਾਲ ਗੋਰਕਾ, ਹੁਕਮ ਸਿੰਘ ਉੱਪਲ, ਜੁਗਿੰਦਰ ਪਾਲ, ਨਰਿੰਦਰ ਲੇਖ, ਹਰਦਿਆਲ ਬੰਗੜ, ਗੁਰਦਿਆਲ ਜੱਸਲ, ਰਾਮਨਾਥ ਸੁੰਡਾ ਸਮੇਤ ਭਾਰੀ ਗਿਣਤੀ ਵਿਚ ਬਾਬਾ ਸਾਹਿਬ ਦੇ ਸ਼ਰਧਾਲੂ ਸ਼ਾਮਿਲ ਹੋਏ। ਇਹ ਜਾਣਕਾਰੀ ਅੰਬੇਡਕਰ ਭਵਨ ਟਰਸਟ (ਰਜਿ।) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

**IVACC ਦਾ ਸਲਾਨਾ ਸਮਾਰੋਹ ਸ਼ੁੱਕਰਵਾਰ ਦਸੰਬਰ 8, 2023 ਨੂੰ ਆਯੋਜਿਤ ਕੀਤਾ ਗਿਆ। ਸ਼ੋਅ ਸਾਰੇ ਦਾ ਸਾਰਾ ਸਪਾਂਸਰ ਹੋ ਗਿਆ ਸੀ। ਇਸ ਮੌਕੇ ਵੱਖ-ਵੱਖ ਭਾਈਚਾਰਿਆਂ ਨੇ ਸਮੂਲੀਅਤ ਕੀਤੀ। ਸਵਾਦਲੇ ਭੋਜਨ ਅਤੇ ਬਹੁਤ ਸਾਰੇ ਮਨੋਰੰਜਨ ਦੇ ਸਾਧਨਾਂ ਦੇ ਨਾਲ ਪ੍ਰੋਗਰਾਮ ਬਹੁਤ ਸਫਲ ਰਿਹਾ। ਪ੍ਰੋਗਰਾਮ ਦੀਆਂ ਵੱਖ-ਵੱਖ ਤਸਵੀਰਾਂ। ਪ੍ਰਬੰਧਕਾਂ ਵੱਲੋਂ ਆਯੋਜਕਾਂ, ਕਲਾਕਾਰਾਂ ਅਤੇ ਦਰਸ਼ਕਾਂ ਲਈ ਧੰਨਵਾਦ ਕੀਤਾ ਗਿਆ। – ਸੁਖਚੈਨ ਸਿੰਘ**























